ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

Vol 17 * Issue 217

Daily Newspaper Wednesday, November 14, 2018

Tel: 905-793-2202 Fax: 905-793-2282 news@punjabipost.ca



Fair Advice Financial | Carle Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6



MORTGAGE ALLIANCE
Get Pre-Qualified in Minutes*
Mortgagealliance.com/ParminderMangat
Parminder Mangat
Mortgage Agent | Lic#10530
647-285-9119
pmangat@mortgagealliance.com
*Conditions Apply
20 Maritime Blvd. Unit #11, Brampton, L6S0C2


## ਐਨਡੀਪੀ ਦੀ ਡਿਪਟੀ ਆਗੂ ਨੂੰ ਈਡੀਅਟ ਆਖਣ 'ਤੇ ਫੈਡੇਲੀ ਨੇ ਮੰਗੀ ਮੁਆਫੀ

ਓਨਟਾਰੀਓ, 13 ਨਵੰਬਰ (ਪੋਸਟ ਬਿਊਰੋ) : ਵਿੱਤ ਮੰਤਰੀ ਵਿੱਕ ਫੈਡੇਲੀ ਨੇ ਪਹਿਲਾਂ ਵਿਧਾਨਸਭਾ ਵਿੱਚ ਐਨਡੀਪੀ ਦੀ ਡਿਪਟੀ ਆਗੂ ਨੂੰ ਈਡੀਅਟ ਆਖਿਆ ਤੇ ਫਿਰ ਬਾਅਦ ਵਿੱਚ ਇਸ ਲਈ ਮੁਆਫੀ ਮੰਗੀ।





ਸਾਰਾ ਸਿੰਘ ਵੱਲੋਂ ਦੋ ਵਾਰੀ ਇਹ ਪੁੱਛੇ ਜਾਣ ਉੱਤੇ ਕਿ ਓਨਟਾਰੀਓ ਕੈਨਾਬਿਸ ਸਟੋਰ ਲਈ ਵੇਅਰਹਾਊਸ ਚਲਾਉਣ ਵਾਲੀ ਫਰਮ ਦੇ ਨਾਂ ਦਾ ਖੁਲਾਸਾ ਕੀਤਾ ਜਾਵੇ, ਫੈਡੇਲੀ ਨੇ ਆਖਿਆ ਕਿ ਸਾਡੇ ਵਿੱਚੋਂ ਕੁੱਝ ਪ੍ਰੋਵਿੰਸ਼ੀਅਲ ਪੱਧਰ ਉੱਤੇ, ਕੁੱਝ ਲੋਕਲ ਪੱਧਰ ਉੱਤੇ ਲੋਕਾਂ ਦੀ ਸੇਵਾ ਕਰ ਰਹੇ ਹਾਂ ਤੇ ਸਾਡੇ ਵਿੱਚੋਂ ਕਈਆਂ ਨੂੰ ਬਿਜ਼ਨਸ ਚਲਾਉਣ ਦਾ ਵੀ ਤਜਰਬਾ ਹੈ ਤੇ ਅਸੀਂ ਜਾਣਦੇ ਹਾਂ ਕਿ ਬਿਜ਼ਨਸ ਕਿਵੇਂ ਚੱਲਦਾ ਹੈ। ਉਨ੍ਹਾਂ ਅੱਗੇ ਚੋਭ ਮਾਰਦਿਆਂ ਆਖਿਆ ਕਿ ਹੁਣ ਇਹ ਵੀ ਪਤਾ ਲੱਗ ਗਿਆ ਹੈ ਕਿ ਐਨਡੀਪੀ ਨੂੰ ਇਹ ਸਮਝ ਨਹੀਂ ਆ ਰਹੀ ਕਿ ਬਿਜ਼ਨਸ ਕਿਸ ਤਰ੍ਹਾਂ ਚੱਲਦਾ ਹੈ। ਪਰ ਕਿਉਂਕਿ ਓਸੀਐਸ ਵੇਅਰਹਾਊਸ ਦੀ ਸਕਿਊਰਿਟੀ ਸਾਡੀ ਮੁੱਖ ਤਰਜੀਹ ਹੈ ਤੇ ਇਸ ਲਈ ਅਸੀਂ ਰੋਜ਼ਮੱਰਾ ਦੀ ਕਾਰਵਾਈ ਬਾਰੇ ਸਾਰੀ ਜਾਣਕਾਰੀ ਸਾਂਝੀ ਨਹੀਂ ਕਰ ਸਕਦੇ। ਅਜਿਹਾ ਆਖ ਕੇ ਫੈਡੇਲੀ ਨੇ ਅੱਗੇ ਆਖਿਆ ਕਿ ਬਿਜ਼ਨਸ ਇਸੇ ਤਰ੍ਹਾਂ ਹੀ ਕੰਮ ਕਰਦਾ ਹੈ, ਈਡੀਅਟ।

ਪ੍ਰਸ਼ਨ ਕਾਲ ਤੋਂ ਬਾਅਦ ਸਾਰਾ ਸਿੰਘ ਨੇ ਆਖਿਆ ਕਿ ਇਹ ਬਹੁਤ ਹੀ ਨਿਰਾਸ਼ ਕਰਨ ਵਾਲੀ ਗੱਲ ਹੈ ਕਿ ਕੈਬਨਿਟ ਮੰਤਰੀ ਨੇ ਉਨ੍ਹਾਂ ਦੇ ਸਵਾਲ ਨੂੰ ਰੋਲ ਦਿੱਤਾ ਤੇ ਉਲਟਾ ਉਨ੍ਹਾਂ ਦੀ ਹੀ ਬੇਇੱਜ਼ਤੀ ਵੀ ਕੀਤੀ। ਉਨ੍ਹਾਂ ਅੱਗੇ ਆਖਿਆ ਕਿ ਇਹ ਬਹੁਤ ਹੀ ਮਾੜਾ ਵਿਵਹਾਰ ਹੈ ਪਰ ਅਸੀਂ ਅਜਿਹੀਆਂ ਟਿੱਪਣੀਆਂ ਨਾਲ ਉਹ ਕੰਮ ਕਰਨਾ ਨਹੀਂ ਛੱਡ ਸਕਦੇ ਜਿਸ ਲਈ ਅਸੀਂ ਇੱਥੇ ਆਏ ਹਾਂ। ਬਰੈਂਪਟਨ ਸੈਂਟਰ ਤੋਂ ਐਮਪੀਪੀ ਨੇ ਆਖਿਆ ਕਿ ਇਸ ਤਰ੍ਹਾਂ ਨਿਜੀ ਹਮਲਾ ਕੀਤੇ ਜਾਣ ਤੋਂ ਉਹ ਕਾਫੀ ਨਿਰਾਸ਼ ਹਨ ਪਰ ਸਾਡਾ ਕੰਮ ਸਵਾਲ ਪੁੱਛਣਾ ਹੀ ਹੈ। ਉਨ੍ਹਾਂ ਆਖਿਆ ਕਿ ਜੇ ਉਨ੍ਹਾਂ ਦੀ ਬੇਇੱਜ਼ਤੀ ਕਰਨ ਦੀ ਥਾਂ ਵਿੱਤ ਮੰਤਰੀ ਵੱਲੋਂ ਉਨ੍ਹਾਂ ਦੇ ਸਵਾਲ ਦਾ ਜਵਾਬ ਦਿੱਤਾ ਜਾਂਦਾ ਤਾਂ ਬਿਹਤਰ ਹੁੰਦਾ।

ਬਾਅਦ ਵਿੱਚ ਫੈਡੇਲੀ ਨੇ ਵਿਧਾਨਸਭਾ ਵਿੱਚ ਆਖਿਆ ਕਿ ਉਹ ਆਪਣੇ ਵੱਲੋਂ ਬੋਲੇ ਗਏ ਅਲਫਾਜ਼ ਉੱਤੇ ਸ਼ਰਮਿੰਦਾ ਹਨ ਤੇ ਮੁਆਫੀ ਚਾਹੁੰਦੇ ਹਨ। ਇਸ ਉੱਤੇ ਸਪੀਕਰ ਟੈੱਡ ਆਰਨੌਟ ਨੇ ਹਾਊਸ ਪ੍ਰਤੀ ਸਨਮਾਨ ਵਿਖਾਉਣ ਲਈ ਫੈਡੇਲੀ ਦਾ ਧੰਨਵਾਦ ਕੀਤਾ। ਇੱਥੇ ਦੱਸਣਾ ਬਣਦਾ ਹੈ ਕਿ ਫੈਡੇਲੀ ਨੇ ਨਿਜੀ ਤੌਰ ਉੱਤੇ ਸਾਰਾ ਸਿੰਘ ਤੋਂ ਮੁਆਫੀ ਨਹੀਂ ਮੰਗੀ।

## ਲੇਬਰ ਸੁਧਾਰਾਂ ਨੂੰ ਰੱਦ ਕਰਨ ਸਦਕਾ ਘੱਟ ਰਹੀ ਹੈ ਫੋਰਡ ਦੀ ਮਕਬੂਲੀਅਤ !

ਓਨਟਾਰੀਓ, 13 ਨਵੰਬਰ (ਪੋਸਟ ਬਿਊਰੋ) : ਪੇਡ ਸਿੱਕ ਡੇਅਜ਼ ਤੇ ਘੱਟ ਤੋਂ ਘੱਟ ਉਜਰਤਾਂ 14 ਡਾਲਰ ਪ੍ਰਤੀ ਘੰਟਾ ਉੱਤੇ ਕਾਇਮ ਰੱਖਣ ਸਮੇਤ ਹੋਰਨਾਂ ਲੇਬਰ ਸੁਧਾਰਾਂ ਬਾਰੇ ਫੈਸਲੇ ਨੂੰ ਬਦਲੀ ਜਾਣ ਕਾਰਨ ਪ੍ਰੀਮੀਅਰ ਡੱਗ ਫੋਰਡ ਦੀ ਮਕਬੂਲੀਅਤ ਘੱਟ ਰਹੀ ਹੈ। ਇਸ ਦਾ ਖੁਲਾਸਾ ਨਵੇਂ ਪੋਲ ਨਤੀਜਿਆਂ ਤੋਂ ਹੋਇਆ।




ਦ ਕੈਂਪੇਨ ਰਿਸਰਚ ਸਰਵੇਅ ਵਿੱਚ ਪਾਇਆ ਗਿਆ ਕਿ ਫੋਰਡ ਦੀ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ, ਜਿਸ ਨੇ 7 ਜੂਨ ਨੂੰ ਹੋਈਆਂ ਚੋਣਾਂ 40.5 ਫੀ ਸਦੀ ਵੋਟਾਂ ਨਾਲ ਜਿੱਤੀਆਂ ਸਨ, ਦੀ ਮਕਬੂਲੀਅਤ ਘੱਟ ਕੇ 34 ਫੀ ਸਦੀ ਰਹਿ ਗਈ ਹੈ। ਅੰਤਰਿਮ ਆਗੂ ਜੌਹਨ ਫਰੇਜ਼ਰ ਦੀ ਅਗਵਾਈ ਵਾਲੀ ਲਿਬਰਲ ਪਾਰਟੀ ਨੂੰ ਇਸ ਸਰਵੇਖਣ ਵਿੱਚ 32 ਫੀ ਸਦੀ, ਐਂਡਰੀਆ ਹੌਰਵਥ ਦੇ ਨਿਊ ਡੈਮੋਕ੍ਰੈਟਸ ਨੂੰ 25 ਫੀ ਸਦੀ ਤੇ ਮਾਈਕ ਸ਼ਰੇਨਰ ਦੀ ਗ੍ਰੀਨ ਪਾਰਟੀ ਨੂੰ 7 ਫੀ ਸਦੀ ਵੋਟਾਂ ਹਾਸਲ ਹੋਈਆਂ। ਪਿਛਲੀ ਬਹਾਰ ਵਿੱਚ ਸਾਬਕਾ ਪ੍ਰੀਮੀਅਰ ਕੈਥਲੀਨ ਵਿੰਨ ਦੀ ਅਗਵਾਈ ਵਿੱਚ ਲਿਬਰਲਾਂ ਨੂੰ 19.6 ਫੀ ਸਦੀ ਵੋਟਾਂ ਹਾਸਲ ਹੋਈਆਂ ਸਨ ਜਦਕਿ ਐਂਡਰੀਆ ਹੌਰਵਥ ਦੀ ਅਗਵਾਈ ਵਿੱਚ ਐਨਡੀਪੀ 33.6 ਫੀ ਸਦੀ ਵੋਟਾਂ ਨਾਲ ਦੂਜੇ ਸਥਾਨ ਉੱਤੇ ਸੀ ਤੇ ਗ੍ਰੀਨ ਪਾਰਟੀ ਨੂੰ 4.6 ਫੀ ਸਦੀ ਵੋਟਾਂ ਮਿਲੀਆਂ ਸਨ।

ਕੈਂਪੇਨ ਰਿਸਰਚ ਦੇ ਸੀਈਓ ਐਲੀ ਯੂਫੈਸਟ ਨੇ ਮੰਗਲਵਾਰ ਨੂੰ ਆਖਿਆ ਕਿ ਇੰਜ ਲੱਗ ਰਿਹਾ ਹੈ ਕਿ ਫੋਰਡ ਸਰਕਾਰ ਦਾ ਅਸਲ ਚਿਹਰਾ ਲੋਕਾਂ ਸਾਹਮਣੇ ਆਉਣ ਲੱਗਿਆ ਹੈ। ਇਸ ਤੋਂ ਇਲਾਵਾ ਕੈਥਲੀਨ ਵਿੰਨ ਦੀਆਂ ਯਾਦਾਂ ਧੁੰਦਲਾ ਜਾਣ ਕਾਰਨ ਲਿਬਰਲ ਇੱਕ ਵਾਰੀ ਫਿਰ ਆਪਣੀ ਮਜ਼ਬੂਤ ਸਥਿਤੀ ਵਿੱਚ ਆਉਣ ਲੱਗੇ ਹਨ। ਉਨ੍ਹਾਂ ਆਖਿਆ ਕਿ ਵੋਟਰ ਲਿਬਰਲਾਂ ਨੂੰ ਇੱਕ ਸੁਨੇਹਾ ਦੇਣਾ ਚਾਹੁੰਦੇ ਸਨ ਤੇ ਉਨ੍ਹਾਂ ਅਜਿਹਾ ਕਰ ਵਿਖਾਇਆ। ਉਨ੍ਹਾਂ ਆਖਿਆ ਕਿ ਵਿੰਨ ਦੀ ਘੱਟ ਸਮਝ ਨੇ ਹੀ ਕੰਮ ਵਾਲੀ ਥਾਂ ਉੱਤੇ ਵਰਕਰਾਂ ਦੀ ਹਿਫਾਜ਼ਤ ਤੇ ਵੱਧ ਤੋਂ ਵੱਧ ਮਿਨੀਮਮ ਭੱਤਿਆਂ ਵਰਗੀਆਂ ਲਿਬਰਲ ਪੇਸ਼ਕਦਮੀਆਂ ਦੇ ਬਾਵਜੂਦ ਲਿਬਰਲਾਂ ਦਾ ਬੇੜਾ ਡੁਬਾਇਆ।

ਫੋਰਡ ਨੂੰ ਤਬਦੀਲੀਆਂ ਲਿਆਉਣ ਤੋਂ ਪਹਿਲਾਂ ਲੋਕਾਂ ਨੂੰ ਇਹ ਸਮਝਾਉਣਾ ਚਾਹੀਦਾ ਹੈ ਕਿ ਇਨ੍ਹਾਂ ਮਾਪਦੰਡਾਂ ਤੋਂ ਛੁਟਕਾਰਾ ਪਾਇਆ ਜਾਣਾ ਕਾਰੋਬਾਰਾਂ ਤੇ ਕਾਮਿਆਂ ਲਈ ਕਿਸ ਤਰ੍ਹਾਂ ਚੰਗਾ ਹੈ ਪਰ ਉਨ੍ਹਾਂ ਅਜਿਹਾ ਕੁੱਝ ਨਹੀਂ ਕੀਤਾ। ਇਸੇ ਲਈ 77 ਫੀ ਸਦੀ ਓਨਟਾਰੀਓ ਵਾਸੀ ਦੋ ਪੇਡ ਸਿੱਕ ਡੇਅਜ਼ ਖਤਮ ਕਰਨ ਦੇ ਫੋਰਡ ਦੇ ਫੈਸਲੇ ਦੇ ਖਿਲਾਫ ਹਨ ਜਦਕਿ 17 ਫੀ ਸਦੀ ਇਸ ਦੇ ਪੱਖ ਵਿੱਚ ਵੀ ਹਨ ਤੇ 6 ਫੀ ਸਦੀ ਇਸ ਸਬੰਧ ਵਿੱਚ ਸਪਸ਼ਟ ਨਹੀਂ ਹਨ। ਪਹਿਲੀ ਜਨਵਰੀ ਤੋਂ ਘੱਟ ਤੋਂ ਘੱਟ ਉਜਰਤਾਂ 15 ਡਾਲਰ ਪ੍ਰਤੀ ਘੰਟਾ ਕੀਤੇ ਜਾਣ ਦੇ ਸਾਬਕਾ ਲਿਬਰਲ ਸਰਕਾਰ ਦੇ ਫੈਸਲੇ ਉੱਤੇ ਫੋਰਡ ਸਰਕਾਰ ਵੱਲੋਂ ਰੋਕ ਲਾਏ ਜਾਣ ਦਾ ਇਸ ਸਰਵੇਖਣ ਵਿੱਚ ਹਿੱਸਾ ਲੈਣ ਵਾਲੇ 52 ਫੀ ਸਦੀ ਲੋਕਾਂ ਵੱਲੋਂ ਵਿਰੋਧ ਕੀਤਾ ਗਿਆ ਹੈ। ਫੋਰਡ ਸਰਕਾਰ ਅਨੁਸਾਰ ਹੁਣ ਇਹ ਉਜਰਤਾਂ ਅਕਤੂਬਰ 2020 ਤੱਕ 14 ਡਾਲਰ ਪ੍ਰਤੀ ਘੰਟਾ ਹੀ ਰਹਿਣਗੀਆਂ। ਇਸ ਫੈਸਲੇ ਨੂੰ 42 ਫੀ ਸਦੀ ਵੋਟਰਾਂ ਵੱਲੋਂ ਸਮਰਥਨ ਦਿੱਤਾ ਗਿਆ ਤੇ 6 ਫੀ ਸਦੀ ਲੋਕ ਇਸ ਬਾਬਤ ਸਪਸ਼ਟ ਰਾਇ ਨਹੀਂ ਰੱਖਦੇ।

## ਕਾਰੋਬਾਰੀ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਟਰੂਡੋ ਏਸ਼ੀਆ ਪਹੁੰਚੇ

ਸਿੰਗਾਪੁਰ, 13 ਨਵੰਬਰ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਆਸੀਆਨ ਸਿਖਰ ਵਾਰਤਾ ਵਿੱਚ ਹਿੱਸਾ ਲੈਣ ਲਈ ਸਿੰਗਾਪੁਰ ਪਹੁੰਚ ਚੁੱਕੇ ਹਨ। ਟਰੂਡੋ ਇਸ ਆਸ ਨਾਲ ਉੱਥੇ ਗਏ ਹਨ ਕਿ ਜਦੋਂ ਤੱਕ ਉਹ ਇਸ ਵਾਰਤਾ ਵਿੱਚ ਹਿੱਸਾ ਲੈ ਕੇ ਕੈਨੇਡਾ ਪਰਤਣਗੇ ਉਦੋਂ ਤੱਕ 10 ਮੇਜਰ ਸਪਲਾਇਰ ਤੇ ਗਾਹਕਾਂ ਦੇ 10 ਮੁਲਕਾਂ ਦੇ ਬਲਾਕ ਨਾਲ ਉਨ੍ਹਾਂ ਦਾ ਮੁਕਤ ਵਪਾਰ ਸਮਝੌਤਾ ਸਿਰੇ ਚੜ੍ਹ ਚੁੱਕਿਆ ਹੋਵੇਗਾ।



ਐਸੋਸਿਏਸ਼ਨ ਆਫ ਸਾਊਥਈਸਟ ਏਸ਼ੀਅਨ ਨੇਸ਼ਨਜ਼ ਦੇ ਕਈ ਮੈਂਬਰ ਦੇ ਗਾਹਕਾਂ ਦੀ ਗਿਣਤੀ ਲਗਾਤਾਰ ਵੱਧਦੀ ਜਾ ਰਹੀ ਹੈ ਤੇ ਬਾਕੀ ਦੁਨੀਆਂ ਨਾਲੋਂ ਇਨ੍ਹਾਂ ਦੀ ਅਬਾਦੀ ਵੀ ਜ਼ਿਆਦਾ ਹੈ। ਆਸੀਆਨ ਮੁਲਕਾਂ ਜਿਨ੍ਹਾਂ ਵਿੱਚ ਫਿਲੀਪੀਨਜ਼, ਇੰਡੋਨੇਸ਼ੀਆ, ਬਰੂਨੇਈ, ਸਿੰਗਾਪੁਰ, ਮਲੇਸ਼ੀਆ, ਥਾਈਲੈਂਡ, ਵਿਅਤਨਾਮ, ਲਾਓਸ, ਕੰਬੋਡੀਆ ਤੇ ਬਰਮਾ ਸ਼ਾਮਲ ਹਨ,

...ਬਾਕੀ ਪੰਨਾ 6 'ਤੇ

## ਸਖ਼ਤ ਮੁਕਾਬਲੇ ਵਿੱਚ ਕਿਰਸਟੀਨਾ ਨੇ ਮੈਕਸੈਲੀ ਨੂੰ ਦਿੱਤੀ ਸ਼ਿਕਸਤ

ਐਰੀਜ਼ੋਨਾ, 13 ਨਵੰਬਰ (ਪੋਸਟ ਬਿਊਰੋ) : ਡੈਮੋਕ੍ਰੈਟ ਕਿਰਸਟੀਨਾ ਸਿਨੇਮਾ ਨੂੰ ਐਰੀਜ਼ੋਨਾ ਵਿੱਚ ਅਮਰੀਕੀ ਸੈਨੇਟ ਚੋਣਾਂ ਵਿੱਚ ਰਿਪਬਲਿਕਨ ਮਾਰਥਾ ਮੈਕਸੈਲੀ ਨੂੰ ਹਰਾਉਣ ਲਈ ਕਾਫੀ ਸਖ਼ਤ ਮੁਕਾਬਲਾ ਕਰਨਾ ਪਿਆ। ਇਸ ਸਟੇਟ ਵਿੱਚ ਪਿਛਲੇ 30 ਸਾਲਾਂ ਵਿੱਚ ਕਦੇ ਵੀ ਡੈਮੋਕ੍ਰੈਟਿਕ ਸੈਨੇਟਰ ਨਹੀਂ ਸੀ ਚੁਣਿਆ ਗਿਆ।



ਐਰੀਜ਼ੋਨਾ ਦੇ ਨਤੀਜੇ ਦੇ ਬਾਵਜੂਦ, ਰਿਪਬਲਿਕਨ 100 ਮੈਂਬਰੀ ਸੈਨੇਟ ਦਾ ਨਿਯੰਤਰਣ ਆਪਣੇ ਕੋਲ ਹੀ ਰੱਖਣਗੇ। ਡੈਮੋਕ੍ਰੈਟਸ ਵੱਲੋਂ ਜਿੱਤੀਆਂ ਗਈਆਂ 47 ਸੀਟਾਂ ਦੇ ਮੁਕਾਬਲੇ ਰਿਪਬਲਿਕਨਾਂ ਨੇ 51 ਸੀਟਾਂ ਜਿੱਤੀਆਂ ਹਨ। ਫਲੋਰਿਡਾ ਤੇ ਮਿਸੀਸਿਪੀ ਦੇ ਨਤੀਜੇ ਆਉਣੇ ਅਜੇ ਵੀ ਬਾਕੀ ਹਨ। ਅਮਰੀਕੀ ਨੁਮਾਇੰਦਾ ਤੇ ਸਾਬਕਾ ਸਮਾਜ ਸੇਵਕ 42 ਸਾਲਾ ਸਿਨੇਮਾ ਐਰੀਜ਼ੋਨਾ ਦੀ ਪਹਿਲੀ ਮਹਿਲਾ ਸੈਨੇਟਰ ਬਣੀ ਹੈ।

...ਬਾਕੀ ਪੰਨਾ 6 'ਤੇ


ਕੀ ਤੁਸੀ ਕਾਕਰੋਚ, ਚੂਹੇ, ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ੍ਹ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਓ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ !
Toronto Pest Arrest
Pest Control Services
Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
*Insured & Licensed

JOSHI LAW OFFICE
Barrister, Solicitor & Notary Public
E-mail : info@joshilawoffice.com
❖ Immigration
❖ Real Estate / Commercial Law
❖ Affidavit / Power of Attorney
416-213-8600
Rakesh M. Joshi B.A., LL.B.
6921 Steels Ave. W. Unit 11, Etobicoke, ON

INSURANCE
HOME · AUTO · BUSINESS · TRUCKING · R.E.S.P · COMMERCIAL
CONNEX Insurance Brokers Ltd
Tel: 647-206-2452
Sukhwinder K Singh
7050A Bramalea Rd, Unit # 13, Mississauga, ON L5S 1T1

AUTO & HOME INSURANCE
☑ Super visa Insurance
☑ Life & Disability
☑ Critical illness
☑ RESP
☑ Visitor & Travel insurance
Manwinder Mangat
416-845-1352
1332 Khalsa Dr, Unit # 11, Mississauga | Aaxel Insurance Brokers Ltd.

HELPING YOUR PLAN TODAY......FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma
Open Saturday
Providing excellent quality legal services to our clients

GOEL TRAVEL
Low Rates
Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
905.796.7500
900 Raylawson Blvd. Unit # 6, Brampton

INSURANCE
Life / Disability / Critical Illness
Super Visa / Visitor / Travel /
RRSP / RESP /
SHEVINDER SIDHU Insurance Advisor
416-557-8080
shevindersidhu@gmail.com
10-7003 Steeles Ave. West, Etobicoke

FREE Examination
Help!
ਬਵਾਸੀਰ ਤੋਂ ਛੁਟਕਾਰਾ ਪਾਓ
Effective Treatments: Anal Eczema, Colities, Neurodermatitis, Eczema, Chloasma, Psoriasis, Herpes, Rosacea, Vitiligo, Acne & other common diseases
HEMORRHOIDS FISTULAS FISSURES
Company Insurance Accepted
NAITCM Applying Zhang's Herbal Formulas & Technics
N.A.I. TCM TREATMENT CENTRE
905 812 7778 www.naitcm.com
6655 Kitimat Rd. Suite 13, Mississauga, ON. L5N 6J4

Best Insurance Rates
Auto · Home · Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth R.I.B.O
Aaxel Insurance Brokers Ltd.
Address: 1550 South Gateway Rd. Suite 220 Mississauga, ON L4W 5G6

ਕੀ ਤੁਸੀ ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੌ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE PEST CONTROL SERVICES
ਅੱਜ ਹੀ ਕਾਲ ਕਰੋ
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator
647.990.3205

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

CN Forklift Training Center
Counterbalance All Types · Walkie pallet Low Lift · Electric Motor Narrow Aisle Reach · Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

ARISTO PEST CONTROL
RESIDENTIAL COMMERCIAL INDUSTRIAL
Expert in Bedbug & Cockroach Removal
100% removal of all pests written Guarantee
Protect yourself & your family from the Pests
Ants, Bees, Bed Bugs, Beetles, Racoons,Cockroaches, Centipedes, Flea, Hornets,Squirrel, Rats & Mice, Silverfish, Spiders
Sanket (Govt Licensed Exterminator)
647-339-3926
UNMARKED VEHICLE AVAILABLE
Email: aristopest@gmail.com
www.aristopestcontrol.com

Canada Consumer Credit Assistance
ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

• SUPER VISA INSURANCE
• VISITOR VISA INSURANCE
• TRAVEL INSURANCE
• STUDENT INSURANCE
• NEW IMMIGRANT 90 DAYS MED. INSURANCE
Punjab Insurance Inc
www.punjabinsurance.ca
Sherjang Singh Rana 416-910-9000 rana@punjabinsurance.ca
10-7003 Steeles Ave West, Etobicoke, ON M9W 0A2
Harpreet Rana 416-871-3571 harpreetrana@punjabinsurance.ca

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

Royal Pest Control
Residential Commercial Industrial
Specialist in Bedbugs Service
All Pest Control :
• Mouse & Rats • Spiders & Fleas • Bedbugs • Wasps
• Cockroaches • Carpenter Ants • Silver Fish • Racoons
Call : PARESH PATEL (Government Approved Licensed Technician)
416 938 4598

KELLEY LAW OFFICE
AREA OF PRACTICE
• Immigration • Real Estate
• Family Law • Business Closing
• Corporate • Wills & Estate
• Power of Attorney/Affidavit / Attestations
SHINDER KELLEY Barrister, Solicitor & Notary Public
PH. : 905-362-0755
www.kelleylawoffice.ca
1200 Derry Road East Unit #15, Mississauga, ON L5T 0B3
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟਾਰਨੀ, ਹਾਲਫਨਾਮੇ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ।

# ASIAN FOOD CENTRE



SERVING FROM 10 LOCATIONS
IN ALL THE GTA AREA:

1. 621 Wanless drive unit 122 Brampton ON L7A 0A9 ............ 905-495-3336
2. 80 Pertosa Drive Brampton ON L5X-5E9 ............ 905-460-0009
3. 2120 North park drive Brampton ON L6S 0C9 ............ 905-793-1338
4. 284 Orenda Road #13 Brampton ON L6T 5S3 ............ 905-450-9167
5. 10 Westmore Drive Etobicoke ON M9V-3Z7 ............ 416-740-3262
6. 1075 Ceremonial Drive Mississauga ON L5R-2Z4............ 905-502-1600
7. 308 Eddystone Ave North York ON M3N-1H7 ............ 416-740-3360
8. 10510 Torbram Road, Brampton ............ 905-790-0030
9. 10 Pannahill Dr, Brampton ............ 905 913-8017
10. 21 Lacoste Blvd, Brampton, ON L6P 2K2 ............ 905 794-8109



chatr MOBILE

LIMITED TIME OFFER

6GB OF DATA
FOR ONLY
$45/MO.

NO OVERAGE CHARGES IN-ZONE

LET'S GET GOING
CHATRMOBILE.COM

VISIT OUR LOCATION TODAY!

379 MAIN ST. N., BRAMPTON, (905) 451-0379 | 2456 LAKE SHORE BLVD W., (416) 259-3654

chatr AUTHORIZED DEALER

Offer available to new and existing pre-paid customers signing up for the auto-pay plan above and to existing auto-pay customers on the plan above who upgrade to the auto-pay bonus (data bonus will be valid from the next anniversary date). Limited time offer. Subject to change without notice. Once you reach your 3G speed data allotment, your data speed will be reduced until your next anniversary date. Taxes extra. © 2018

## ਅੱਜ ਨਾਮਾ

ਤੋਤਾ ਸਿੰਘ ਦਾ ਚਰਚਾ ਸੀ ਬੜਾ ਹੋਇਆ,
ਅੰਤਲੀ ਘੜੀ ਸੀ ਆਸ ਗਈ ਟੁੱਟ ਭਾਈ।
ਮਸਾਂ-ਮਸਾਂ ਮਨਾਇਆ ਸੀ ਗਿਆ ਮੱਕੜ,
ਮਤਲਬ ਕੱਢ ਕੇ ਦਿੱਤਾ ਫਿਰ ਸੁੱਟ ਭਾਈ।
ਅਲਵਿੰਦਰਪਾਲ ਦੇ ਸਿਰੇ ਨਾ ਚੜ੍ਹੇ ਸੁਫਨੇ,
ਲੌਂਗੋਵਾਲ ਗਿਆ ਗੁੱਡੀ ਫਿਰ ਲੁੱਟ ਭਾਈ।
ਰੁੱਸਿਆ ਢੀਂਡਸਾ ਤਾਂ ਰਸਤਾ ਰੋਕਣੇ ਲਈ,
ਅੜਿੱਕੇ ਲਾਉਣ ਲਈ ਬਣੇਗਾ ਗੁੱਟ ਭਾਈ।
ਅਦਾਰਾ ਧਰਮ ਦਾ, ਧਰਮ ਦੀ ਗੱਲ ਹੈ ਨਾ,
ਘੁੰਮਦੀ ਧਾੜ ਫਿਰਦੀ ਚੇਲੇ-ਚਾਂਟਿਆਂ ਦੀ।
ਭਲੇ ਬੰਦੇ ਦੀ ਟਕੇ ਦੀ ਕਦਰ ਕੋਈ ਨਹੀਂ,
ਪੈ ਰਹੀ ਕਦਰ ਹੈ ਜੀ ਬੰਦੇ ਕਾਂਟਿਆਂ ਦੀ।

**ਤੀਸ ਮਾਰ ਖਾਂ**

# ਗੋਬਿੰਦ ਸਿੰਘ ਲੌਂਗੋਵਾਲ ਫਿਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਣਾਏ

### * ਮਾਈਕ ਖੋਹੇ ਜਾਣ ਪਿੱਛੋਂ ਕਿਰਨਜੋਤ ਕੌਰ ਵੱਲੋਂ ਵਾਕਆਊਟ * ਭੌਰ ਵੱਲੋਂ ਬਾਈਕਾਟ, ਬੈਂਸ ਸਮੇਤ ਕਈਆਂ ਦਾ ਵਾਕਆਊਟ



ਅੰਮ੍ਰਿਤਸਰ, 13 ਨਵੰਬਰ, (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅੱਜ ਹੋਏ ਜਨਰਲ ਅਜਲਾਸ ਨੇ ਗੋਬਿੰਦ ਸਿੰਘ ਲੌਂਗੋਵਾਲ ਨੂੰ ਬਿਨਾਂ ਵਿਰੋਧ ਤੋਂ ਫਿਰ ਇਕ ਸਾਲ ਵਾਸਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਚੁਣ ਲਿਆ ਹੈ। ਇਸ ਮੌਕੇ ਵਿਰੋਧੀ ਧਿਰ ਨੇ ਬਹੁ-ਗਿਣਤੀ ਮੈਂਬਰਾਂ ਉੱਤੇ 'ਪੰਥ ਪ੍ਰਸਤ' ਹੋਣ ਦੀ ਥਾਂ 'ਬਾਦਲ ਪ੍ਰਸਤ' ਹੋਣ ਦਾ ਦੋਸ਼ ਲਾਉਂਦੇ ਹੋਏ ਅਜਲਾਸ ਵਿਚ ਨਾ ਜਾਣ ਦਾ ਫੈਸਲਾ ਕੀਤਾ। ਅਕਾਲੀ ਦਲ ਨਾਲ ਸਬੰਧ ਰੱਖਦੀ ਮੈਂਬਰ ਬੀਬੀ ਕਿਰਨਜੋਤ ਕੌਰ ਨੇ ਵੀ ਉਸ ਨਾਲ ਹੋਏ ਦੁਰ-ਵਿਹਾਰ ਦੇ ਰੋਸ ਵਜੋਂ ਵਾਕ ਆਊਟ ਕੀਤਾ ਤੇ ਦੋ ਹੋਰ ਮੈਂਬਰਾਂ ਬਲਵਿੰਦਰ ਸਿੰਘ ਬੈਂਸ ਤੇ ਮਹਿੰਦਰ ਸਿੰਘ ਹੁਸੈਨਪੁਰ ਨੇ ਵੀ ਸੁਣਵਾਈ ਨਾ ਹੋਣ ਦੇ ਦੋਸ਼ ਹੇਠ ਅਜਲਾਸ ਤੋਂ ਵਾਕ ਆਊਟ ਕਰ ਦਿੱਤਾ।

ਅੱਜ ਏਥੇ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਸ਼੍ਰੋਮਣੀ ਕਮੇਟੀ ਦੇ ਜਨਰਲ ਅਜਲਾਸ ਨੇ 15 ਕੁ ਮਿੰਟ ਦੀ ਕਾਰਵਾਈ ਵਿਚ ਬਿਨਾਂ ਕਿਸੇ ਵਿਰੋਧ ਤੋਂ ਪ੍ਰਧਾਨ, ਸੀਨੀਅਰ ਮੀਤ ਪ੍ਰਧਾਨ, ਮੀਤ ਪ੍ਰਧਾਨ, ਜਨਰਲ ਸਕੱਤਰ ਅਤੇ ਅੰਤ੍ਰਿੰਗ ਕਮੇਟੀ ਦੇ 11 ਮੈਂਬਰਾਂ ਦੀ ਚੋਣ ਕਰ ਲਈ। ਸਾਰਾ ਕੰਮ ਇਕ ਘੰਟੇ ਵਿਚ ਨਿਪਟ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਤੇ ਪੰਜ ਸਿੰਘ ਸਾਹਿਬਾਨ ਦੀ ਹਾਜ਼ਰੀ ਵਿਚ ਹੋਏ ਅਜਲਾਸ ਨੇ ਗੋਬਿੰਦ ਸਿੰਘ ਲੌਂਗੋਵਾਲ ਨੂੰ ਫਿਰ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਚੁਣ ਲਿਆ ਹੈ। ਉਨ੍ਹਾਂ ਨਾਲ ਸੀਨੀਅਰ ਮੀਤ ਪ੍ਰਧਾਨ ਰਘੁਜੀਤ ਸਿੰਘ ਵਿਰਕ, ਜੂਨੀਅਰ ਮੀਤ ਪ੍ਰਧਾਨ ਬਿੱਕਰ ਸਿੰਘ ਚੰਨੋ ਅਤੇ ਜਨਰਲ ਸਕੱਤਰ ਗੁਰਬਚਨ ਸਿੰਘ ਕਰਮੂੰਵਾਲ ਚੁਣੇ ਗਏ ਹਨ। ਅੰਤ੍ਰਿੰਗ ਕਮੇਟੀ ਵਾਲੇ 11 ਮੈਂਬਰਾਂ ਵਿਚ ਬਾਬਾ ਗੁਰਮੀਤ ਸਿੰਘ ਤਿਰਲੋਕੇਵਾਲਾ, ਮਨਜੀਤ ਸਿੰਘ, ਅਮਰੀਕ ਸਿੰਘ ਵਿਛੋਆ, ਖੁਸ਼ਵਿੰਦਰ ਸਿੰਘ ਭਾਟੀਆ, ਸ਼ਿੰਗਾਰਾ ਸਿੰਘ ਲੋਹੀਆਂ, ਜਰਨੈਲ ਸਿੰਘ ਕਰਤਾਰਪੁਰ, ਤਾਰਾ ਸਿੰਘ ਸੱਲਾ, ਭੁਪਿੰਦਰ ਸਿੰਘ ਭਲਵਾਨ, ਅਮਰੀਕ ਸਿੰਘ ਕੋਟ ਸ਼ਮੀਰ, ਬੀਬੀ ਜਸਵੀਰ ਕੌਰ ਜਫਰਵਾਲ ਅਤੇ ਜਗਜੀਤ ਸਿੰਘ ਤਲਵੰਡੀ ਨੂੰ ਚੁਣਿਆ ਗਿਆ ਹੈ।

ਇੱਕ ਵਾਰ ਹੋਰ ਪ੍ਰਧਾਨ ਚੁਣੇ ਜਾਣ ਦੇ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਇਸ ਸਾਲ ਗੁਰੂ ਨਾਨਕ ਦੇਵ ਜੀ ਦਾ 550 ਸਾਲਾ ਪ੍ਰਕਾਸ਼ ਪੁਰਬ ਵੱਡੇ ਪੱਧਰ ਉਤੇ ਤੇ ਇਕਜੁੱਟ ਹੋ ਕੇ ਮਨਾਉਣ ਨੂੰ ਪਹਿਲ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਉਹ ਪੰਜਾਬ ਸਰਕਾਰ ਅਤੇ ਸਿੱਖ ਸੰਗਠਨਾਂ ਨੂੰ ਅਪੀਲ ਕਰਨਗੇ ਕਿ ਸ਼੍ਰੋਮਣੀ ਕਮੇਟੀ ਦੀ ਅਗਵਾਈ ਹੇਠ ਇਹ ਗੁਰਪੁਰਬ ਇਕੋ ਮੰਚ ਤੋਂ ਮਨਾਇਆ ਜਾਵੇ। ਉਨ੍ਹਾਂ ਨੇ ਪਾਕਿਸਤਾਨ ਵਿਚਲੇ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਲਾਂਘੇ ਨੂੰ ਸੰਗਤ ਵਾਸਤੇ ਖੋਲ੍ਹਣ ਲਈ ਪਾਕਿਸਤਾਨ ਅਤੇ ਭਾਰਤ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ ਕਿ ਇਹ ਕੇਸ ਕੇਂਦਰੀ ਕਮੇਟੀ ਮੀਟਿੰਗ ਮੌਕੇ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਕੋਲ ਰੱਖਿਆ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਜਲਦੀ ਹੀ ਇਕ ਵਫਦ ਪਾਕਿਸਤਾਨ ਭੇਜ ਕੇ ਪਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸਰਕਾਰ ਨਾਲ ਗੱਲ ਕਰ ਕੇ ਪਾਕਿਸਤਾਨ ਵਿਚ ਮਨਾਏ ਜਾਣ ਵਾਲੇ ਪ੍ਰੋਗਰਾਮ ਮਿਲ ਕੇ ਮਨਾਉਣ ਦੇ ਯਤਨ ਕਰੇਗੀ। ਬਰਗਾੜੀ ਵਿੱਚ ਚੱਲਦੇ ਮੋਰਚੇ ਬਾਰੇ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਸਦਨ ਨੇ ਬਰਗਾੜੀ ਤੇ ਬੇਅਦਬੀ ਘਟਨਾਵਾਂ ਦੀ ਨਿੰਦਾ ਕੀਤੀ ਹੈ ਤੇ ਦੋਸ਼ੀਆਂ ਨੂੰ ਸਜ਼ਾਵਾਂ ਮਿਲਣੀਆਂ ਚਾਹੀਦੀਆਂ ਹਨ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਦੱਸਿਆ ਕਿ ਅੱਜ ਦੇ ਜਨਰਲ ਅਜਲਾਸ ਵਿਚ ਕੁਲ 153 ਮੈਂਬਰ ਹਾਜ਼ਰ ਸਨ।

ਇਸ ਤੋਂ ਪਹਿਲਾਂ ਵਿਰੋਧੀ ਧਿਰ ਦੇ ਲਗਪਗ 15 ਮੈਂਬਰ ਸਵੇਰੇ ਸੁਖਦੇਵ ਸਿੰਘ ਭੌਰ ਦੀ ਅਗਵਾਈ ਹੇਠ ਪੁੱਜੇ, ਪਰ ਉਨ੍ਹਾਂ ਨੇ ਮੀਟਿੰਗ ਕਰ ਕੇ ਅਜਲਾਸ ਵਿਚ ਨਾ ਜਾਣ ਦਾ ਫੈਸਲਾ ਕੀਤਾ। ਭੌਰ ਨੇ ਕਿਹਾ ਕਿ ਬਹੁ ਗਿਣਤੀ ਮੈਂਬਰ ਪੰਥ ਪ੍ਰਸਤ ਹੋਣ ਦੀ ਥਾਂ 'ਬਾਦਲ ਪ੍ਰਸਤ' ਹਨ, ਇਸ ਲਈ ਅਜਲਾਸ ਵਿਚ ਉਨ੍ਹਾਂ ਦੀ ਸੁਣਵਾਈ ਨਹੀਂ ਹੁੰਦੀ। ਇਸ ਹਾਲਤ ਵਿਚ ਚੋਣ ਅਜਲਾਸ ਵਿਚ ਜਾਣ ਦਾ ਲਾਭ ਨਹੀਂ। ਉਨ੍ਹਾਂ ਕਿਹਾ ਕਿ ਪਿਛਲੀ ਵਾਰ ਅਜਲਾਸ ਵਿਚ ਵਿਰੋਧੀ ਧਿਰ ਨੇ ਆਪਣੀ ਹੋਂਦ ਦਿਖਾ ਕੇ ਉਮੀਦਵਾਰ ਖੜ੍ਹੇ ਕੀਤੇ ਸਨ, ਫਿਰ ਵੀ ਬਹੁ ਗਿਣਤੀ ਮੈਂਬਰਾਂ ਦੀ ਸੋਚ ਉਹੋ ਰਹੀ। ਸ਼੍ਰੋਮਣੀ ਕਮੇਟੀ ਮੈਂਬਰ ਬਲਵਿੰਦਰ ਸਿੰਘ ਬੈਂਸ ਨੇ ਮੰਗ ਕੀਤੀ ਸੀ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਬਾਰੇ ਅਜਲਾਸ ਦੇ ਸ਼ੁਰੂ ਵਿਚ ਨਿੰਦਾ ਮਤਾ ਪਾਸ ਕੀਤਾ ਜਾਵੇ। ਫਿਰ ਉਹ ਇਹ ਦੋਸ਼ ਲਾ ਕੇ ਵਾਕ ਆਊਟ ਕਰ ਗਏ ਕਿ ਉਨ੍ਹਾਂ ਦੀ ਗੱਲ ਨਹੀਂ ਸੁਣੀ ਗਈ। ਉਨ੍ਹਾਂ ਨਾਲ ਇਕ ਹੋਰ ਮੈਂਬਰ ਮਹਿੰਦਰ ਸਿੰਘ ਹੁਸੈਨਪੁਰ ਵੀ ਸਨ।

ਅਜਲਾਸ ਦੌਰਾਨ ਬਾਦਲ ਅਕਾਲੀ ਦਲ ਦੀ ਮੈਂਬਰ ਬੀਬੀ ਕਿਰਨਜੋਤ ਕੌਰ ਜਦੋਂ ਸੰਬੋਧਨ ਕਰਨ ਲੱਗੀ ਤਾਂ ਆਪਣੀ ਗੱਲ ਕਹਿਣ ਤੋਂ ਪਹਿਲਾਂ ਹੀ ਉਨ੍ਹਾਂ ਤੋਂ ਮਾਈਕ ਖੋਹ ਲਿਆ ਤੇ ਬੰਦ ਕਰ ਦਿੱਤਾ ਗਿਆ। ਉਨ੍ਹਾਂ ਨੂੰ ਗੱਲ ਕਰਨ ਲਈ ਮੌਕਾ ਹੀ ਨਹੀਂ ਦਿੱਤਾ ਗਿਆ ਤੇ ਅਜਲਾਸ ਸਮਾਪਤੀ ਲਈ ਪਾਠ ਸ਼ੁਰੂ ਕਰ ਦਿੱਤਾ ਗਿਆ। ਇਸ ਮੌਕੇ ਰੋਸ ਵਜੋਂ ਉਹ ਅਜਲਾਸ ਤੋਂ ਵਾਕ ਆਊਟ ਕਰ ਗਏ। ਇਹ ਘਟਨਾ ਉਦੋਂ ਵਾਪਰੀ, ਜਦੋਂ ਅਜਲਾਸ ਦੀ ਸਮਾਪਤੀ ਵੇਲੇ ਉਹ ਆਪਣੀ ਗੱਲ ਰੱਖਣ ਨੂੰ ਖੜੇ ਹੋਏ। ਉਨ੍ਹਾਂ ਮਾਈਕ 'ਤੇ ਸਿੱਖ ਇਤਿਹਾਸਕਾਰ ਡਾ. ਕਿਰਪਾਲ ਸਿੰਘ ਵਿਰੁੱਧ ਸ਼੍ਰੋਮਣੀ ਕਮੇਟੀ ਦੇ ਫੈਸਲੇ ਦੀ ਆਲੋਚਨਾ ਕੀਤੀ ਤਾਂ ਉਨ੍ਹਾਂ ਨੂੰ ਬੋਲਣਾ ਬੰਦ ਕਰਨ ਨੂੰ ਕਿਹਾ ਗਿਆ। ਕੋਲ ਖੜੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਤੇ ਹੋਰ ਮੈਂਬਰਾਂ ਨੇ ਉਸ ਨੂੰ ਭਾਸ਼ਣ ਬੰਦ ਕਰਨ ਨੂੰ ਕਿਹਾ, ਇਕ ਮੈਂਬਰ ਨੇ ਉਨ੍ਹਾਂ ਤੋਂ ਮਾਈਕ ਖੋਹਿਆ ਅਤੇ ਮਾਈਕ ਬੰਦ ਕਰ ਦਿੱਤਾ ਗਿਆ। ਉਹ ਕੁਝ ਦੇਰ ਬੋਲ ਕੇ ਫਿਰ ਵਾਕ ਆਊਟ ਕਰਕੇ ਬਾਹਰ ਆ ਗਏ। ਬੀਬੀ ਕਿਰਨਜੋਤ ਕੌਰ ਨੇ ਕਿਹਾ ਕਿ ਉਹ ਸਿੱਖਾਂ ਦੇ ਮੁੱਦੇ ਪੇਸ਼ ਕਰਨਾ ਤੇ ਡਾ. ਕਿਰਪਾਲ ਸਿੰਘ ਨੂੰ ਹਟਾਉਣ ਦਾ ਫੈਸਲਾ ਮੁੜ ਵਿਚਾਰਨ ਲਈ ਕਹਿਣਾ ਚਾਹੁੰਦੇ ਸਨ। ਵਰਨਣ ਯੋਗ ਹੈ ਕਿ ਕਿਰਨਜੋਤ ਕੌਰ ਸਿੱਖ ਪੰਥ ਦੇ ਮਰਹੂਮ ਆਗੂ ਮਾਸਟਰ ਤਾਰਾ ਸਿੰਘ ਦੀ ਦੋਹਤੀ ਤੇ ਸਤਿਕਾਰਤ ਆਗੂ ਹਨ। ਅੱਜ ਦੇ ਅਜਲਾਸ ਮੌਕੇ ਵੀ ਲਿਫਾਫਾ ਕਲਚਰ ਭਾਰੂ ਰਿਹਾ। ਅਜਲਾਸ ਤੋਂ ਕੁਝ ਮਿੰਟ ਪਹਿਲਾਂ ਅਹੁਦੇਦਾਰਾਂ ਦੇ ਨਾਵਾਂ ਦੀ ਸੂਚੀ ਬੀਬੀ ਜਗੀਰ ਕੌਰ ਨੂੰ ਸੌਂਪੀ ਗਈ, ਜਿਨ੍ਹਾਂ ਨੇ ਅਜਲਾਸ ਦੌਰਾਨ ਵੱਖ ਵੱਖ ਮੈਂਬਰਾਂ ਕੋਲੋਂ ਅਹੁਦੇਦਾਰਾਂ ਦੇ ਨਾਵਾਂ ਦੀ ਪੇਸ਼ਕਸ਼ ਅਤੇ ਤਾਈਦ ਮਜੀਦ ਕਰਵਾਈ।

## ਭਾਜਪਾ ਦੇ ਚੋਣ ਮੈਨੀਫੈਸਟੋ ਵਿੱਚ ਯੋਗ ਤੇ ਸੰਸਕ੍ਰਿਤ ਯੂਨੀਵਰਸਿਟੀ ਵੀ ਸ਼ਾਮਲ

ਹੈਦਰਾਬਾਦ, 13 ਨਵੰਬਰ (ਪੋਸਟ ਬਿਊਰੋ)- ਭਾਜਪਾ ਨੇ ਤਿਲੰਗਾਨਾ ਅਸੈਂਬਲੀ ਚੋਣਾਂ ਲਈ ਬਣਾਏ ਚੋਣ ਮੈਨੀਫੈਸਟੋ ਵਿੱਚ ਸਕੂਲਾਂ ਅਤੇ ਕਾਲਜਾਂ ਵਿੱਚ ਯੋਗ ਦੀ ਤਜਵੀਜ਼ ਸਮੇਤ ਰਾਜ ਵਿੱਚ ਸੰਸਕ੍ਰਿਤ ਯੂਨੀਵਰਸਿਟੀ ਅਤੇ ਆਈ ਟੀ ਸੈਕਟਰ ਦੇ ਮੁਲਾਜ਼ਮਾਂ ਦੀ ਭਲਾਈ ਲਈ ਬੋਰਡ ਸਥਾਪਤ ਕਰਨ ਜਿਹੇ ਚੋਣ ਵਾਅਦੇ ਕੀਤੇ ਹਨ।

ਵਰਨਣ ਯੋਗ ਹੈ ਕਿ ਤਿਲੰਗਾਨਾ ਵਿੱਚ ਵੋਟਾਂ ਸੱਤ ਦਸੰਬਰ ਨੂੰ ਪੈਣੀਆਂ ਹਨ। ਓਥੋਂ ਦੀ ਭੰਗ ਕੀਤੀ 119 ਮੈਂਬਰੀ ਅਸੈਂਬਲੀ ਵਿੱਚ ਭਾਜਪਾ ਦੇ ਪੰਜ ਵਿਧਾਇਕ ਸਨ ਤੇ ਪਾਰਟੀ ਨੂੰ ਆਸ ਹੈ ਕਿ ਇਨ੍ਹਾਂ ਸੂਬਾਈ ਚੋਣਾਂ 'ਚ ਉਹਦੀ ਤਾਕਤ ਹੋਰ ਵਧੇਗੀ। ਚੋਣ ਕਮਿਸ਼ਨ ਨੇ ਤਿਲੰਗਾਨਾ ਵਿਧਾਨ ਸਭਾ ਦੀ ਚੋਣ ਲਈ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ। ਚੋਣ ਮੈਨੀਫੈਸਟੋ 'ਚ ਉਪਰੋਕਤ ਚੋਣ ਵਾਇਦਿਆਂ ਤੋਂ ਇਲਾਵਾ ਸ਼ਰਾਬ ਦੀ ਵਿਕਰੀ ਅਤੇ ਖਪਤ 'ਤੇ ਕੰਟਰੋਲ, ਸ਼ਬਰੀਮਾਲਾ ਸਮੇਤ ਕਈ ਧਾਰਮਿਕ ਅਸਥਾਨਾਂ ਦੀ ਮੁਫਤ ਯਾਤਰਾ ਅਤੇ ਹਰ ਸਾਲ ਇਕ ਲੱਖ ਗਊਆਂ ਵੰਡਣ ਦਾ ਦਾਅਵਾ ਕੀਤਾ ਗਿਆ ਹੈ। ਭਾਜਪਾ ਦੀ ਚੋਣ ਮੈਨੀਫੈਸਟੋ ਕਮੇਟੀ ਦੇ ਚੇਅਰਮੈਨ ਐਨ ਵੀ ਐਸ ਐਸ ਪ੍ਰਭਾਕਰ ਨੇ ਕਿਹਾ, 'ਸਕੂਲਾਂ ਤੇ ਕਾਲਜਾਂ ਵਿੱਚ ਯੋਗ ਦੀ ਸ਼ੁਰੂਆਤ ਨੂੰ ਹਿੰਦੂਤਵ ਨਾਲ ਨਾ ਜੋੜਿਆ ਜਾਵੇ। ਯੋਗ ਸਿਹਤ ਲਈ ਕਾਫੀ ਚੰਗਾ ਹੈ।' ਉਨ੍ਹਾਂ ਕਿਹਾ ਕਿ ਪਾਰਟੀ ਜਲਦੀ ਹੀ ਰਸਮੀ ਤੌਰ 'ਤੇ ਆਪਣਾ ਚੋਣ ਮੈਨੀਫੈਸਟੋ ਰਿਲੀਜ਼ ਕਰੇਗੀ।

## ਫੋਰਡ ਸਰਕਾਰ ਵੱਲੋਂ ਬਣਾਏ ਨਵੇਂ ਨਿਯਮ ਕਾਰਨ ਲਿਬਰਲਾਂ ਤੋਂ ਆਫੀਸ਼ੀਅਲ ਪਾਰਟੀ ਦਾ ਦਰਜਾ ਖੁੱਸਿਆ



ਓਨਟਾਰੀਓ, 13 ਨਵੰਬਰ (ਪੋਸਟ ਬਿਊਰੋ) : ਪ੍ਰੀਮੀਅਰ ਡੱਗ ਫੋਰਡ ਦੀ ਸਰਕਾਰ ਵੱਲੋਂ ਆਫੀਸ਼ੀਅਲ ਪਾਰਟੀ ਦਾ ਦਰਜਾ ਹਾਸਲ ਕਰਨ ਲਈ ਐਮਪੀਪੀਜ਼ ਦੀ ਗਿਣਤੀ 8 ਤੋਂ ਵਧਾ ਕੇ 12 ਕੀਤੇ ਜਾਣ ਨਾਲ ਲਿਬਰਲ ਪਾਰਟੀ ਇਸ ਮੌਕੇ ਤੋਂ ਮੁੜ ਵਾਂਝੀ ਰਹਿ ਜਾਵੇਗੀ।

ਇਸ ਸਬੰਧ ਵਿੱਚ ਨਵੇਂ ਮਾਪਦੰਡਾਂ ਦਾ ਖੁਲਾਸਾ ਵੀਰਵਾਰ ਨੂੰ ਵਿੱਤ ਮੰਤਰੀ ਵਿੱਕ ਫੈਡੇਲੀ ਵੱਲੋਂ ਜਾਰੀ ਕੀਤੇ ਜਾਣ ਵਾਲੇ ਬਿਆਨ ਵਿੱਚ ਕੀਤਾ ਜਾਵੇਗਾ। ਜ਼ਿਕਰਯੋਗ ਹੈ ਕਿ ਅੰਤਰਿਮ ਲਿਬਰਲ ਆਗੂ ਜੌਹਨ ਫਰੇਜ਼ਰ, ਜਿਨ੍ਹਾਂ ਦੀ ਪਾਰਟੀ ਕੈਥਲੀਨ ਵਿੰਨ ਦੀ ਅਗਵਾਈ ਵਿੱਚ ਜੂਨ ਵਿੱਚ ਹੋਈਆਂ ਚੋਣਾਂ ਵਿੱਚ ਸੱਤ ਸੀਟਾਂ ਤੱਕ ਹੀ ਸਿਮਟ ਗਈ, ਵੱਲੋਂ ਪ੍ਰੋਗਰੈਸਿਵ ਕੰਜ਼ਰਵੇਟਿਵ ਸਰਕਾਰ ਉੱਤੇ ਆਫੀਸੀਅਲ ਪਾਰਟੀ ਦਾ ਦਰਜਾ ਹਾਸਲ ਕਰਨ ਲਈ ਪਾਏ ਜਾਣ ਵਾਲੇ ਦਬਾਅ ਕਾਰਨ ਹੀ ਫੋਰਡ ਸਰਕਾਰ ਵੱਲੋਂ ਇਹ ਫੈਸਲਾ ਲਿਆ ਗਿਆ ਹੈ। ਫਰੇਜ਼ਰ ਚਾਹੁੰਦੇ ਸਨ ਕਿ 1.1 ਮਿਲੀਅਨ ਵੋਟਰਾਂ ਵੱਲੋਂ ਲਿਬਰਲ ਉਮੀਦਵਾਰਾਂ ਨੂੰ ਹਾਸਲ ਹੋਣ ਵਾਲੇ 19 ਫੀ ਸਦੀ ਸਮਰਥਨ ਬਦਲੇ ਉਨ੍ਹਾਂ ਨੂੰ ਇਹ ਦਰਜਾ ਦਿੱਤਾ ਜਾਵੇ।

ਪਰ ਸਰਕਾਰੀ ਹਾਊਸ ਲੀਡਰ ਟੌਡ ਸਮਿੱਥ ਨੇ ਆਖਿਆ ਕਿ ਸੀਟਾਂ ਵਿੱਚ ਕੀਤਾ ਗਿਆ ਵਾਧਾ ਇਸ ਲਈ ਵੀ ਜਾਇਜ਼ ਹੈ ਕਿਉਂਕਿ ਜੂਨ ਵਿੱਚ ਹੋਈਆਂ ਚੋਣਾਂ ਤੋਂ ਬਾਅਦ ਵਿਧਾਨਸਭਾ ਦਾ 124 ਸੀਟਾਂ ਨਾਲ ਪਸਾਰ ਹੋ ਗਿਆ ਹੈ ਤੇ ਅਜਿਹਾ ਨਵੇਂ ਹਲਕੇ ਸ਼ਾਮਲ ਕੀਤੇ ਜਾਣ ਕਾਰਨ ਹੋਇਆ ਹੈ। ਦੂਜੇ ਪਾਸੇ ਆਲੋਚਕਾਂ ਦਾ ਕਹਿਣਾ ਹੈ ਕਿ ਪ੍ਰੋਗਰੈਸਿਵ ਕੰਜ਼ਰਵੇਟਿਵ ਹੁਣ ਜਾਣਬੁੱਝ ਕੇ ਨਿਯਮ ਬਦਲ ਰਹੇ ਹਨ ਤਾਂ ਕਿ ਕੋਈ ਦੂਜੀ ਧਿਰ ਮੁੜ ਸਮਰਥਨ ਹਾਸਲ ਕਰਨ ਲਈ ਪੱਕੇ ਪੈਰੀਂ ਨਾ ਹੋ ਸਕੇ।


COLUMBUS TRUCK WASH
Open 7 Days
A/Z Drivers Needed
For Local Work (Busy All 7 Days a Week)
6771 COLUMBUS RD, UNIT #12
MISSISSAUGA ON (Near Dixie Gurughar)
905-672-1635

A1 HERBAL Ayurvedic Clinic
ਡਿਸਕ, ਮੋਚ, ਚੁੱਕ, ਧਰਨ, ਰੀਹ
● ਗਰਦਨ ਦਰਦ ● ਸਿਰਦਰਦ ● ਕਮਰ ਦਰਦ
● ਡਿਸਕ ਦਾ ਦਰਦ ● ਤੁਰਨ ਵੇਲੇ ਲੱਤਾਂ ਵਿੱਚ ਦਰਦ
● ਗੋਡਿਆਂ ਵਿੱਚ ਦਰਦ ਜਾਂ ਸੋਜ ● ਪੱਸਲੀਆਂ ਦਾ ਦਰਦ
● ਅੱਡੀਆਂ ਦਾ ਦਰਦ ● ਉੱਠ ਬੈਠ ਨਾ ਸਕਣਾ
ਗੱਠੀਆ ਦਾ ਪੱਕਾ ਹਰਬਲ ਇਲਾਜ
ਅਸੀਂ ਆਯੁਰਵੇਦਿਕ ਥੈਰਪੀ ਵੀ ਕਰਦੇ ਹਾਂ
ਜਿਵੇਂ ਸ਼ਿਰੋਧਾਰਾ, ਨੱਸਿਆ, ਨੇਤਰਵਸਤੀ
ਅਸੀਂ ਥੈਰਪੀ ਵਾਸਤੇ ਹਰ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
Herbalist G. Rubal RNCP
ਇੱਕ ਵਾਰ ਸੇਵਾ ਦਾ ਮੌਕਾ ਜਰੂਰ ਦਿਓ
www.A1HERBAL.ca
Ph# 905-874-3333
351 Parkhurst Sq, unit 11, Brampton ON L6T 0C2
Across from 747 Flea Market (Airport Rd & Steels Ave.)
Custom Orthotics ਲੈ ਸਕਦੇ ਹੋ

REXDALE FINANCIAL SERVICES
WE HELP YOU START, GROW AND SUCCEED
Call now 416-674-8035
Tired pf Paying High Interest ?
PAY OFF YOUR DEBITS
BANKS SAY NO? WE SAY YES !
Increase Your Cash Flow by Upto 50%
YOU NEED A MORTGAGE ? WE'LL ARRANGE IT FOR YOU NO MATTER WHAT YOUR REASON IS !
Take advantage of the low mortgage rates that are being offered & save thousand of dollars
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
BEHIND ON YOUR MORTGAGE PAYMENTS ?
SHOPPING FOR A BETTER INTEREST RATE?
MORTGAGES SUITABLE FOR EVERY NEED !
1st, 2nd and 3rd Mortgages Available !
ALL IN ONE LOW MONTHLY PAYMENT !
NO CREDIT ANY CREDIT
Do You Want To?
• Pay Off All Your Credit Cards/Loans At Once
• Consolidate Your 1st & 2nd Mortgages
• Finance Those Renovations That Your Family Always Wants
• Renew Your Mortgage For Lower Rates
SELF-EMPLOYED OR UN-EMPLOYED
Some Conditions Apply
Om Mehta # M08006224 416-791-8193
Jaspal Singh Gahunia # M08006400 416-677-0047
The Mortgage Centre
19 Woodbine Downs Blvd., Unit 201, Etobicoke, ON M9W 6N5

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ ਫੈਟੀ ਲਿਵਰ
ਹੈਪਾਟਾਇਟਸ A, B &C ਪੀਲੀਆ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼
Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Self Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ।
ਅਡੀਆਂ ਦੀਆਂ ਹਡੀਆਂ ਵੱਧ ਜਾਣਾ ਅਤੇ ਦਰਦ ਦਾ ਪਕਾ ਇਲਾਜ
ਆਪਣੀ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ
ਫੇਸ ਤੇ ਫਿੰਸੀਆਂ, ਫੌੜੀਆ ਤੇ ਔਰਤਾਂ ਦੀਆਂ ਯੂਟਰਸ ਦੀਆਂ ਰਸੌਲੀਆਂ ਜ਼ਿੱਦੀ ਸ਼ਾਈਆਂ ਵਰਗੀ ਬਿਮਾਰੀ ਤੋਂ ਛੁਟਕਾਰਾ ਪਾਓ।
ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ, ਆਰਟਰੀ ਦੀ ਬਲੋਕੇਜ, ਮਹਾਵਾਰੀ ਤੇ ਬਾਇਪਾਸ ਸਰਜਰੀ ਤੋ ਬਚਾਉ ਦਾ ਪਕਾ ਇਲਾਜ।
ਬਚਿਆਂ ਤੇ ਵਡਿਆਂ ਦੀ ਪਿਸ਼ਾਬ ਸੰਬੰਧੀ ਬਿਮਾਰੀਆਂ ਦਾ ਵੀ ਇਲਾਜ
ਬਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਆਦਿ ਲਈ ਸੰਪਕਰ ਕਰੋ
ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ।
ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ। No side effects.
ਸੀਜ਼ਨਲ ਅਤੇ ਹਰ ਤਰ੍ਹਾਂ ਦੀ ਐਲਰਜੀ
ਅਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋਂ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ।
ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593
NO SIDE EFFECTS

UK Truck Training Centre
Ministry Approved Private Carrier College
○ Automatic & Manual Trucks
● 1 on 1 Training
○ Forklift Training
Forklift $79 Recertification
Counterbalance
Reach Truck
"We Provide Training For Forklift & Trucks"
17 ਸਾਲਾਂ ਦਾ ਤਜ਼ਰਬਾ | ਸਤੇ ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Kuldip Singh Grewal 647.894.8590
7542 Bath Rd, Mississauga, ON L4T 1L2
Off:905.673.7979

SherGill Law Firm
Barrister, Solicitor & Notary Public
Services:
● Real Estate
● Residential, Commercial, Franchise
● Criminal Law
● Family Law
● Affidavit, Power Of Attorney & Notarization
● Immigration Matters
Paramjit Singh Gill (MBA,LL.B.)
Phone : 905-790-3636
LAW
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

# ਸ਼੍ਰੋਮਣੀ ਕਮੇਟੀ ਨੇ ਵਿਵਾਦਤ ਪੁਸਤਕਾਂ ਛਾਪਣ ਦੀ ਭੁੱਲ ਬਾਰੇ ਸਿੱਖ ਪੰਥ ਤੋਂ ਖਿਮਾ ਮੰਗੀ

ਅੰਮ੍ਰਿਤਸਰ, 13 ਨਵੰਬਰ, (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਅਜਲਾਸ ਨੇ ਅੱਜ ਮਤਾ ਪਾਸ ਕਰਕੇ ਸ਼੍ਰੋਮਣੀ ਕਮੇਟੀ ਵੱਲੋਂ ਬੀਤੇ ਸਮੇਂ ਵਿਚ ਛਾਪੀਆਂ ਕਿਤਾਬਾਂ, ਜਿਹੜੀਆਂ ਵਿਵਾਦ ਦਾ ਮੁੱਦਾ ਬਣੀਆਂ ਹਨ, ਬਾਰੇ ਸਿੱਖ ਪੰਥ ਤੋਂ ਖਿਮਾ ਮੰਗੀ ਹੈ। ਅਜਲਾਸ ਨੇ ਵਿਦਵਾਨਾਂ ਦੀ ਕਮੇਟੀ ਬਣਾਉਣ ਲਈ ਅੰਤ੍ਰਿੰਗ ਕਮੇਟੀ ਨੂੰ ਆਦੇਸ਼ ਦਿੱਤਾ ਹੈ ਤਾਂ ਜੋ ਭਵਿੱਖ ਵਿਚ ਅਜਿਹੀਆਂ ਗ਼ਲਤੀਆਂ ਹੋਣ ਨੂੰ ਰੋਕਿਆ ਜਾ ਸਕੇ।

ਇਸ ਬਾਰੇ ਇਕ ਮਤਾ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਜਨਰਲ ਅਜਲਾਸ ਵਿਚ ਰੱਖਿਆ, ਜਿਸ ਨੂੰ ਮੈਂਬਰਾਂ ਨੇ ਪ੍ਰਵਾਨ ਕਰ ਲਿਆ। ਇਸੇ ਦੌਰਾਨ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਬਾਰ੍ਹਵੀਂ ਜਮਾਤ ਦੇ ਸਿਲੇਬਸ ਵਿਚ ਗੁਰ-ਇਤਿਹਾਸ ਨਾਲ ਛੇੜਛਾੜ ਦੀ ਨਿੰਦਾ ਕੀਤੀ ਗਈ ਅਤੇ ਮੁੱਖ ਮੰਤਰੀ ਨੂੰ ਸਿੱਖ ਜਗਤ ਤੋਂ ਮੁਆਫ਼ ਮੰਗਣ, ਸਿੱਖਿਆ ਮੰਤਰੀ ਨੂੰ ਬਰਖ਼ਾਸਤ ਕਰਨ ਤੇ ਉਸ ਉੱਤੇ ਕੇਸ ਦਰਜ ਕਰਨ ਦੀ ਮੰਗ ਕੀਤੀ ਗਈ ਹੈ। ਇਸ ਤੋਂ ਇਲਾਵਾ ਉਨ੍ਹਾਂ ਵਿਦਵਾਨਾਂ ਤੇ ਲੇਖਕਾਂ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਗਈ ਹੈ, ਜਿਨ੍ਹਾਂ ਇਤਿਹਾਸ ਨਾਲ ਛੇੜਛਾੜ ਕੀਤੀ ਹੈ। ਇਕ ਮਤੇ ਰਾਹੀਂ ਪਾਕਿਸਤਾਨ ਸਰਕਾਰ ਤੋਂ ਮੰਗ ਕੀਤੀ ਗਈ ਕਿ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਸਮੇਂ ਪਾਕਿਸਤਾਨ ਦੇ ਗੁਰਧਾਮਾਂ ਦੀ ਯਾਤਰਾ ਲਈ ਵੱਧ ਵੀਜ਼ੇ ਤੇ ਗੁਰਦੁਆਰਾ ਕਰਤਾਰਪੁਰ ਦੇ ਦਰਸ਼ਨਾਂ ਨੂੰ ਲਾਂਘਾ ਦਿੱਤਾ ਜਾਵੇ। ਇਕ ਮਤੇ ਰਾਹੀਂ ਬੇਅਦਬੀ ਘਟਨਾਵਾਂ ਦੀ ਨਿੰਦਾ ਕਰ ਕੇ ਸੂਬਾ ਤੇ ਕੇਂਦਰ ਸਰਕਾਰ ਤੋਂ ਸਖ਼ਤ ਕਾਰਵਾਈ ਦੀ ਮੰਗ ਕੀਤੀ ਗਈ ਤੇ ਮੰਦਭਾਗੀਆਂ ਘਟਨਾਵਾਂ ਰੋਕਣ ਲਈ ਭਵਿੱਖ ਵਿਚ ਅਜਿਹੀ ਘਟਨਾ ਵਾਪਰਨ ਉਤੇ ਸਬੰਧਤ ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਦੇ ਅਹੁਦੇਦਾਰ ਤੇ ਗ੍ਰੰਥੀ ਨੂੰ ਜ਼ਿੰਮੇਵਾਰ ਮੰਨਣ ਦਾ ਫ਼ੈਸਲਾ ਕੀਤਾ ਗਿਆ। ਅਜਲਾਸ ਨੇ ਟਾਡਾ ਤੇ ਹੋਰ ਕਾਨੂੰਨਾਂ ਹੇਠ ਕੈਦ ਸਿੱਖਾਂ ਦੀ ਰਿਹਾਈ, ਹਰਿਮੰਦਰ ਸਾਹਿਬ ਨੂੰ ਆਉਂਦੇ ਰਸਤੇ ਖੁੱਲ੍ਹੇ ਕਰਕੇ ਵਿਰਾਸਤੀ ਦਿੱਖ ਦੇਣ ਦੀ ਮੰਗ ਤੇ ਅਪਰੇਸ਼ਨ ਬਲਿਊ ਸਟਾਰ ਦੀ ਨਿਖੇਧੀ ਕਰ ਕੇ ਰੈਫਰੈਂਸ ਲਾਇਬ੍ਰੇਰੀ ਦਾ ਖ਼ਜ਼ਾਨਾ ਵਾਪਸ ਕਰਨ ਤੇ ਨਵੰਬਰ 1984 ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੀ ਮੰਗ, ਸਿੱਖਾਂ ਨੂੰ ਧਾਰਮਿਕ ਚਿੰਨ੍ਹਾਂ ਲਈ ਪੇਸ਼ ਆਉਂਦੀਆਂ ਮੁਸ਼ਕਲਾਂ ਹੱਲ ਕਰਨ ਲਈ ਕਦਮ ਚੁੱਕਣ ਦੀ ਮੰਗ, ਫਿਲਮਾਂ, ਨਾਟਕਾਂ ਅਤੇ ਟੀ ਵੀ ਸੀਰੀਅਲਾਂ ਵਿਚ ਸਿੱਖ ਕਿਰਦਾਰਾਂ ਨੂੰ ਮਜ਼ਾਕੀਆ ਰੂਪ ਵਿਚ ਪੇਸ਼ ਕਰਨ ਤੋਂ ਰੋਕਣ ਲਈ ਸੈਂਸਰ ਬੋਰਡ ਵਿਚ ਸਿੱਖ ਨੁਮਾਇੰਦਾ ਸ਼ਾਮਲ ਕਰਨ ਦੀ ਮੰਗ ਕੀਤੀ ਗਈ ਹੈ।

# ਸੱਚਾ ਸੌਦਾ ਦੇ ਤਿੰਨ ਡੇਰਾ ਪ੍ਰੇਮੀਆਂ ਨੇ ਬੇਅਦਬੀ ਦਾ ਪਾਪ ਅਦਾਲਤ ਵਿੱਚ ਵੀ ਕਬੂਲ ਕਰ ਲਿਆ

ਮੋਗਾ, 13 ਨਵੰਬਰ, (ਪੋਸਟ ਬਿਊਰੋ)- ਇਸ ਜ਼ਿਲੇ ਦੇ ਪਿੰਡ ਮੱਲਕੇ ਵਿਚ ਤਿੰਨ ਸਾਲ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਦੇ ਕੇਸ ਵਿੱਚ ਅੱਜ ਬਾਘਾ ਪੁਰਾਣਾ ਜੁਡੀਸ਼ਲ ਮੈਜਿਸਟਰੇਟ ਦੀ ਅਦਾਲਤ ਵਿੱਚ ਡੇਰਾ ਸਿਰਸਾ ਦੀ ਰਾਜ ਪੱਧਰੀ 45 ਮੈਂਬਰੀ ਕਮੇਟੀ ਦੇ ਆਗੂ ਪਿਰਥੀ ਸਿੰਘ ਸਮੇਤ 3 ਡੇਰਾ ਪ੍ਰੇਮੀਆਂ ਨੇ ਸੀ ਆਰ ਪੀ ਸੀ ਦੀ ਧਾਰਾ 164 ਤਹਿਤ ਆਪਣਾ ਗੁਨਾਹ ਮੰਨਦੇ ਹੋਏ ਬਿਆਨ ਦਰਜ ਕਰਵਾਏ ਹਨ। ਇਨ੍ਹਾਂ ਸਾਰਿਆਂ ਨੂੰ ਕਰੜੇ ਸੁਰੱਖਿਆ ਪ੍ਰਬੰਧਾਂ ਹੇਠ ਜੇਲ੍ਹ ਵਿੱਚੋਂ ਲਿਆ ਕੇ ਇਸ ਅਦਾਲਤ ਵਿਚ ਪੇਸ਼ ਕੀਤਾ ਗਿਆ ਸੀ।

ਅੱਜ ਏਥੇ ਬਾਘਾ ਪੁਰਾਣਾ ਅਦਾਲਤ ਵਿੱਚ ਡੇਰਾ ਸਿਰਸਾ ਦੀ 45 ਮੈਂਬਰੀ ਕਮੇਟੀ ਦੇ ਆਗੂ ਪਿਰਥੀ ਸਿੰਘ ਦੇ ਨਾਲ ਮਿੱਠੂ ਸਿੰਘ ਅਤੇ ਅਮਰਦੀਪ ਸਿੰਘ, ਜੋ ਪਿੰਡ ਮੱਲਕੇ ਦੇ ਵਸਨੀਕ ਹਨ ਤੇ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ ਪਿੰਡ ਦੀਆਂ ਗਲੀਆਂ ’ਚ ਪਾੜ ਕੇ ਸੁੱਟੇ ਮਿਲੇ ਸਨ, ਪੇਸ਼ ਕੀਤੇ ਗਏ। ਵਿਸੇਸ਼ ਜਾਂਚ ਟੀਮ ਦੇ ਇੱਕ ਮੈਂਬਰ ਨੇ ਦੱਸਿਆ ਕਿ ਇਸ ਬੇਅਦਬੀ ਕੇਸ ਵਿੱਚ ਡੀ ਆਈ ਜੀ ਰਣਬੀਰ ਸਿੰਘ ਖੱਟੜਾ ਦੀ ਨਿਗਰਾਨੀ ਹੇਠਲੀ ਜਾਂਚ ਟੀਮ ਨੇ ਡੇਰਾ ਸਿਰਸਾ ਦੀ ਰਾਜ ਪੱਧਰੀ 45 ਮੈਂਬਰੀ ਕਮੇਟੀ ਆਗੂ ਪਿਰਥੀ ਸਿੰਘ ਦੀ ਪੁੱਛਗਿੱਛ ਦੇ ਬਾਅਦ ਪਿੰਡ ਮੱਲਕੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਦੇ ਜੁਰਮ ਵਿੱਚ ਮਿੱਠੂ ਸਿੰਘ ਤੇ ਅਮਰਦੀਪ ਸਿੰਘ (ਦੋਵੇਂ ਪਿੰਡ ਮੱਲਕੇ) ਨੂੰ ਫੜਿਆ ਸੀ। ਬੇਅਦਬੀ ਕਾਂਡ ਦੀ ਜਾਂਚ ਨਾਲ ਜੁੜੇ ਇਸ ਅਫ਼ਸਰ ਨੇ ਕਿਹਾ ਕਿ ਜੁਰਮ ਵਿੱਚ ਸ਼ਾਮਲ ਦੂਜੇ ਡੇਰਾ ਸ਼ਰਧਾਲੂਆਂ ਦੀ ਪਛਾਣ ਹੋ ਗਈ ਹੈ। ਦੋ ਡੇਰਾ ਪ੍ਰੇਮੀਆਂ ਦੇਵਿੰਦਰ ਸਿੰਘ ਤੇ ਸੁਖਨਾਮ ਸਿੰਘ ਦੇ ਅਦਾਲਤ ਤੋਂ ਗ੍ਰਿਫ਼ਤਾਰੀ ਵਾਰੰਟ ਲਏ ਹਨ ਤੇ ਉਨ੍ਹਾਂ ਦੀ ਗ੍ਰਿਫ਼ਤਾਰੀ ਲਈ ਛਾਪੇ ਮਾਰੇ ਜਾ ਰਹੇ ਹਨ। ਜਾਂਚ ਟੀਮ ਦੇ ਅਫ਼ਸਰ ਮੁਤਾਬਕ ਬੀਤੀ 7 ਜੂਨ ਨੂੰ ਹਿਮਾਚਲ ਪ੍ਰਦੇਸ਼ ਦੇ ਪਾਲਮਪੁਰ ਤੋਂ ਫੜੇ ਡੇਰਾ ਦੀ ਰਾਜ ਪੱਧਰੀ ਕਮੇਟੀ ਦੇ ਮੈਂਬਰ ਅਤੇ ਕੋਟਕਪੂਰਾ ਦੇ ਵਸਨੀਕ ਮਹਿੰਦਰ ਪਾਲ ਬਿੱਟੂ ਨੇ ਜਾਂਚ ਵਿੱਚ ਮੰਨਿਆ ਕਿ ਉਨ੍ਹਾਂ ਨੂੰ ਡੇਰਾ ਮੁਖੀ ਦੇ ਨਿੱਜੀ ਸਹਾਇਕ (ਪੀ ਏ) ਤੋਂ ਹਦਾਇਤਾਂ ਮਿਲੀਆਂ ਸਨ। ਉਨ੍ਹਾਂ ਦੱਸਿਆ ਕਿ ਮਹਿੰਦਰ ਪਾਲ ਬਿੱਟੂ ਨੇ ਬੇਅਦਬੀ ਘਟਨਾਵਾਂ ਵਿੱਚ ਸ਼ਾਮਲ ਹੋਣ ਬਾਰੇ ਮੋਗਾ ਦੀ ਅਦਾਲਤ ’ਚ 20 ਜੂਨ ਨੂੰ ਆਪਣਾ ਗੁਨਾਹ ਕਬੂਲ ਕਰਦੇ ਹੋਏ ਧਾਰਾ 164 ਸੀ ਆਰ ਪੀ ਸੀ ਦਾ ਬਿਆਨ ਦਰਜ ਕਰਵਾ ਦਿੱਤਾ ਸੀ।

# ਜਹਾਜ਼ ਕੰਪਨੀ ਦੇ ਮੁਖੀ ਨੇ ਕਿਹਾ: ਭਾਰਤ ਨੂੰ ਰਾਫੇਲ ਨੌਂ ਫ਼ੀਸਦੀ ਸਸਤਾ ਦਿੱਤਾ ਗਿਐ

### * ਰਾਹੁਲ ਦੇ ਜਵਾਬ ਵਿੱਚ ਸੀ ਈ ਓ ਨੇ ਕਿਹਾ: ਮੈਂ ਝੂਠ ਨਹੀਂ ਬੋਲਦਾ

ਨਵੀਂ ਦਿੱਲੀ, 13 ਨਵੰਬਰ, (ਪੋਸਟ ਬਿਊਰੋ)- ਫਰਾਂਸ ਤੋਂ ਖਰੀਦੇ ਗਏ ਰਾਫੇਲ ਜੰਗੀ ਜਹਾਜ਼ ਬਾਰੇ ਲੱਗਦੇ ਦੋਸ਼ਾਂ ਦੌਰਾਨ ਅੱਜ ਫਰਾਂਸੀਸੀ ਕੰਪਨੀ ਦਾਸੌ ਦੇ ਸੀ ਈ ਓ ਐਰਿਕ ਟ੍ਰੈਪੀਅਰ ਨੇ ਜ਼ਬਾਨ ਖੋਲ੍ਹੀ ਹੈ। ਖ਼ਬਰ ਏਜੰਸੀ ਨੂੰ ਦਿੱਤੇ ਇੰਟਰਵਿਊ ’ਚ ਉਨ੍ਹਾਂ ਨੇ ਸੌਦੇ ਨਾਲ ਜੁੜੇ ਹਰ ਪੱਖ ਬਾਰੇ ਗੱਲ ਕੀਤੀ ਅਤੇ ਹਿੰਦੁਸਤਾਨ ਏਅਰੋਨਾਟਿਕਸ ਲਿਮਟਿਡ (ਐੱਚ ਏ ਐੱਲ) ਨਾਲ ਸੌਦਾ ਟੁੱਟਣ ਅਤੇ ਰਿਲਾਇੰਸ ਡਿਫੈਂਸ ਨਾਲ ਸਮਝੌਤਾ ਹੋਣ ਬਾਰੇ ਵੀ ਚਾਨਣਾ ਪਾਇਆ।



ਇਸ ਸਮਝੌਤੇ ਹੇਠ ਜਹਾਜ਼ ਦੀ ਕੀਮਤ ਬਾਰੇ ਕਾਂਗਰਸ ਦੇ ਦੋਸ਼ਾਂ ’ਤੇ ਦਾਸੌ ਦੇ ਸੀ ਈ ਓ ਨੇ ਕਿਹਾ ਕਿ ਭਾਰਤ ਨੂੰ ਇਸ ਸੌਦੇ ਵਿਚ ਜਹਾਜ਼ ਪਹਿਲਾਂ ਦੇ ਮੁਕਾਬਲੇ ਨੌਂ ਫ਼ੀਸਦੀ ਸਸਤਾ ਮਿਲਿਆ ਹੈ, ਨਵੇਂ ਸੌਦੇ ਵਿੱਚ 36 ਜਹਾਜ਼ਾਂ ਦੀ ਕੀਮਤ ਪੁਰਾਣੇ ਸੌਦੇ ਵਾਲੇ ਜਹਾਜ਼ਾਂ ਜਿੰਨੀ ਹੈ। ਸਿੱਧੇ ਸੌਦੇ ਦੀ ਰਕਮ ਦੋਗੁਣੀ ਹੋਣੀ ਸੀ, ਪ੍ਰੰਤੂ ਦੋਵਾਂ ਸਰਕਾਰ ਵਿੱਚ ਹੋਏ ਸਮਝੌਤੇ ਕਾਰਨ ਅਸੀਂ ਕੀਮਤ ਵਿੱਚ ਨੌਂ ਫ਼ੀਸਦੀ ਕਟੌਤੀ ਕੀਤੀ ਅਤੇ ਭਾਰਤ ਨੂੰ ਜਹਾਜ਼ ਘੱਟ ਕੀਮਤ ’ਤੇ ਮਿਲ ਰਹੇ ਹਨ।

ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਵੱਲੋਂ ਦਾਸੌ ਦੇ ਚੀਫ ਨੂੰ ਝੂਠਾ ਕਹੇ ਜਾਣ ’ਤੇ ਇਸ ਸੀ ਈ ਓ ਨੇ ਜਵਾਬ ਦਿੱਤਾ ਕਿ ਮੈਂ ਝੂਠ ਨਹੀਂ ਬੋਲਦਾ, ਮੇਰੀ ਥਾਂ ਇਸ ਅਹੁਦੇ ਉੱਤੇ ਤੁਸੀਂ ਵੀ ਹੁੰਦੇ ਤਾਂ ਝੂਠ ਨਾ ਬੋਲ ਸਕਦੇ।

ਐੱਚ ਏ ਐੱਲ ਨਾਲ ਸਮਝੌਤਾ ਟੁੱਟਣ ਬਾਰੇ ਟ੍ਰੈਪੀਅਰ ਨੇ ਕਿਹਾ ਕਿ ਜਦੋਂ 126 ਰਾਫੇਲ ਜਹਾਜ਼ਾਂ ਦੀ ਗੱਲ ਹੋ ਰਹੀ ਸੀ ਤਾਂ ਐੱਚ ਏ ਐੱਲ ਨਾਲ ਸਮਝੌਤੇ ਦੀ ਗੱਲ ਸੀ। ਜੇ ਸੌਦਾ ਅੱਗੇ ਵੱਧਦਾ ਤਾਂ ਐੱਚ ਏ ਐੱਲ ਨਾਲ ਸਮਝੌਤਾ ਹੁੰਦਾ। ਇਹ ਸੌਦਾ ਅੱਗੇ ਨਾ ਵਧਣ ਨਾਲ ਜਦੋਂ 36 ਜਹਾਜ਼ਾਂ ਦੀ ਡੀਲ ਬਾਰੇ ਚਰਚਾ ਹੋਈ ਤਾਂ ਰਿਲਾਇੰਸ ਨਾਲ ਗੱਲ ਤੁਰ ਪਈ। ਆਖ਼ਰੀ ਦਿਨਾਂ ਵਿੱਚ ਐੱਚ ਏ ਐੱਲ ਨੇ ਖ਼ੁਦ ਕਿਹਾ ਕਿ ਉਹ ਇਸ ਸੌਦੇ ਵਿੱਚ ਸ਼ਾਮਲ ਨਹੀਂ ਹੋਣਾ ਚਾਹੁੰਦੇ ਅਤੇ ਰਿਲਾਇੰਸ ਨਾਲ ਸਮਝੌਤੇ ਦਾ ਰਾਹ ਪੂਰੀ ਤਰ੍ਹਾਂ ਸਾਫ਼ ਹੋ ਗਿਆ। ਇਸ ਦੌਰਾਨ ਹੋਰ ਕੰਪਨੀਆਂ ਨਾਲ ਸਮਝੌਤੇ ਬਾਰੇ ਵੀ ਗੱਲ ਹੋਈ ਸੀ, ਜਿਸ ਵਿਚ ਟਾਟਾ ਗਰੁੱਪ ਸ਼ਾਮਿਲ ਹੈ, ਪ੍ਰੰਤੂ ਬਾਅਦ ’ਚ ਗੱਲ ਰਿਲਾਇੰਸ ਨਾਲ ਸਿਰੇ ਚੜ੍ਹ ਗਈ।

ਦਾਸੌ ਦੇ ਸੀ ਈ ਓ ਨੇ ਕਿਹਾ ਕਿ 40 ਫ਼ੀਸਦੀ ਆਫਸੈੱਟ ਅਰੇਂਜਮੈਂਟ ਲਈ 30 ਕੰਪਨੀਆਂ ਨਾਲ ਸਮਝੌਤਾ ਹੋਇਆ ਹੈ, ਇਸ ਵਿਚੋਂ 10 ਫ਼ੀਸਦੀ ਹਿੱਸੇ ਦਾ ਰਿਲਾਇੰਸ ਡਿਫੈਂਸ ਨਾਲ ਸਮਝੌਤਾ ਹੈ। ਰਿਲਾਇੰਸ ਨਾਲ ਸਾਂਝਾ ਅਦਾਰਾ ਬਣਾਇਆ ਹੈ, ਜਿਸ ’ਚ ਦਾਸੌ ਦਾ 49 ਫ਼ੀਸਦੀ ਅਤੇ ਰਿਲਾਇੰਸ ਦਾ 51 ਫ਼ੀਸਦੀ ਹਿੱਸਾ ਹੈ। ਇਸ ਵਿੱਚ ਕੁੱਲ 800 ਕਰੋੜ ਰੁਪਏ ਦਾ ਨਿਵੇਸ਼ ਹੋਵੇਗਾ, ਦੋਵੇਂ ਕੰਪਨੀਆਂ ਅੱਧੋ-ਅੱਧ ਲਾਉਣਗੀਆਂ।

# ਦਿਆਲ ਸਿੰਘ ਕੋਲਿਆਂਵਾਲੀ ਦੇ ਜੱਦੀ ਘਰ ਛਾਪਾ, ਵਿਜੀਲੈਂਸ ਵੱਲੋਂ ਮਿਣਤੀ ਸ਼ੁਰੂ

ਬਠਿੰਡਾ, 13 ਨਵੰਬਰ, (ਪੋਸਟ ਬਿਊਰੋ)- ਵਿਜੀਲੈਂਸ ਬਿਊਰੋ ਨੇ ਬਾਦਲ ਪਰਵਾਰ ਦੇ ਨੇੜੇ ਮੰਨੇ ਜਾਂਦੇ ਸਾਬਕਾ ਚੇਅਰਮੈਨ ਦਿਆਲ ਸਿੰਘ ਕੋਲਿਆਂਵਾਲੀ ਉੱਤੇ ਸ਼ਿਕੰਜਾ ਹੋਰ ਕੱਸਣਾ ਸ਼ੁਰੂ ਕੀਤਾ ਅਤੇ ਉਸ ਨੂੰ ਭਗੌੜਾ ਕਾਰਾਰ ਦੇਣ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਇਸ ਦੇ ਨਾਲ ਉਸ ਦੀ ਜਾਇਦਾਦ ਦੀ ਮਿਣਤੀ ਵੀ ਆਰੰਭ ਦਿੱਤੀ ਗਈ ਹੈ।



ਅਦਾਲਤ ਤੋਂ ਹੁਕਮ ਲੈਣ ਪਿੱਛੋਂ ਅੱਜ ਵਿਜੀਲੈਂਸ ਨੇ ਪਿੰਡ ਕੋਲਿਆਂਵਾਲੀ ਵਿੱਚ ਦਿਆਲ ਸਿੰਘ ਦੀ ਜੱਦੀ ਰਿਹਾਇਸ਼ ’ਤੇ ਨੋਟਿਸ ਲਾ ਦਿੱਤਾ ਤੇ ਤੈਅ ਸਮੇਂ ਵਿਚ ਪੇਸ਼ ਹੋਣ ਦੀ ਹਦਾਇਤ ਦਿੱਤੀ ਹੈ। ਜਾਣਕਾਰ ਸੂਤਰਾਂ ਮੁਤਾਬਕ ਕੋਲਿਆਂਵਾਲੀ ਵੱਲੋਂ ਪੇਸ਼ ਨਾ ਹੋਣ ਉੱਤੇ ਅਦਾਲਤ ਉਸ ਨੂੰ ਭਗੌੜਾ ਐਲਾਨ ਕਰੇਗੀ। ਵਿਜੀਲੈਂਸ ਬਠਿੰਡਾ ਦੇ ਐੱਸ ਐੱਸ ਪੀ ਅਸ਼ੋਕ ਬਾਠ ਦੀ ਅਗਵਾਈ ਹੇਠ ਅੱਜ ਇਕ ਟੀਮ, ਜਿਸ ਵਿਚ ਚੰਡੀਗੜ੍ਹੋਂ ਆਏ ਅਫਸਰ ਵੀ ਸਨ, ਪਿੰਡ ਕੋਲਿਆਂਵਾਲੀ ਵਿਚ ਸਾਬਕਾ ਚੇਅਰਮੈਨ ਦੀ ਕੋਠੀ ਦੀ ਮਿਣਤੀ ਕਰਨ ਗਈ। ਇਸ ਜਾਂਚ ਟੀਮ ਵਿਚ ਲੋਕ ਨਿਰਮਾਣ ਵਿਭਾਗ ਦੇ ਨਿਗਰਾਨ ਇੰਜਨੀਅਰ ਅਤੇ ਕਾਰਜਕਾਰੀ ਇੰਜਨੀਅਰ ਵੀ ਸਨ। ਕੋਠੀ ਦਾ ਰਿਹਾਇਸ਼ ਵਾਲਾ ਹਿੱਸਾ ਬੰਦ ਸੀ, ਪਰ ਬਾਕੀ ਦੇ ਕਰੀਬ 60 ਫ਼ੀਸਦੀ ਦੀ ਮਿਣਤੀ ਕਰ ਲਈ ਗਈ। ਕੋਲਿਆਂਵਾਲੀ ਦੇ ਨਿੱਜੀ ਨੌਕਰ ਅਤੇ ਪਿੰਡ ਦੇ ਕੁੱਝ ਮੋਹਤਬਰ ਇਸ ਮੌਕੇ ਹਾਜ਼ਰ ਸਨ।

ਅਸਲ ਵਿੱਚ ਵਿਜੀਲੈਂਸ ਥਾਣਾ ਮੁਹਾਲੀ ਵਿਚ ਸਾਬਕਾ ਚੇਅਰਮੈਨ ਦਿਆਲ ਸਿੰਘ ਕੋਲਿਆਂ ਵਾਲੀ ਖ਼ਿਲਾਫ਼ 30 ਜੂਨ 2018 ਨੂੰ ਵਸੀਲਿਆਂ ਤੋਂ ਵੱਧ ਜਾਇਦਾਦ ਬਣਾਉਣ ਦੇ ਦੋਸ਼ ਹੇਠ ਕੇਸ ਦਰਜ ਹੋਇਆ ਤੇ ਹਾਈ ਕੋਰਟ ਨੇ 20 ਅਗਸਤ 2018 ਨੂੰ ਉਸ ਦੀ ਜ਼ਮਾਨਤ ਅਰਜ਼ੀ ਰੱਦ ਕਰ ਦਿੱਤੀ ਸੀ। ਓਦੋਂ ਤੋਂ ਉਹ ਲੁਕਿਆ ਹੋਇਆ ਹੈ। ਵਿਜੀਲੈਂਸ ਰੇਂਜ ਬਠਿੰਡਾ ਦੇ ਐੱਸ ਐੱਸ ਪੀ ਅਸ਼ੋਕ ਬਾਠ ਦੇ ਮੁਤਾਬਕ ਕੋਲਿਆਂਵਾਲੀ ਦੇ ਘਰ ਦੀ ਅੱਜ ਤਕਨੀਕੀ ਟੀਮ ਨੇ ਮਿਣਤੀ ਕੀਤੀ, ਜੋ 40 ਫ਼ੀਸਦੀ ਰਿਹਾਇਸ਼ੀ ਹਿੱਸਾ ਬੰਦ ਸੀ, ਉਸ ਦੀ ਮਿਣਤੀ ਲਈ ਟੀਮ ਫਿਰ ਜਾਵੇਗੀ। ਉਨ੍ਹਾਂ ਨੇ ਕਿਹਾ ਕਿ ਕੋਈ ਪਰਿਵਾਰਕ ਮੈਂਬਰ ਅੱਜ ਓਥੇ ਨਹੀਂ ਸੀ ਤੇ ਪੰਜ ਏਕੜ ਦੀ ਰਿਹਾਇਸ਼ ਵਿਚ ਤਬੇਲੇ ਵਗੈਰਾ ਦੀ ਵੀ ਮਿਣਤੀ ਕਰ ਕੇ ਭਗੌੜਾ ਐਲਾਨਣ ਦੀ ਪ੍ਰਕਿਰਿਆ ਹੇਠ ਅੱਜ ਇੱਕ ਨੋਟਿਸ ਇਸ ਰਿਹਾਇਸ਼ ਅੱਗੇ ਚਿਪਕਾਇਆ ਗਿਆ ਹੈ।

# ਸ਼ਬਰੀਮਾਲਾ ਕੇਸ ਵਿੱਚ ਰਿਵੀਊ ਪਟੀਸ਼ਨਾਂ ’ਤੇ ਸੁਪਰੀਮ ਕੋਰਟ 22 ਜਨਵਰੀ ਨੂੰ ਸੁਣਵਾਈ ਕਰੇਗੀ



ਨਵੀਂ ਦਿੱਲੀ, 13 ਨਵੰਬਰ, (ਪੋਸਟ ਬਿਊਰੋ)- ਸ਼ਬਰੀਮਾਲਾ ਮੰਦਰ ’ਚ ਹਰ ਉਮਰ ਦੀਆਂ ਔਰਤਾਂ ਦੇ ਦਾਖਲੇ ਲਈ ਦਿੱਤੀ ਮਨਜ਼ੂਰੀ ਦੇ ਆਪਣੇ ਫੈਸਲੇ ਉੱਤੇ ਰੋਕ ਲਾਉਣ ਤੋਂ ਇਨਕਾਰ ਕਰਦਿਆਂ ਅੱਜ ਸੁਪਰੀਮ ਕੋਰਟ ਨੇ 22 ਜਨਵਰੀ ਨੂੰ ਖੁੱਲ੍ਹੀ ਅਦਾਲਤ ਵਿੱਚ ਰਿਵੀਊ ਪਟੀਸ਼ਨਾਂ ’ਤੇ ਸੁਣਵਾਈ ਕਰਨ ਬਾਰੇ ਸਹਿਮਤੀ ਦਿੱਤੀ ਹੈ। ਚੀਫ ਜਸਟਿਸ ਰੰਜਨ ਗੋਗੋਈ, ਜਸਟਿਸ ਆਰ ਐਫ ਨਰੀਮਨ, ਜਸਟਿਸ ਏ ਐਮ ਖਾਨਵਿਲਕਰ, ਜਸਟਿਸ ਡੀ ਵਾਈ ਚੰਦਰਚੂੜ ਅਤੇ ਜਸਟਿਸ ਇੰਦੂ ਮਲਹੋਤਰਾ ਦੇ ਬੈਂਚ ਨੇ 28 ਸਤੰਬਰ ਦੇ ਫੈਸਲੇ ਬਾਰੇ ਰਿਵੀਊ ਪਟੀਸ਼ਨਾਂ ਸੁਣਵਾਈ ਕਰਨ ਲਈ ਦਾਖਲ ਕਰ ਲਈਆਂ ਹਨ। ਅਦਾਲਤ ਨੇ ਹੁਕਮਾਂ ਵਿੱਚ ਕਿਹਾ ਹੈ ਕਿ ਸਾਰੀਆਂ ਪਟੀਸ਼ਨਾਂ ਤੇ ਪੈਂਡਿੰਗ ਅਰਜ਼ੀਆਂ ਉੱਤੇ 22 ਜਨਵਰੀ ਨੂੰ ਖੁੱਲ੍ਹੀ ਅਦਾਲਤ ਵਿੱਚ ਯੋਗ ਬੈਂਚ ਵੱਲੋਂ ਸੁਣਵਾਈ ਕੀਤੀ ਜਾਵੇਗੀ। ਅਦਾਲਤ ਨੇ ਨਾਲ ਹੀ ਕਿਹਾ ਕਿ ਉਹ ਸਪਸ਼ਟ ਕਰਨਾ ਚਾਹੁੰਦੀ ਹੈ ਕਿ 28 ਸਤੰਬਰ ਦਾ ਫੈਸਲਾ ਪਹਿਲਾਂ ਵਾਂਗ ਲਾਗੂ ਰਹੇਗਾ। ਅਦਾਲਤ ਨੇ ਫੈਸਲੇ ਖਿਲਾਫ਼ ਆਈਆਂ 48 ਰਿਵੀਊ ਪਟੀਸ਼ਨਾਂ ਦਾਖਲ ਕਰ ਲਈਆਂ ਹਨ। ਇਸ ਤੋਂ ਪਹਿਲਾਂ ਅਦਾਲਤ ਨੇ ਇਹ ਵੀ ਸਾਫ ਕਰ ਦਿੱਤਾ ਕਿ ਸ਼ਬਰੀਮਾਲਾ ਮੰਦਰ ਨਾਲ ਸਬੰਧਤ ਤਾਜ਼ਾ ਅਰਜ਼ੀਆਂ ਉਤੇ ਸੁਣਵਾਈ ਪੈਂਡਿੰਗ ਪਟੀਸ਼ਨਾਂ ਦੇ ਨਿਬੇੜੇ ਪਿੱਛੋਂ ਹੋਵੇਗੀ। ਇਹ ਹੁਕਮ ਅਦਾਲਤ ਨੇ ਜੀ. ਵਿਜੈ ਕੁਮਾਰ, ਐਸ ਜਯਾ ਰਾਜਕੁਮਾਰ ਅਤੇ ਸ਼ੈਲਜਾ ਵਿਜੇਅਨ ਵੱਲੋਂ 28 ਸਤੰਬਰ ਦੇ ਫੈਸਲੇ ਦੇ ਖਿਲਾਫ਼ ਦਾਇਰ ਕੀਤੀਆਂ ਪਟੀਸ਼ਨਾਂ ਦੀ ਸੁਣਵਾਈ ਕਰਦਿਆਂ ਦਿੱਤਾ ਹੈ।

ਵਰਨਣ ਯੋਗ ਹੈ ਕਿ 28 ਸਤੰਬਰ ਨੂੰ ਪੰਜ ਜੱਜਾਂ ਵਾਲੇ ਸੰਵਿਧਾਨਕ ਬੈਂਚ, ਜਿਸ ਦੀ ਅਗਵਾਈ ਚੀਫ ਜਸਟਿਸ ਦੀਪਕ ਮਿਸ਼ਰਾ ਨੇ ਕੀਤੀ ਸੀ, ਨੇ 4:1 ਦੇ ਫੈਸਲੇ ਨਾਲ ਮੰਦਰ ਵਿੱਚ ਹਰ ਉਮਰ ਦੀਆਂ ਔਰਤਾਂ ਦੇ ਦਾਖਲੇ ਦਾ ਰਾਹ ਸਾਫ ਕਰ ਕੇ ਪਾਬੰਦੀ ਨੂੰ ਲਿੰਗ ਅਧਾਰਤ ਵਿਤਕਰਾ ਕਿਹਾ ਸੀ। ਅਦਾਲਤ ਨੇ ਇਸ ਤੋਂ ਪਹਿਲਾਂ 9 ਅਕਤੂਬਰ ਨੂੰ ਫੈਸਲੇ ਉਤੇ ਤੁਰੰਤ ਰਿਵੀਊ ਦੀ ਮੰਗ ਵਾਲੀ ਪਟੀਸ਼ਨ ਰੱਦ ਕਰ ਦਿੱਤੀ ਸੀ।

# ਵਿਆਹ ਕਰ ਕੇ ਭੱਜਦੇ ਐੱਨ ਆਰ ਆਈਜ਼ ਬਾਰੇ ਸੁਪਰੀਮ ਕੋਰਟ ਵੱਲੋਂ ਸਰਕਾਰ ਨੂੰ ਨੋਟਿਸ

ਨਵੀਂ ਦਿੱਲੀਵਿ, 13 ਨਵੰਬਰ (ਪੋਸਟ ਬਿਊਰੋ)- ਵਿਆਹ ਕਰਕੇ ਭੱਜ ਜਾਂਦੇ ਐੱਨ ਆਰ ਆਈ ਲਾੜਿਆਂ ਬਾਰੇ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਹੈ। ਕੋਰਟ ਇਸ ਮਾਮਲੇ ’ਚ ਦਾਇਰ ਇਕ ਪਟੀਸ਼ਨ ਉੱਤੇ ਸੁਣਵਾਈ ਕਰ ਰਹੀ ਹੈ, ਜਿਸ ’ਚ ਅਜਿਹੇ ਲਾੜਿਆਂ ਦੀ ਤੁਰੰਤ ਗ੍ਰਿਫਤਾਰੀ ਦੀ ਮੰਗ ਕੀਤੀ ਗਈ ਹੈ।

ਵਰਨਣ ਯੋਗ ਹੈ ਕਿ ਪੰਜਾਬ ਸਮੇਤ ਪੂਰੇ ਦੇਸ਼ ’ਚ ਅਜਿਹੀਆਂ ਕਈ ਔਰਤਾਂ ਤੇ ਨਵੀਆਂ ਵਿਆਹੀਆਂ ਹਨ, ਜਿਨ੍ਹਾਂ ਨਾਲ ਐੱਨ ਆਰ ਆਈ ਲਾੜਿਆਂ ਨੇ ਧੋਖਾ ਦੇ ਕੇ ਵਿਆਹ ਕਰਵਾਇਆ ਹੈ। ਉਨ੍ਹਾਂ ਨੂੰ ਹਾਲੇ ਇਨਸਾਫ ਨਹੀਂ ਮਿਲ ਰਿਹਾ। ਅਜਿਹੇ ਕੇਸਾਂ ਬਾਰੇ ਮਹਿਲਾ ਅਤੇ ਬਾਲ ਭਲਾਈ ਮੰਤਰੀ ਮੇਨਕਾ ਗਾਂਧੀ ਪਹਿਲੇ ਹੀ ਕੌਮੀ ਮਹਿਲਾ ਕਮਿਸ਼ਨ ਤੋਂ ਪ੍ਰਵਾਸੀ ਭਾਰਤੀ (ਐੱਨ ਆਰ ਆਈਜ਼) ਦੇ ਵਿਆਹ ਦੇ ਕੇਸਾਂ ਦੀ ਸੁਣਵਾਈ ਲਈ ਵੱਖਰੇ ਸੈਲ ਦੀ ਮੰਗ ਕਰ ਚੁੱਕੀ ਹੈ। ਇਸ ਤੋਂ ਪਹਿਲਾਂ ਮੇਨਕਾ ਨੇ ਇਸ ਸਾਲ ਜੁਲਾਈ ’ਚ ਰਾਜਾਂ ਨੂੰ ਕਿਹਾ ਸੀ ਕਿ ਐੱਨ ਆਰ ਆਈ ਦੇ ਵਿਆਹ ਦੇ ਰਜਿਸਟਰੇਸ਼ਨ ਦੇ ਤੁਰੰਤ ਬਾਅਦ ਮੰਤਰਾਲੇ ਨੂੰ ਇਸ ਦੀ ਜਾਣਕਾਰੀ ਦਿੱਤੀ ਜਾਵੇ ਤਾਂ ਕਿ ਵੈਬਸਾਇਟ ਅਪਡੇਟ ਕੀਤੀ ਜਾ ਸਕੇ। ਮੰਤਰਾਲੇ ਨੇ ਆਦੇਸ਼ ਦਿੱਤਾ ਸੀ ਕਿ ਐੱਨ ਆਰ ਆਈ ਦੇ ਵਿਆਹ ਦੇ ਸੱਤ ਦਿਨਾਂ ਦੇ ਅੰਦਰ ਰਜਿਸਟਰੇਸ਼ਨ ਜ਼ਰੂਰ ਕੀਤਾ ਜਾਵੇ।

# 268 ਫੁੱਟ ਉੱਚਾ, 140 ਫੁੱਟ ਚੌੜਾ ਅਤੇ 128 ਫੁੱਟ ਉੱਚਾ ਹੋਵੇਗਾ ਅਯੁੱਧਿਆ ਦਾ ਰਾਮ ਮੰਦਰ!


ਅਯੁੱਧਿਆ, 13 ਨਵੰਬਰ (ਪੋਸਟ ਬਿਊਰੋ)- ਅਯੁੱਧਿਆ ਦੇ ਕਾਰਸੇਵਕਪੁਰਮ ਵਿੱਚ ਰਾਮ ਜਨਮ ਭੂਮੀ ਟਰੱਸਟ ਵੱਲੋਂ ਚੱਲ ਰਹੀ ਵਰਕਸ਼ਾਪ 'ਚ ਕੰਮ ਦੀ ਰਫਤਾਰ ਮੱਠੀ ਹੋ ਗਈ ਹੈ। ਇਹ ਫੰਡ ਦੀ ਕਮੀ ਤੇ ਕਾਰੀਗਰਾਂ ਤੇ ਸ਼ਿਲਪਕਾਰਾਂ ਦੀ ਗਿਣਤੀ 'ਚ ਕਮੀ ਕਾਰਨ ਹੋਇਆ ਹੈ। ਇਹ ਜਾਣਕਾਰੀ ਮੰਦਰ ਨਿਰਮਾਣ ਲਈ 1990 ਤੋਂ ਚਲਾਈ ਜਾ ਰਹੀ ਵਰਕਸ਼ਾਪ ਦੇ ਮੁਖੀ ਨੇ ਦਿੱਤੀ। ਵਰਕਸ਼ਾਪ ਦੇ ਮੁਖੀ ਅਨੂੰ ਭਾਈ ਸੋਮਪੁਰਾ ਨੇ ਦੱਸਿਆ ਕਿ ਪੱਥਰਾਂ ਦੀ ਨੱਕਾਸ਼ੀ ਦਾ 50 ਫੀਸਦੀ ਕੰਮ ਪੂਰਾ ਹੋ ਗਿਆ ਹੈ। ਇਸ ਦਾ ਮਤਲਬ ਹੈ ਕਿ ਪਹਿਲੀ ਮੰਜ਼ਿਲ ਪੂਰੀ ਹੋ ਗਈ ਹੈ। ਸਾਨੂੰ ਆਸ ਹੈ ਕਿ ਅਯੁੱਧਿਆ ਜ਼ਮੀਨ ਮਾਲਕਾਨਾ ਹੱਕ ਮਾਮਲੇ 'ਚ ਸੁਪਰੀਮ ਕੋਰਟ ਤੋਂ ਢੁੱਕਵਾਂ ਫੈਸਲਾ ਆਵੇਗਾ ਤੇ ਇੱਕ ਵਾਰ ਸਾਨੂੰ ਹਰੀ ਝੰਡੀ ਮਿਲ ਜਾਵੇ ਤਾਂ ਨੀਂਹ ਪੱਥਰ ਰੱਖਣ ਦਾ ਕੰਮ ਸ਼ੁਰੂ ਹੋ ਜਾਵੇਗਾ। ਉਨ੍ਹਾਂ ਦੱਸਿਆ ਕਿ ਕਾਰੀਗਰਾਂ ਦੀ ਗਿਣਤੀ ਘੱਟ ਹੋ ਗਈ ਹੈ। ਇਨ੍ਹਾਂ 'ਚੋਂ ਕੁਝ ਲੋਕਾਂ ਨੇ ਦੂਸਰੇ ਕੰਮਾਂ ਲਈ ਇਥੋਂ ਕੰਮ ਛੱਡ ਦਿੱਤਾ। 1990 ਵਿੱਚ ਉਨ੍ਹਾਂ ਦੀ ਗਿਣਤੀ 150 ਸੀ।

ਸੋਮਪੁਰਾ ਨੇ ਦੱਸਿਆ ਕਿ ਯੋਜਨਾ ਮੁਤਾਬਕ ਬਣਨ ਵਾਲਾ ਮੰਦਰ 268 ਲੰਮਾ, 140 ਫੁੱਟ ਚੌੜਾ ਅਤੇ ਜ਼ਮੀਨ ਤੋਂ ਲੈ ਕੇ ਸਿਖਰ ਤੱਕ 128 ਫੁੱਟ ਉਚਾ ਹੋਵੇਗਾ। ਉਨ੍ਹਾਂ ਕਿਹਾ ਕਿ ਸਾਰੀਆਂ ਮੰਜ਼ਿਲਾਂ 'ਤੇ 106 ਖੰਭੇ ਹੋਣਗੇ ਅਤੇ ਹਰ ਖੰਭੇ ਉੱਤੇ 16 ਮੂਰਤੀਆਂ ਹੋਣਗੀਆਂ। ਅਜਿਹੇ ਵਿੱਚ ਕਾਰੀਗਰਾਂ ਨੇ ਇਨ੍ਹਾਂ 'ਤੇ ਨੱਕਾਸ਼ੀ ਦਾ ਕੰਮ ਪੂਰੀ ਕਰ ਲਿਆ ਹੈ। ਸੋਮਪੁਰਾ ਨੇ ਕਿਹਾ ਕਿ ਮੰਦਰ ਦੀਆਂ ਸ਼ਿਲਾਵਾਂ ਦਾ ਨਿਰਮਾਣ ਦਾ ਕੰਮ ਇਸ ਸਮੇਂ ਸ਼ਰਧਾਲੂਆਂ ਦੇ ‘ਨਿੱਜੀ ਦਾਨ’ ਨਾਲ ਚੱਲ ਰਿਹਾ ਹੈ। ਪਹਿਲਾਂ ਜਿੰਨਾ ਪੈਸਾ ਆਉਂਦਾ ਸੀ, ਇਸ ਵੇਲੇ ਓਨਾ ਨਹੀਂ ਆ ਰਿਹਾ।









# ਬਰੈਂਪਟਨ ਸੀਨੀਅਰਜ਼ ਸਿਟੀਜਨਜ਼ ਕਾਊਂਸਲ ਦੇ ਵਾਇਸ-ਪ੍ਰੈਜ਼ੀਡੈਂਟ ਚੋਣ 'ਚ ਕੁਮਰੀਆ ਜੇਤੂ



(ਹਰਜੀਤ ਬੇਦੀ): ਪਿਛਲੇ ਮੰਗਲਵਾਰ 6 ਨਵੰਬਰ 2018 ਨੂੰ ਬਰੈਂਪਟਨ ਸੀਨੀਅਰਜ਼ ਸਿਟੀਜ਼ਨਜ ਕਾਊਂਸਲ ਦੇ ਵਾਇਸ ਪਰੈਜੀਡੈਂਟ ਦੇ ਅਹੁਦੇ ਲਈ ਚੋਣ ਕੀਤੀ ਗਈ।ਇਸ ਕਾਊਂਸਲ ਵਿੱਚ ਬਰੈਂਪਟਨ ਦਿਆ ਵੱਖ ਵਖ ਕਮਿਊਨਿਟੀਆ ਦੇ 90 ਤੋਂ ਵੱਧ ਰਜਿਸਟਰਡ ਕਲੱਬ ਸ਼ਾਮਲ ਹਨ। ਇਸ ਚੋਣ ਲਈ ਤਿੰਨ ਉਮੀਦਵਾਰ ਪੀਟਰ ਹੌਵਰਥ, ਐਸੋਸੀਏਸ਼ਨ ਆਫ ਸੀਨੀਅਰਜ਼ ਕਲੱਬਜ਼ ਆਫ ਬਰੈਂਪਟਨ ਵਲੋਂ ਨਾਮਜਦ ਉਮੀਦਵਾਰ ਅਮਰੀਕ ਸਿੰਘ ਕੁਮਰੀਆ ਅਤੇ ਐਸੋਸੀਏਸ਼ਨ ਦੀ ਵਿਰੋਧੀ ਧਿਰ ਵਲੋਂ ਭੁਪਿੰਦਰ ਕੌਰ ਸੰਘੇੜਾ ਉਮੀਦਵਾਰ ਸਨ। ਐਸੋਸੀਏਸ਼ਨ ਨਾਲ ਸਬੰਧਤ ਅਤੇ ਸਮਰਥਕ ਸਾਰੇ ਕਲੱਬ ਮੀਟਿੰਗ ਸ਼ੁਰੂ ਹੋਣ ਤੋਂ ਕੁੱਝ ਸਮਾਂ ਪਹਿਲਾਂ ਹੀ ਇਸ ਚੋਣ ਮੀਟਿੰਗ ਵਿੱਚ ਪਹੁੰਚ ਗਏ ਸਨ। ਐਸੋਸੀਏਸ਼ਨ ਦੇ ਪਰਧਾਨ ਪਰਮਜੀਤ ਬੜਿੰਗ ਨੇ ਕਾਊਂਸਲ ਦੀ ਪਰਧਾਨ ਨੂੰ ਚੋਣ ਨਿਰਪੱਖ ਅਤੇ ਪਾਰਦਰਸ਼ੀ ਕਰਵਾਉਣ ਦੀ ਬੇਨਤੀ ਕਰਦੇ ਹੋਏ ਕਿਹਾ ਕਿ ਕਿਸੇ ਵੀ ਕਲੱਬ ਦੇ ਨਿਰਧਾਰਤ ਦੋ ਮੈਬਰਾਂ ਤੋਂ ਵੱਧ ਨੂੰ ਮੀਟਿੰਗ ਵਿੱਚ ਸ਼ਾਮਲ ਨਾ ਹੋਣ ਦਿੱਤਾ ਜਾਵੇ ਅਤੇ ਚੋਣ ਦੇ ਨਤੀਜੇ ਦੇ ਐਲਾਨ ਸਮੇਂ ਉਮੀਦਵਾਰਾ ਦੁਆਰਾ ਪਰਾਪਤ ਵੋਟਾ ਦੀ ਗਿਣਤੀ ਘੋਸ਼ਿਤ ਕੀਤੀ ਜਾਵੇ। ਕਾਊਂਸਲ ਪਰਧਾਨ ਨੇ ਇਸੇ ਤਰ੍ਹਾਂ ਹੀ ਹੋਣ ਦੀ ਤਸੱਲੀ ਦਿੱਤੀ। ਚੋਣ ਦੇ ਐਨ ਮੌਕੇ ਤੇ ਉਮੀਦਵਾਰ ਪੀਟਰ ਹੌਵਰਥ ਨੇ ਪਤਾ ਨਹੀਂ ਕਿਸ ਕਾਰਨ ਆਪਣਾ ਨਾਂ ਅਚਾਨਕ ਵਾਪਸ ਲੈ ਲਿਆ ਅਤੇ ਉਸ ਤੋਂ ਤੁਰੰਤ ਬਾਦ ਹੀ ਭੁਪਿੰਦਰ ਕੌਰ ਸੰਘੇੜਾ ਨੇ ਵੀ ਆਪਣਾ ਨਾਂਮ ਵਾਪਸ ਲੈ ਲਿਆ।ਇਸ ਤਰ੍ਹਾਂ ਅਮਰੀਕ ਸਿੰਘ ਕੁਮਰੀਆ ਨਿਰਵਿਰੋਧ ਵਾਇਸ-ਪਰੈਜੀਡੈਂਟ ਦੇ ਅਹੁਦੇ ਲਈ ਚੁਣੇ ਗਏ ਜਿਸ ਦਾ ਸਭ ਨੇ ਤਾੜੀਆਂ ਮਾਰ ਕੇ ਸਵਾਗਤ ਕੀਤਾ। ਚੋਣ ਤੋਂ ਬਾਦ ਮੀਟਿੰਗ ਦੀ ਕਾਰਵਾਈ ਜਾਰੀ ਰਹੀ। ਮੀਟਿੰਗ ਖਤਮ ਹੋਣ ਤੇ ਗਰੁੱਪ ਫੋਟੋ ਹੋਣ ਉਪਰੰਤ ਨਜਦੀਕ ਹੀ ਮੈਕਲਾਗਨ ਅਤੇ ਕੁਈਨ ਤੇ ਸਥਿਤ ਟਿੱਮ ਹਾਰਟਨ ਵਿੱਚ ਕੌਫੀ ਅਤੇ ਚਾਹ ਪਾਣੀ ਦਾ ਪਰਬੰਧ ਕੀਤਾ ਗਿਆ।

ਇੱਥੇ ਇਹ ਗੱਲ ਵਰਨਣਯੋਗ ਹੈ ਕਿ ਜਿਸ ਦਿਨ ਤੋਂ ਐਸੋਸੀਏਸ਼ਨ ਨੇ ਆਪਣੇ ਵਲੋਂ ਅਮਰੀਕ ਸਿੰਘ ਕੁਮਰੀਆ ਨੂੰ ਉਮੀਦਵਾਰ ਐਲਾਨਿਆ ਸੀ ਉਸੇ ਦਿਨ ਤੋਂ ਹੀ ਐਸੋਸੀਏਸ਼ਨ ਨਾਲ ਸਬੰਧਤ ਅਤੇ ਸਮਰਥਕ ਕਲੱਬਾਂ ਨੇ ਕੁਮਰੀਆ ਦੀ ਜਿੱਤ ਲਈ ਯਤਨ ਸ਼ੁਰੂ ਕਰ ਦਿੱਤੇ ਅਤੇ ਉਸ ਦੇ ਨਾਲ ਹੀ ਐਸੋਸੀਏਸ਼ਨ ਦੇ ਵਿਰੋਧੀਆਂ ਨੇ ਅਸਫਲ਼ ਬਣਾਉਨ ਲਈ ਵੀ ਹੱਥਕੰਡੇ ਵਰਤਣੇ ਸ਼ੁਰੂ ਕਰ ਦਿੱਤੇ। ਉਸ ਧਿਰ ਵਲੋਂ ਪੰਜਾਬੀ ਕਮਿਊਨਿਟੀ ਨਾਲ ਸਬੰਧਤ ਸਾਰੇ ਕਲੱਬਾਂ ਨੂੰ ਇੱਕ ਹੋਣ ਦਾ ਹੋਕਾ ਦੇ ਕੇ ਕਿਹਾ ਕਿ ਮੀਟਿੰਗ ਕਰ ਕੇ ਉਹਨਾਂ ਵਿੱਚੋਂ ਕੋਈ ਉਮੀਦਵਾਰ ਨਾਮਜ਼ਦ ਕਰੀਏ। ਐਸੋਸੀਏਸ਼ਨ ਨੇ ਇਸ ਸਬੰਧ ਵਿੱਚ ਲੋਕਾਂ ਨੂੰ ਸੁਚੇਤ ਕੀਤਾ ਕਿ ਇਹ ਮੀਟਿੰਗ ਏਕੇ ਦੇ ਨਾਂ ਤੇ ਫੁੱਟ ਪਾਉਣ ਅਤੇ ਐਸੋਸੀਏਸ਼ਨ ਵਲੋਂ ਪਹਿਲਾਂ ਹੀ ਨਾਮਜ਼ਦ ਉਮੀਦਵਾਰ ਦੀ ਵਿਰੋਧਤਾ ਲਈ ਹੀ ਹੈ। ਉਹ ਮੀਟਿੰਗ ਬੁਰੀ ਤਰ੍ਹਾਂ ਫੇਲ੍ਹ ਹੋਈ ਸਿਰਫ ਪੰਜ ਚਾਰ ਪਰਬੰਧਕ ਨੁਮਾ ਬੰਦੇ ਹੀ ਹਾਜ਼ਰ ਹੋਏ। ਇਥੇ ਦਾਲ ਨਾ ਗਲਣ ਤੋਂ ਬਾਦ ਅਖਬਾਰ ਰਾਹੀਂ ਇਹ ਨਾਹਰਾ ਦਿੱਤਾ ਕਿ ਜੇ ਦੋ ਪੰਜਾਬੀ ਉਮੀਦਵਾਰ ਹੋਣ ਗੋਰੇ ਉਮਦਿਵਾਰ ਨੂੰ ਵੋਟ ਕੀਤਾ ਜਾਵੇ। ਪਰੰਤੂ ਐਸੋਸੀਏਸ਼ਨ ਦੀ ਲੀਡਰਸ਼ਿੱਪ ਆਪਣੀ ਜਥੇਬੰਦਕ ਸੂਝ ਅਤੇ ਤਜਰਬੇ ਕਰਕੇ ਅਜਿਹੀਆਂ ਗੱਲਾਂ ਤੋਂ ਭਲੀ ਭਾਂਤ ਜਾਣੂ ਸੀ। ਉਹਨਾਂ ਦੀ ਦਰੁਸਤ ਪਹੁੰਚ ਅਤੇ ਠੀਕ ਨੀਤੀ ਕਾਰਣ ਸਾਰਥਕ ਸਿੱਟੇ ਸਾਹਮਣੇ ਆਏ। ਅਮਰੀਕ ਸਿੰਘ ਕੁਮਰੀਆ ਦੀ ਬਾਕੀ ਉਮੀਦਵਾਰਾਂ ਦੁਆਰਾ ਮੌਕੇ ਤੇ ਆਪਣੇ ਨਾਮ ਵਾਪਸ ਲੈਣ ਕਰ ਕੇ ਨਿਰਵਿਰੋਧ ਜਿੱਤ ਹੋਣਾ ਸੀਨੀਅਰਜ਼ ਦੇ ਮਜ਼ਬੂਤ ਏਕੇ ਦਾ ਸਬੂਤ ਹੈ। ਐਸੋਸੀਏਸ਼ਨ ਵਲੋਂ ਸਾਰੇ ਮੈਂਬਰ ਅਤੇ ਸਮਰਥਕ ਕਲੱਬਾ ਦਾ ਧੰਨਵਾਦ ਕੀਤਾ ਗਿਆ। ਐਸੋਸੀਏਸ਼ਨ ਦੇ ਸਮੂਹ ਮੈਂਬਰ ਅਤੇ ਸਮਰਥਕ ਇਸ ਲਈ ਵਧਾਂਈ ਦੇ ਪਾਤਰ ਹਨ ਜਿਨ੍ਹਾਂ ਦੇ ਸਹਿਯੋਗ ਸਦਕਾ ਐਸੋਸੀਏਸ਼ਨ ਦੀ ਲੀਡਰਸ਼ਿੱਪ ਇਸ ਨੂੰ ਮਜਬੂਤੀ ਵੱਲ ਅੱਗੇ ਵੱਲ ਲੈ ਜਾ ਰਹੀ ਹੈ। ਐਸੋਸੀਸੀਏਸ਼ਨ ਆਫ ਸੀਨੀਅਰਜ਼ ਕਲੱਬ ਆਫ ਬਰੈਂਪਟਨ ਸਬੰਧੀ ਕਿਸੇ ਵੀ ਜਾਣਕਾਰੀ ਲਈ ਪਰਮਜੀਤ ਬੜਿੰਗ 647-963-0331,ਬਲਵਿੰਦਰ ਬਰਾੜ 647-262-4026, ਪ੍ਰੋ: ਨਿਰਮਲ ਧਾਰਨੀ 416-670-5874, ਕਰਤਾਰ ਚਾਹਲ 647-854-8746, ਦੇਵ ਸੂਦ 416-533-0722 ਜਾਂ ਪਰੀਤਮ ਸਿੰਘ ਸਰਾਂ 416-833-0567 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਕੈਸੀਕੈਂਬਲ ਸੀਨੀਅਰਜ਼ ਕਲੱਬ ਨੇ ਦੀਵਾਲੀ ਦਾ ਤਿਉਹਾਰ ਮਨਾਇਆ



(ਬਰੈਂਪਟਨ/ਬਾਸੀ ਹਰਚੰਦ) ਦੀਵਾਲੀ ਦੇ ਸ਼ੁਭ ਦਿਵਸ ਤੇ ਕੈਸੀਕੈਂਬਲ ਸੀਨੀਅਰਜ਼ ਕਲੱਬ ਨੇ ਰਲ ਮਿਲ ਕੇ ਕੈਸੀ ਕੈਂਬਲ ਕਮਿਉਨਿਟੀ ਸੈਂਟਰ ਵਿਖੇ ਸ਼ਾਨਦਾਰ ਪਾਰਟੀ ਦਾ ਪਰਬੰਧ ਕੀਤਾ ਗਿਆ ਇਹ ਪਾਰਟੀ ਅਮਰਜੀਤ ਸਿੰਘ ਸੇਖੋਂ ਨੇ ਆਪਣੇ ਪੋਤਰੇ ਦੀ ਦਾਤ ਮਿਲਣ ਦੀ ਖੁਸ਼ੀ ਵਿੱਚ ਦਿਤੀ ਗਈ। ਸਰਜਿੰਦਰ ਸਿੰਘ ਖਜ਼ਾਨਚੀ ਅਤੇ ਦਵਿੰਦਰ ਸਿੰਘ ਨੇ ਕਲੱਬ ਵੱਲੋਂ ਅਮਰਜੀਤ ਸਿੰਘ ਸੇਖੋਂ ਅਤੇ ਪ੍ਰੀਵਾਰ ਨੂੰ ਪੋਤਰੇ ਦੀ ਦਾਤ ਮਿਲਣ ਅਤੇ ਇਹ ਖੁਸ਼ੀ ਸਾਰਿਆਂ ਨਾਲ ਸਾਂਝੀ ਕਰਨ ਤੇ ਵਧਾਈਆਂ ਦਿਤੀਆਂ। ਮੀਟਿੰਗ ਵਿੱਚ ਬਲਦੇਵ ਸਿੰਘ ਸਹਿਦੇਵ ਨੇ ਦੀਵਾਲੀ ਦੇ ਤਿਉਹਾਰ ਅਤੇ ਚਲੰਤ ਮਸਲਿਆਂ ਤੇ ਆਪਣੇ ਵਿਚਾਰ ਰੱਖੇ ਅਤੇ ਸਰੋਤਿਆਂ ਦੇ ਕਈ ਸਵਾਲਾਂ, ਜੋ ਗਦਰ ਲਹਿਰ ਅਤੇ ਲਹਿਰ ਦੇ ਸੂਰਬੀਰਾਂ ਨਾਲ ਸਬੰਧਤ ਸਨ। ਅੁਹਨਾਂ ਨੇ ਸਵਾਲਾਂ ਨੂੰ ਸਰੋਤਿਆਂ ਸਾਹ-ਮਣੇ ਸਪੱਸ਼ਟ ਕੀਤਾ ਜਿੰਨਾਂ ਬਾਰੇ ਹਾਜ਼ਰੀਨ ਨੇ ਬੜੀ ਦਿਲਚਸਪੀ ਵਿਖਾਈ। ਅੰਤ ਵਿੱਚ ਬਲਦੇਵ ਸਿੰਘ ਸਹਿਦੇਵ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਸ਼ਹੀਦੀ ਦਿਨ ਨਾਲ ਸਬੰਧਤ ਹੋਣ ਵਾਲੇ ਸਮਾਗਮ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ। ਇਹ ਸਮਾਗਮ 17 ਨਵੰਬਰ ਦਿਨ ਸਨਿੱਚਰਵਾਰ ਨੂੰ ਗੁਰੂ ਤੇਗਬਹਾਦਰ ਖਾਲਸਾ ਸਕੂਲ ਦੇ ਹਾਲ ਵਿੱਚ ਹੋਵੇਗਾ ਜੋ ਕਨੇਡੀ ਅਤੇ ਸੈਂਡਲਵੁੱਡ ਇੰਟਰ ਸੈਕਸ਼ਨ ਤੇ ਸਥਿਤ ਹਾਰਟ ਲੇਕ ਵਾਲੇ ਪਲਾਜ਼ੇ ਵਿੱਚ ਮੈਕਡੋਨਲ ਦੇ ਨਾਲ ਹੈ।

# ਨਿਊਜ਼ੀਲੈਂਡ ਵੋਮੈਨ ਕਬੱਡੀ ਟੀਮ ਸ਼ੁੱਕਰਵਾਰ ਰਾਜਸਥਾਨ ਹੋਣ ਵਾਲੀ ਲੀਗ ਲਈ ਹੋਵੇਗੀ ਰਵਾਨਾ

* 18 ਨਵੰਬਰ ਤੋਂ 8 ਦਸੰਬਰ ਤੱਕ ਹੋਣਗੇ ਮੁਕਾਬਲੇ

* 2 ਮੈਚਾਂ ਦੇ ਵਿਚ ਹੋਏਗਾ ਫਸਵਾਂ ਮੁਕਾਬਲਾ




ਔਕਲੈਂਡ, 13 ਨਵੰਬਰ (ਹਰਜਿੰਦਰ ਸਿੰਘ ਬਸਿਆਲਾ)- ਰਾਜਸਥਾਨ ਦੀ ਮਾਰੂਥਲ ਧਰਤੀ ਉਤੇ ਮਾਓਰੀ ਕੁੜੀਆਂ ਕਬੱਡੀ ਪਾ ਆਪਣੀ ਲਿਸ਼ਕਾਰ ਪੈਦਾ ਕਰਨ ਲਈ ਇਸ ਸ਼ੁੱਕਰਵਾਰ ਨੂੰ ਇੰਡੀਆ ਰਵਾਨਾ ਹੋ ਜਾਣਗੀਆਂ। 10 ਕੁੜੀਆਂ ਦੀ ਚੋਣ ਕਰ ਲਈ ਗਈ ਹੈ ਅਤੇ ਸ. ਤਾਰਾ ਸਿੰਘ ਬੈਂਸ ਤੇ ਇਕ ਮੈਨੇਜਰ ਇਨ੍ਹਾਂ ਕੁੜੀਆਂ ਦੇ ਨਾਲ ਜਾਣਗੇ। ਰਾਜਸਥਾਨ ਜੋ ਕਿ ਭਾਰਤ ਦਾ ਸੱਤਵਾਂ ਵੱਡਾ ਰਾਜ ਹੈ ਵਿਖੇ ਭਾਰਤ ਦੀਆਂ ਮਹਾਨ ਮਹਿਲਾਵਾਂ ਦੇ ਨਾਂਅ ਉਤੇ ਟੀਮਾਂ ਬਣਾਈਆਂ ਗਈਆਂ ਹਨ ਜੋ ਕਿ ਕਬੱਡੀ ਲੀਗ ਦੇ ਵਿਚ ਭਾਗ ਲੈਣਗੀਆਂ। ਇਸ ਲੀਗ ਦੇ ਵਿਚ ਸਿਰਫ ਇਕ ਹੀ ਅੰਤਰਰਾਸ਼ਟਰੀ ਟੀਮ ਨਿਊਜ਼ੀਲੈਂਡ ਤੋਂ ਜਾ ਰਹੀ ਹੈ। ਇਹ ਮੈਚ ਜੈਪੁਰ, ਅਜਮੇਰ, ਸ੍ਰੀ ਗੰਗਾਨਗਰ, ਖੱਟੂ ਸ਼ਾਇਮ ਜੀ, ਅਤੇ ਅੰਤਲੇ ਮੁਕਾ-ਬਲੇ ਫਿਰ ਜੈਪੁਰ ਵਿਖੇ ਹੋਣਗੇ। ਨਿਊਜ਼ੀਲੈਂਡ ਕੁੜੀਆਂ ਦੇ ਕੁੱਲ 12 ਮੈਚ ਹੋਣਗੇ। ਪਹਿਲਾ ਮੈਚ 18 ਨਵੰਬਰ ਨੂੰ ਹੋਵੇਗਾ। ਵਰਨਣਯੋਗ ਹੈ ਕਿ ਇਸ ਟੀਮ ਦੇ ਵਿਚ ਲਗਪਗ ਸਾਰੀਆਂ ਕੁੜੀਆਂ ਮਾਓਰੀ ਮੂਲ ਦੇ ਲੋਕਾਂ ਦੀਆਂ ਹਨ। ਨੈਸ਼ਨਲ ਕਬੱਡੀ ਦੀ ਟੀਮ ਵੀ ਇਥੇ ਤਿਆਰ ਹੋ ਰਹੀ ਹੈ। ਦੋ ਦਰਜਨ ਦੇ ਕਰੀਬ ਇਥੇ ਕਬੱਡੀ ਖੇਡਦੀਆਂ ਕੁੜੀਆਂ ਤਿਆਰ ਹੋ ਗਈਆਂ ਹਨ। ਇਨ੍ਹਾਂ ਕੁੜੀਆਂ ਦੀ ਟੀਮ ਨੇ ਪੰਜਾਬ ਦੇ ਵਿਚ ਹੋਏ ਵਿਸ਼ਵ ਕੱਪ ਦੇ ਵਿਚ ਵੀ ਲੋਕਾਂ ਦਾ ਧਿਆਨ ਖਿਚਿਆ ਸੀ ਅਤੇ ਉਪਜੇਤੂ ਰਹੀਆਂ ਸਨ।

# ਵਿਆਹਾਂ ਵਿੱਚ ਗੋਲੀਬਾਰੀ ਨਾਲ ਵਾਪਰੇ ਹਾਦਸੇ ਲਈ ਘਰ ਵਾਲੇ ਹੀ ਜ਼ਿੰਮੇਵਾਰ ਹੋਣਗੇ

ਨਵੀਂ ਦਿੱਲੀ, 13 ਨਵੰਬਰ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕਿਹਾ ਹੈ ਕਿ ਵਿਆਹ ਜਾਂ ਹੋਰ ਪ੍ਰੋਗਰਾਮਾਂ ਵਿੱਚ ਜਸ਼ਨ ਮਨਾਉਂਦੇ ਸਮੇਂ ਗੋਲੀ ਚਲਾਉਣ ਨਾਲ ਜੇ ਕੋਈ ਦੁਰਘਟਨਾ ਹੋਈ ਤਾਂ ਸਮਾਗਮ ਕਰਨ ਵਾਲੇ ਜ਼ਿੰਮੇਵਾਰ ਹੋਣਗੇ।

ਜਸਟਿਸ ਵਿਭੂ ਬਾਰਵਰੂ ਨੇ ਕਿਹਾ ਕਿ ਸਮਾਗਮ ਦੇ ਪ੍ਰਬੰਧਕ ਨੂੰ ਇਹ ਨਿਸ਼ਚਤ ਕਰਨਾ ਚਾਹੀਦਾ ਹੈ ਕਿ ਉਨ੍ਹਾਂ ਦੇ ਸਮਾਗਮ ਵਿੱਚ ਆਉਣ ਵਾਲੇ ਮਹਿਮਾਨ ਗੋਲੀ ਨਾ ਚਲਾਉਣ। ਜੇ ਇਸ ਤਰ੍ਹਾਂ ਹੁੰਦਾ ਹੈ ਤਾਂ ਪੁਲਸ ਨੂੰ ਇਸ ਦੀ ਸੂਚਨਾ ਦੇਣੀ ਪਵੇਗੀ। ਅਦਾਲਤ ਨੇ ਕਿਹਾ ਕਿ ਜੇ ਅਜਿਹੇ ਕੇਸਾਂ ਵਿੱਚ ਸਰਕਾਰ ਕੋਈ ਹੁਕਮ ਜਾਰੀ ਨਹੀਂ ਕਰਦੀ, ਉਦੋਂ ਇਸ ਸੰਬੰਧੀ ਪ੍ਰਬੰਧਕਾਂ ਨੂੰ ਜ਼ਿੰਮੇਵਾਰੀ ਤੈਅ ਕਰਨ ਦੀ ਲੋੜ ਹੁੰਦੀ ਹੈ। ਆਮ ਤੌਰ 'ਤੇ ਜਦ ਵਿਆਹ ਜਾਂ ਹੋਰ ਪ੍ਰੋਗਰਾਮ ਹੁੰਦੇ ਹਨ ਤਾਂ ਲੋਕ ਹਥਿਆਰ ਨਾਲ ਲੈ ਆਉਂਦੇ ਹਨ ਤੇ ਖੁਸ਼ੀ ਅਤੇ ਫੋਕੀ ਟੌਹਰ ਲਈ ਗੋਲੀ ਚਲਾ ਦਿੰਦੇ ਹਨ ਜਿਸ ਨਾਲ ਜਾਨੀ ਨੁਕਸਾਨ ਹੋਣ ਦਾ ਖਦਸ਼ਾ ਹੁੰਦਾ ਹੈ। ਸ਼ਿਆਮ ਸੁੰਦਰ ਕੌਸ਼ਲ ਵੱਲੋਂ ਪਾਈ ਪਟੀਸ਼ਨ ਦੀ ਸੁਣਵਾਈ ਕਰਦਿਆਂ ਅਦਾਲਤ ਨੇ ਹੁਕਮ ਦਿੱਤੇ।

ਸਾਲ 2016 ਵਿੱਚ ਪਟੀਸ਼ਨ ਕਰਤਾ ਦੇ ਘਰ ਲਾਗੇ ਵਿਆਹ ਦੇ ਪ੍ਰੋਗਰਾਮ 'ਚ ਗੋਲੀ ਚੱਲਣ ਨਾਲ ਉਨ੍ਹਾਂ ਦੀ ਬੇਟੀ ਦੀ ਮੌਤ ਹੋ ਗਈ ਸੀ, ਜਿਸ 'ਤੇ ਉਨ੍ਹਾਂ ਨੇ ਲਾੜੇ ਦੇ ਪਰਵਾਰ ਤੋਂ 50 ਲੱਖ ਰੁਪਏ ਮੁਆਵਜ਼ੇ ਦੀ ਮੰਗ ਕੀਤੀ ਹੈ। ਪਟੀਸ਼ਨਰ ਨੇ ਦਿੱਲੀ ਸਰਕਾਰ, ਕੇਂਦਰ ਸਰਕਾਰ ਅਤੇ ਪੁਲਸ ਕੋਲੋਂ ਵੀ ਮੁਆਵਜ਼ੇ ਦੀ ਮੰਗ ਕੀਤੀ ਹੈ। ਲਾੜੇ ਦੇ ਪਰਵਾਰ ਨੇ ਕਿਹਾ ਕਿ ਉਨ੍ਹਾਂ ਦੇ ਸਮਾਗਮ ਵਿੱਚ ਉਨ੍ਹਾਂ ਦੇ ਮਹਿਮਾਨਾਂ ਵੱਲੋਂ ਚਲਾਈ ਗੋਲੀ ਦਾ ਉਨ੍ਹਾਂ ਨੂੰ ਕੋਈ ਪਤਾ ਨਹੀਂ ਤੇ ਕਿਸੇ ਵੱਲੋਂ ਚਲਾਈ ਗੋਲੀ 'ਤੇ ਉਨ੍ਹਾਂ ਦਾ ਕੰਟਰੋਲ ਨਹੀਂ ਸੀ। ਅਦਾਲਤ ਨੇ ਇਸ ਦਲੀਲ ਨੂੰ ਨਹੀਂ ਮੰਨਿਆ ਅਤੇ ਕਿਹਾ ਕਿ ਲਾੜੇ ਅਤੇ ਉਸ ਦੇ ਪਿਤਾ ਨੇ ਇਸ ਸਮਾਗਮ ਦਾ ਪ੍ਰਬੰਧ ਕੀਤਾ ਸੀ ਜਿਸ ਕਰ ਕੇ ਉਨ੍ਹਾਂ ਨੂੰ ਹੀ ਜ਼ਿੰਮੇਵਾਰ ਠਹਿਰਾਇਆ ਜਾਏਗਾ।

# ਅੱਧੇ ਤੋਂ ਵੱਧ ਗਰੀਬਾਂ ਦਾ ਆਧਾਰ ਕਾਰਡ ਲਿੰਕ ਨਹੀਂ, ਸਰਕਾਰੀ ਯੋਜਨਾਵਾਂ ਦਾ ਲਾਭ ਕਿਵੇਂ ਮਿਲੇਗਾ

ਨਵੀਂ ਦਿੱਲੀ, 13 ਨਵੰਬਰ (ਪੋਸਟ ਬਿਊਰੋ)- ਬੀਤੇ ਸਤੰਬਰ 'ਚ ਸੁਪਰੀਮ ਕੋਰਟ ਨੇ 12 ਨੰਬਰਾਂ ਦੇ ਵਿਸ਼ੇਸ਼ ਪਛਾਣ ਵਾਲੇ ਆਧਾਰ ਕਾਰਡ ਨੂੰ ਸਰਕਾਰੀ ਸਬਸਿਡੀ ਅਤੇ ਲੋਕ ਭਲਾਈ ਯੋਜਨਾਵਾਂ ਲਈ ਲਾਜ਼ਮੀ ਕੀਤਾ ਸੀ, ਪਰ ਦੇਸ਼ ਦੇ ਅੱਧੇ ਤੋਂ ਵੱਧ ਗਰੀਬਾਂ ਦੇ ਆਧਾਰ ਕਾਰਡ ਲਿੰਕ ਨਾ ਹੋਣ ਕਾਰਨ ਸਰਕਾਰੀ ਯੋਜਨਾਵਾਂ ਦਾ ਲਾਭ ਉਨ੍ਹਾਂ ਤੱਕ ਨਹੀਂ ਪਹੁੰਚ ਰਿਹਾ। 50 ਫੀਸਦੀ ਤੋਂ ਵੱਧ ਗਰੀਬਾਂ ਦੇ ਆਧਾਰ ਕਾਰਡ ਦੇ ਬਿਊਰੇ ਦੀ ਪੁਸ਼ਟੀ ਨਹੀਂ ਕੀਤੀ ਜਾ ਸਕੀ। ਬੈਂਕ ਖਾਤਾ ਖੋਲ੍ਹਣ ਅਤੇ ਸਿਮ ਖਰੀਦਣ ਲਈ ਇਸ ਨੂੰ ਜ਼ਰੂਰੀ ਨਹੀਂ ਰਹਿਣ ਦਿੱਤਾ ਗਿਆ ਸੀ।

ਮਿਲੀ ਜਾਣਕਾਰੀ ਅਨੁਸਾਰ ਨੈਸ਼ਨਲ ਸੋਸ਼ਲ ਹੈਲਪ ਪ੍ਰੋਗਰਾਮ ਦਾ ਲਾਭ ਲੈਣ ਲਈ ਰਜਿਸਟਰਡ 2.84 ਕਰੋੜ ਲਾਭ ਪਾਤਰੀਆਂ ਵਿੱਚੋਂ 1.92 ਕਰੋੜ ਲਾਭ ਪਾਤਰੀਆਂ ਦੇ ਆਧਾਰ ਕਾਰਡ ਲਿੰਕ ਹੋਏ ਹਨ ਅਤੇ ਉਨ੍ਹਾਂ 'ਚੋਂ ਸਿਰਫ 1.02 ਕਰੋੜ ਲਾਭ ਪਾਤਰੀਆਂ ਦੀ ਆਧਾਰ ਡਿਟੇਲ ਤਸਦੀਕ ਕੀਤੀ ਜਾ ਸਕੀ ਹੈ। ਜਾਣਕਾਰ ਸੂਤਰਾਂ ਮੁਤਾਬਕ ਕੇਂਦਰੀ ਪੇਂਡੂ ਵਿਕਾਸ ਸਕੱਤਰ ਅਮਰਜੀਤ ਸਿਨਹਾ ਨੇ 1 ਨਵੰਬਰ ਨੂੰ ਰਾਜ ਸਰਕਾਰਾਂ ਨੂੰ ਚਿੱਠੀ ਲਿਖੀ ਹੈ ਕਿ ਜਿਨ੍ਹਾਂ ਲਾਭ ਪਾਤਰੀਆਂ ਦੇ ਆਧਾਰ ਕਾਰਡ ਨੂੰ ਤਸਦੀਕ ਨਹੀਂ ਕੀਤਾ ਜਾ ਸਕਿਆ, ਉਸ ਦੇ ਲਈ ਵਿਸ਼ੇਸ਼ ਕੋਸ਼ਿਸ਼ ਕੀਤੇ ਜਾਣ ਦੀ ਲੋੜ ਹੈ। ਰਿਪੋਰਟ ਮੁਤਾਬਕ ਸਿਨਹਾ ਨੇ ਗਰੀਬਾਂ ਦੇ ਅੰਕੜਿਆਂ ਬਾਰੇ ਵੀ ਦੱਸਿਆ। ਰਾਜਾਂ ਦੇ ਸਮਾਜਕ ਭਲਾਈ ਸਕੱਤਰਾਂ ਨੂੰ ਲਿਖੇ ਪੱਤਰ 'ਚ ਸਿਨ੍ਹਾ ਨੇ ਧਿਆਨ ਦਿਵਾਇਆ ਕਿ ਕੁਲ ਲਾਭ ਪਾਤਰੀਆਂ ਅਤੇ ਆਧਾਰ ਡਿਟੇਲ ਤਸਦੀਕ ਹੋਣ ਵਾਲੇ ਲਾਭ ਪਾਤਰੀਆਂ 'ਚ ਫਰਕ ਬਹੁਤ ਹੈ, ਜਿਸ ਨੂੰ ਖਤਮ ਕਰਨ ਲਈ ਵਿਸ਼ੇਸ਼ ਕੋਸ਼ਿਸ਼ ਕੀਤੇ ਜਾਣ ਦੀ ਜ਼ਰੂਰਤ ਹੈ।

ਨੈਸ਼ਨਲ ਸੋਸ਼ਲ ਏਡ ਪ੍ਰੋਗਰਾਮ (ਐੱਨ ਐੱਸ ਏ ਪੀ) ਨਾਲ ਬਜ਼ੁਰਗਾਂ, ਵਿਧਵਾਵਾਂ, ਅੰਗਹੀਣਾਂ ਅਤੇ ਗਰੀਬ ਘਰਾਂ ਦੀ ਗਰਭਵਤੀ ਔਰਤਾਂ ਨੂੰ ਸਰਕਾਰੀ ਲਾਭ ਮਿਲਦਾ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਆਧਾਰ ਕਾਰਡ ਨੂੰ ਬੈਂਕ ਜਾਂ ਪੋਸਟ ਆਫਿਸ ਦੇ ਸੇਵਿੰਗ ਅਕਾਊਂਟ ਅਤੇ ਬਾਇਓਮੀਟ੍ਰਿਕ ਬਿਊਰੇ ਲਈ ਦੇਣ ਤੇ ਸੂਬਾ ਸਰਕਾਰਾਂ ਵੱਲੋਂ ਉਸ ਨੂੰ ਤਸਦੀਕ ਕੀਤੇ ਜਾਣ 'ਤੇ ਲੋਕਾਂ ਲਈ ਪੇਮੈਂਟ ਲੈਣਾ ਸੌਖਾ ਹੋ ਜਾਂਦਾ ਹੈ। ਸਿਨਹਾ ਨੇ ਰਾਜਾਂ ਨੂੰ ਬਿਨਾਂ ਕਿਸੇ ਦੇਰੀ ਦੇ ਲਾਭ ਪਾਤਰੀਆਂ ਦੇ ਆਧਾਰ ਤਸਦੀਕ ਨੂੰ ਪੂਰਾ ਕਰਨ ਦਾ ਨਿਰਦੇਸ਼ ਦਿੱਤਾ।

jobs! jobs! jobs! jobs! jobs!

DUNDAS·JAFINE

HELP WANTED

ਕਾਮਿਆਂ ਦੀ ਲੋੜ

ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ। ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Road – See Kamal 905-458-4733
80 West Drive – See Ravinder 905-450-7200

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

Jobs Jobs Jobs

General Labour/ Drivers/ Window Assemblers & Machine Operators

– Full time/Part time workers Needed
– Morning & Afternoon Shifts Available
– 12 ਘੰਟੇ ਦੀਆਂ Shifts Available ਹਨ
– 7 ਦਿਨ ਕੰਮ ਉਪਲਬੱਧ ਹੈ।
– ਦਿਨ ਅਤੇ ਰਾਤ ਦੀਆਂ ਸਾਰੀਆਂ Shifts Available ਹਨ
– ਕੰਮ ਦੀ ਟ੍ਰੇਨਿੰਗ ਪਹਿਲਾਂ ਦਿਤੀ ਜਾਵੇਗੀ

ਜਿਆਦਾ ਜਾਣਕਾਰੀ ਲਈ ਸੰਪਰਕ ਕਰੋ:-
416.618.6030
2355 Derry Rd E, Unit #20, 2nd Floor, Mississauga
Torbram/Derry intersection ਦੇ ਨੇੜੇ



# ਸੰਪਾਦਕੀ

## ਲਿਬਰਲਾਂ ਨੂੰ ਮਹਿੰਗੀ ਪਵੇਗੀ ਡੱਗ ਫੋਰਡ ਦੀ ਮਾਰ

2018 ਦੀਆਂ ਚੋਣਾਂ ਵਿੱਚ 124 ਵਿੱਚੋਂ ਮਹਿਜ਼ 7 ਸੀਟਾਂ ਜਿੱਤਣ ਕਾਰਣ ਪਹਿਲਾਂ ਹੀ ਭੁੰਜੇ ਡਿੱਗੀ ਪਈ ਲਿਬਰਲ ਪਾਰਟੀ ਨੂੰ ਪ੍ਰੋਵਿੰਸ਼ੀਅਲ ਟੋਰੀ ਸਰਕਾਰ ਵੱਲੋਂ ਇੱਕ ਹੋਰ ਝੱਟਕਾ ਦਿੱਤਾ ਜਾ ਰਿਹਾ ਹੈ। ਪ੍ਰੋਗਰੈਸਿਵ ਕੰਜ਼ਰਵੇਟਿਵ ਸਰਕਾਰ ਦੇ ਹਾਊਸ ਲੀਡਰ ਟੌਡ ਸਮਿਥ ਨੇ ਕੱਲ ਐਲਾਨ ਕੀਤਾ ਹੈ ਕਿ ਇਸ ਹਫ਼ਤੇ ਜਾਰੀ ਕੀਤੀ ਜਾਣ ਵਾਲੀ 'ਫਾਲ ਇਕਾਨਮਿਕ ਸਟੇਟਮੈਂਟ (fall economic statement) ਵਿੱਚ ਕਿਸੇ ਸਿਆਸੀ ਪਾਰਟੀ ਲਈ ਅਧਿਕਾਰਤ ਸਿਆਸੀ ਪਾਰਟੀ ਹੋਣ ਦਾ ਦਰਜ਼ਾ ਹਾਸਲ ਕਰਨ ਲਈ ਐਮ ਪੀ ਪੀਆਂ ਦੀ ਗਿਣਤੀ ਨੂੰ ਵਧਾਉਣਾ ਸ਼ਾਮਲ ਹੋਵੇਗਾ। ਵਰਨਣਯੋਗ ਹੈ ਕਿ ਵਰਤਮਾਨ ਵਿੱਚ ਅਧਿਕਾਰਤ ਸਿਆਸੀ ਪਾਰਟੀ ਦਾ ਦਰਜਾ ਹਾਸਲ ਕਰਨ ਲਈ ਕਿਸੇ ਪਾਰਟੀ ਦੇ ਪ੍ਰੋਵਿੰਸ਼ੀਅਲ ਪਾਰਲੀਮੈਂਟ ਵਿੱਚ ਘੱਟੋ ਘੱਟ 8 ਮੈਂਬਰ ਹੋਣੇ ਲਾਜ਼ਮੀ ਹਨ। ਲਿਬਰਲ ਇਸ ਟੀਚੇ ਤੋਂ ਇੱਕ ਸੀਟ ਘੱਟ ਹਨ।

ਹੁਣ ਸਰਕਾਰ ਵੱਲੋਂ ਇਸ ਟੀਚੇ ਨੂੰ ਕੁੱਲ ਸੀਟਾਂ ਦਾ 10% ਬਣਾਇਆ ਜਾ ਰਿਹਾ ਹੈ ਜਿਸਦਾ ਅਰਥ ਹੈ ਕਿ ਅਧਿਕਾਰਤ ਸਿਆਸੀ ਪਾਰਟੀ ਦਾ ਦਰਜ਼ਾ ਹਾਸਲ ਕਰਨ ਲਈ ਕਿਸੇ ਸਿਆਸੀ ਪਾਰਟੀ ਕੋਲ ਘੱਟੋ ਘੱਟ 12 ਐਮ ਪੀ ਪੀ ਹੋਣੇ ਲਾਜ਼ਮੀ ਬਣ ਜਾਣਗੇ। ਇਸ ਰੱਦੋ ਬਦਲ ਦਾ ਇੱਕ ਨਤੀਜਾ ਇਹ ਹੋਵੇਗਾ ਕਿ ਆਉਣ ਵਾਲੇ ਸਮੇਂ ਵਿੱਚ ਲਿਬਰਲ ਪਾਰਟੀ ਕੋਲ ਕਿਸੇ ਕਿਸਮ ਦੀ ਤੋੜ ਭੰਨ ਕਰਕੇ ਇੱਕ ਅੱਧੇ ਮੈਂਬਰ ਨੂੰ ਨਾਲ ਰਲਾ ਕੇ ਅਧਿਕਾਰਤ ਸਿਆਸੀ ਪਾਰਟੀ ਦਾ ਦਰਜ਼ਾ ਹਾਸਲ ਕਰਨ ਦੀ ਗੁੰਜਾਇਸ਼ ਨਹੀਂ ਰਹੀ ਹੈ। 5 ਐਮ ਪੀ ਪੀਆਂ ਦੀ ਭੰਨ ਤੋੜ ਕਰਨੀ ਇੱਕ ਅਸੰਭਵ ਖੇਡ ਹੈ।

ਚੇਤੇ ਰਹੇ ਕਿ ਬੀਤੇ ਦਿਨੀਂ ਲਿਬਰਲ ਪਾਰਟੀ ਨੇ ਕੰਜ਼ਰਵੇਟਿਵ ਸਰਕਾਰ ਨੂੰ ਬੇਨਤੀ ਕੀਤੀ ਸੀ ਕਿ ਉਹਨਾਂ ਨਾਲ ਥੋੜੀ ਢਿੱਲ ਵਰਤੀ ਜਾਵੇ ਅਤੇ ਕੁੱਝ ਛੋਟਾਂ ਦਿੱਤੀਆਂ ਜਾਣ। ਮੰਗੀਆਂ ਗਈਆਂ ਛੋਟਾਂ ਵਿੱਚ ਸਿਆਸੀ ਪਾਰਟੀਆਂ ਨੂੰ ਆਪਣਾ ਕੰਮ ਕਾਜ ਚਲਾਉਣ ਲਈ ਸਟਾਫ ਅਤੇ ਖੋਜ ਆਦਿ ਲਈ ਮਿਲਣ ਵਾਲੇ ਫੰਡਾਂ ਨੂੰ ਜਾਰੀ ਰੱਖਣ ਦੀ ਮੰਗ ਸ਼ਾਮਲ ਸੀ। ਡੱਗ ਫੋਰਡ ਦੇ ਟੋਰੀਆਂ ਨੇ ਲਿਬਰਲਾਂ ਦੀ ਬੇਨਤੀ ਨੂੰ ਮੰਨਣ ਦਾ ਭਰੋਸਾ ਦੇਣਾ ਤਾਂ ਦੂਰ ਸਗੋਂ ਉਹਨਾਂ ਲਈ ਮੁਸ਼ਕਲਾਂ ਨੂੰ ਵਧਾਉਣ ਦਾ ਰਾਹ ਪੱਧਰਾ ਕਰਨ ਦਾ ਫੈਸਲਾ ਕਰ ਲਿਆ ਹੈ।

ਅੱਜ ਜੋ ਵਰਤਾਅ ਲਿਬਰਲਾਂ ਨਾਲ ਟੋਰੀ ਕਰ ਰਹੇ ਹਨ, ਬਿਲਕੁਲ ਇਹੋ ਜਿਹਾ ਵਰਤਾਅ ਕਿਸੇ ਸਮੇਂ ਲਿਬਰਲ ਸਰਕਾਰ ਐਨ ਡੀ ਪੀ ਨਾਲ ਕਰ ਚੁੱਕੀ ਹੈ। 2003 ਦੀਆਂ ਉਂਟੇਰੀਓ ਚੋਣਾਂ ਤੋਂ ਬਾਅਦ ਐਨ ਡੀ ਪੀ ਕੋਲ ਸਿਰਫ਼ 7 ਸੀਟਾਂ ਰਹਿ ਗਈਆਂ ਸਨ। ਨਵੀਂ ਚੁਣੀ ਗਈ ਡਾਲਟਨ ਮਗਿੰਟੀ ਦੀ ਲਿਬਰਲ ਸਰਕਾਰ ਨੇ ਐਨ ਡੀ ਪੀ ਨੂੰ ਅਧਿਕਾਰਤ ਸਿਆਸੀ ਪਾਰਟੀ ਦਾ ਦਰਜ਼ਾ ਦੇਣ ਤੋਂ ਨਾਂਹ ਕਰ ਦਿੱਤੀ ਸੀ। ਮਗਿੰਟੀ ਦੇ ਵਰਤਾਅ ਤੋਂ ਗੁੱਸੇ ਹੋ ਕੇ ਤਤਕਾਲੀ ਐਨ ਡੀ ਪੀ ਲੀਡਰ ਹਾਵਰਡ ਹੈਂਪਟਨ ਨੇ ਥਰੋਨ ਸਪੀਚ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਸੀ। ਮਗਿੰਟੀ ਦੇ ਫੈਸਲੇ ਕਾਰਣ ਐਨ ਡੀ ਪੀ ਦੇ 7 ਐਮ ਪੀ ਪੀਆਂ ਨੂੰ ਅਜ਼ਾਦ ਬੈਠਣਾ ਪਿਆ ਸੀ। ਇਹ ਬਿਲਕੁਲ ਉਹੀ ਵਤੀਰਾ ਸੀ ਜੋ ਹੁਣ ਟੋਰੀਆਂ ਵੱਲੋਂ ਲਿਬਰਲ ਪਾਰਟੀ ਨਾਲ ਕੀਤਾ ਜਾ ਰਿਹਾ ਹੈ। ਜਿਸ ਪਾਰਟੀ ਕੋਲ ਅਧਿਕਾਰਤ ਸਿਆਸੀ ਪਾਰਟੀ ਦਾ ਦਰਜ਼ਾ ਨਹੀਂ ਹੁੰਦਾ, ਉਸਦੇ ਐਮ ਪੀ ਪੀਆਂ ਨੂੰ ਪਾਰਲੀਮੈਂਟ ਵਿੱਚ ਉਸ ਸਿਆਸੀ ਪਾਰਟੀ ਦੇ ਨਾਮ ਨਾਲ ਨਹੀਂ ਸਗੋਂ ਉਹਨਾਂ ਦੇ ਵਿਅਕਤੀਗਤ ਨਾਮ ਨਾਲ ਸੰਬੋਧਨ ਕੀਤਾ ਜਾਂਦਾ ਹੈ।

2003 ਵਿੱਚ ਐਨ ਡੀ ਪੀ ਲਈ ਇੱਕ ਗੱਲ ਚੰਗੀ ਹੋਈ ਸੀ ਕਿ ਸਰਕਾਰ ਨੇ ਉਸਨੂੰ ਮਿਲੀਆਂ ਵੋਟਾਂ ਦੇ ਹਿਸਾਬ ਨਾਲ ਮਿਲਣ ਵਾਲੇ ਡਾਲਰ ਅਦਾ ਕਰ ਦਿੱਤੇ ਸੀ। ਖਦਸ਼ਾ ਹੈ ਕਿ ਸ਼ਾਇਦ ਟੋਰੀ ਸਰਕਾਰ ਲਿਬਰਲਾਂ ਨੂੰ ਮਿਲਣ ਵਾਲੇ ਸਰਕਾਰੀ ਡਾਲਰ ਵੀ ਨਾ ਦੇਵੇ। ਅਜਿਹਾ ਹੋਣ ਨਾਲ ਲਿਬਰਲ ਪਾਰਟੀ ਦੀ ਪਹਿਲਾਂ ਹੀ ਖਸਤਾ ਹੋਈ ਆਰਥਕ ਹਾਲਤ ਹੋਰ ਨਾਜ਼ੁਕ ਹੋ ਜਾਵੇਗੀ। ਚੋਣਾਂ ਦੌਰਾਨ ਡੱਗ ਫੋਰਡ ਨੇ ਵਾਅਦਾ ਕੀਤਾ ਸੀ ਕਿ ਸਰਕਾਰ ਬਣਨ ਦੀ ਸੂਰਤ ਵਿੱਚ ਉਹ ਸਿਆਸੀ ਪਾਰਟੀਆਂ ਨੂੰ ਮਿਲਣ ਵਾਲੇ ਟੈਕਸ ਡਾਲਰ ਬੰਦ ਕਰ ਦੇਵੇਗਾ। ਅਜਿਹਾ ਹੋਣ ਦੀ ਸੂਰਤ ਵਿੱਚ ਟੋਰੀਆਂ ਨੂੰ ਪ੍ਰਤੀ ਸਾਲ 5.5 ਮਿਲੀਅਨ ਡਾਲਰ, ਐਨ ਡੀ ਪੀ ਨੂੰ 4.6 ਮਿਲੀਅਨ ਡਾਲਰ, ਲਿਬਰਲਾਂ ਨੂੰ 2.6 ਮਿਲੀਅਨ ਡਾਲਰ ਅਤੇ ਗਰੀਨ ਪਾਰਟੀ ਨੂੰ 6 ਲੱਖ 30 ਹਜ਼ਾਰ ਡਾਲਰ ਨਹੀਂ ਮਿਲਣਗੇ।

ਸਾਲ 2018 ਵਿੱਚ ਸਤੰਬਰ ਮਹੀਨੇ ਤੱਕ ਲਿਬਰਲਾਂ ਦੀ 1 ਮਿਲੀਅਨ ਡਾਲਰ ਡੋਨੇਸ਼ਨ ਇਕੱਤਰ ਕਰਨ ਦੇ ਮੁਕਾਬਲੇ ਟੋਰੀ 3 ਮਿਲੀਅਨ ਡਾਲਰ ਇੱਕਤਰ ਕਰ ਚੁੱਕੇ ਹਨ। ਇਸ ਹਫ਼ਤੇ ਦੇ ਅੰਤ ਤੱਕ ਦਾ ਸਮਾਂ ਦਿਲਚਸਪ ਹੋਵੇਗਾ ਜਦੋਂ ਪਤਾ ਲੱਗ ਜਾਵੇਗਾ ਕਿ ਕੀ ਲਿਬਰਲਾਂ ਦੀ ਮਸ਼ੀਨਰੀ ਨੂੰ ਕਮਜ਼ੋਰ ਕਰਨ ਲਈ ਡੱਗ ਫੋਰਡ ਸਿਆਸੀ ਪਾਰਟੀ ਲਈ ਸਰਕਾਰੀ ਫੰਡਾਂ ਨੂੰ ਬੰਦ ਕਰ ਦੇਵੇਗਾ ਜਾਂ ਨਹੀਂ?

## ਸਲਮਾਨ ਨੂੰ ਸ਼ੂਟਿੰਗ ਲਈ ਦਿੱਤੀ ਜ਼ਮੀਨ ਲਈ ਕਿਸਾਨ ਨੂੰ 3.65 ਲੱਖ ਮਿਲੇ

ਲੁਧਿਆਣਾ, 13 ਨਵੰਬਰ (ਪੋਸਟ ਬਿਊਰੋ)- ਕਦੇ ਸੁਫਨੇ ਵਿੱਚ ਨਹੀਂ ਸੋਚਿਆ ਸੀ ਕਿ ਆਪਣੀ ਜ਼ਮੀਨ ਕਿਸੇ ਫਿਲਮ ਦੀ ਸ਼ੂਟਿੰਗ ਲਈ ਕਿਰਾਏ 'ਤੇ ਦੇਣ ਤੋਂ ਇੰਨਾ ਪੈਸਾ ਮਿਲੇਗਾ ਕਿ ਘਰ ਦੇ ਹਾਲਾਤ ਸੁਧਰ ਜਾਣਗੇ।




ਦਸ ਦਿਨ ਪਹਿਲਾਂ ਇਸ ਬਾਰੇ ਗੱਲਬਾਤ ਹੋਈ ਤਾਂ ਪਹਿਲਾਂ ਕਿਸਾਨ ਸੋਚੀਂ ਪੈ ਗਿਆ ਕਿ ਕੀ ਕੀਤਾ ਜਾਏ। ਫਿਰ ਦੱਸਿਆ ਗਿਆ ਕਿ ਕਰੀਬ ਤਿੰਨ ਹਫਤੇ ਲਈ ਇੱਕ ਕਿੱਲੇ ਜ਼ਮੀਨ ਦਾ ਕਿਰਾਇਆ 85 ਹਜ਼ਾਰ ਰੁਪਏ ਮਿਲੇਗਾ ਅਤੇ 25 ਨਵੰਬਰ ਤੱਕ ਸਾਢੇ ਚਾਰ ਕਿੱਲੇ ਜ਼ਮੀਨ ਕਿਰਾਏ 'ਤੇ ਦੇਣ ਬਦਲੇ ਤਿੰਨ ਲੱਖ 65 ਹਜ਼ਾਰ ਰੁਪਏ ਕਿਰਾਇਆ ਮਿਲਣ ਦਾ ਸਮਝੌਤਾ ਹੋਇਆ। ਸਾਰੀ ਰਕਮ ਮਿਲਦੇ ਸਾਰ ਇਸ ਵਿੱਚੋਂ ਇੱਕ ਲੱਖ ਰੁਪਏ ਕਰਜ਼ੇ ਮੋੜਨ ਲਈ ਵੱਖ ਕੱਢ ਲਏ। ਬਾਕੀ ਰਕਮ ਘਰ ਦੇ ਜ਼ਰੂਰੀ ਖਰਚਿਆਂ ਤੇ 14 ਸਾਲਾ ਬੇਟੇ ਬਲਕਰਨ ਸਿੰਘ ਤੇ 12 ਸਾਲਾ ਬੇਟੀ ਪ੍ਰਭਜੋਤ ਕੌਰ ਦੀ ਪੜ੍ਹਾਈ ਵਿੱਚ ਖਰਚ ਕਰਨੀ ਹੈ। ਇਹ ਕਿਹਾ ਹੈ ਬੱਲੋਵਾਲ ਪਿੰਡ ਦੇ ਕਿਸਾਨ ਸੁਰਿੰਦਰ ਸਿੰਘ ਨੇ। ਉਸ ਦੀ ਜ਼ਮੀਨ 'ਤੇ ਬਾਲੀਵੁੱਡ ਸਟਾਰ ਸਲਮਾਨ ਖਾਨ ਦੀ ਫਿਲਮ 'ਭਾਰਤ' ਦੀ ਸ਼ੂਟਿੰਗ ਹੋ ਰਹੀ ਹੈ। ਸੁਰਿੰਦਰ ਦੇ ਇਲਾਵਾ ਉਸ ਦੇ ਭਰਾ ਚਰਨਜੀਤ ਸਿੰਘ ਦੀ ਛੇ ਕਿੱਲੇ ਅਤੇ ਪਿੰਡ ਦੇ ਕੁਲਦੀਪ ਸਿੰਘ ਦੀ ਸਾਢੇ ਪੰਜ ਕਿੱਲੇ ਜ਼ਮੀਨ 'ਤੇ ਵੀ ਸ਼ੂਟਿੰਗ ਦੇ ਲੇਈ ਸੈਟ ਲੱਗੇ ਹਨ। ਉਨ੍ਹਾਂ ਨੂੰ ਵੀ 85 ਹਜ਼ਾਰ ਕਿੱਲਾ ਕਿਰਾਇਆ ਮਿਲਿਆ ਹੈ।

## ਕਾਰੋਬਾਰੀ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਟਰੂਡੋ ਏਸ਼ੀਆ ਪਹੁੰਚੇ

...ਪੰਨਾ 1 ਦਾ ਬਾਕੀ

ਦੀ ਸਾਂਝੀ ਆਬਾਦੀ 650 ਮਿਲੀਅਨ ਹੈ ਤੇ ਇਹ ਪਹਿਲਾਂ ਹੀ ਕੈਨੇਡਾ ਦਾ ਛੇਵਾਂ ਸੱਭ ਤੋਂ ਵੱਡਾ ਕਾਰੋਬਾਰੀ ਭਾਈਵਾਲ ਹੈ।

ਇਹ ਸਿਖਰ ਵਾਰਤਾ ਪੂਰਬੀ ਏਸ਼ੀਆ ਦਾ ਸੱਭ ਤੋਂ ਅਹਿਮ ਇੱਕਠ ਹੈ ਤੇ ਟਰੂਡੋ ਲਗਾਤਾਰ ਦੂਜੇ ਸਾਲ ਉੱਥੇ ਗਏ ਹਨ। ਪਿਛਲੀ ਵਾਰੀ ਉਹ ਪਹਿਲੇ ਕੈਨੇਡੀਅਨ ਸਨ ਜਿਨ੍ਹਾਂ ਵੱਲੋਂ ਇਸ ਸਿਖਰ ਵਾਰਤਾ ਵਿੱਚ ਹਿੱਸਾ ਲਿਆ ਗਿਆ ਸੀ। ਪਰ ਮਾਹਿਰਾਂ ਦਾ ਕਹਿਣਾ ਹੈ ਕਿ ਕੈਨੇਡਾ ਲਈ ਇਹ ਸੌਖਾ ਨਹੀਂ ਹੈ। ਆਸੀਆਨ ਮੁਲਕ ਅਜੇ ਤੱਕ ਪਰਵਾਨ ਕੀਤੀ ਜਾ ਚੁੱਕੀ ਪੈਸੇਫਿਕ ਰਿਮ ਟਰੇਡ ਡੀਲ, ਜਿਸ ਨੂੰ ਕਾਂਪਰੀਹੈਂਸਿਵ ਐਂਡ ਪ੍ਰੋਗਰੈਸਿਵ ਅਗਰੀਮੈਂਟ ਫੌਰ ਟਰਾਂਸ ਪੈਸੇਫਿਕ ਪਾਰਟਨਰਸ਼ਿਪ (ਸੀਪੀਟੀਪੀਪੀ) ਆਖਿਆ ਜਾਂਦਾ ਹੈ, ਉੱਤੇ ਦਸਤਖ਼ਤ ਕਰਨ ਲਈ ਵੀ ਸਹਿਮਤ ਨਹੀਂ ਹੋਏ ਹਨ।

ਕਿਊਬਿਕ ਦੇ ਸਾਬਕਾ ਪ੍ਰੀਮੀਅਰ ਜੀਨ ਚਾਰੈਸਟ ਦਾ ਕਹਿਣਾ ਹੈ ਕਿ ਯੂਰਪ ਤੇ ਪੈਸੇਫਿਕ ਰਿੰਮ ਦੇਸ਼ਾਂ ਨਾਲ ਕੈਨੇਡਾ ਦੀ ਫਾਈਨਲ ਹੋ ਚੁੱਕੀ ਟਰੇਡ ਡੀਲ, ਮੈਕਸਿਕੋ ਤੇ ਅਮਰੀਕਾ ਨਾਲ ਸਿਰੇ ਚੜ੍ਹੀ ਕੈਨੇਡਾ ਦੀ ਡੀਲ ਤੋਂ ਇਲਾਵਾ ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਵੱਲੋਂ ਹੋਰਨਾਂ ਦੇਸ਼ਾਂ ਨਾਲ ਪਾਏ ਗਏ ਕਾਰੋਬਾਰੀ ਅੜਿੱਕਿਆਂ ਨਾਲ ਕੈਨੇਡਾ ਨੂੰ ਫਾਇਦਾ ਜ਼ਰੂਰ ਹੋ ਸਕਦਾ ਹੈ।

## ਸਖ਼ਤ ਮੁਕਾਬਲੇ ਵਿੱਚ ਕਿਰਸਟੀਨਾ ਨੇ ਮੈਕਸੈਲੀ ਨੂੰ ਦਿੱਤੀ ਸ਼ਿਕਸਤ

...ਪੰਨਾ 1 ਦਾ ਬਾਕੀ

ਉਹ ਰਿਪਬਲਿਕਨ ਜੈੱਫ ਫਲੇਕ ਦੀ ਜਾਨਸ਼ੀਨ ਹੋਵੇਗੀ, ਜੋ ਕਿ ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਦੇ ਸਖਤ ਆਲੋਚਕ ਹਨ।

ਸੋਮਵਾਰ ਰਾਤ ਨੂੰ ਸਿਨੇਮਾ ਨੇ ਆਪਣੇ ਸਮਰਥਕਾਂ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਇਹ ਕੋਈ ਸੌਖਾ ਰਾਹ ਨਹੀਂ ਹੈ ਤੇ ਇਹ ਰਾਤੋ ਰਾਤ ਨਹੀਂ ਹੋਵੇਗਾ। ਉਨ੍ਹਾਂ ਆਖਿਆ ਕਿ ਆਪਣੇ ਦਰਪੇਸ਼ ਚੁਣੌਤੀਆਂ ਦਾ ਅਸੀਂ ਰਲ ਕੇ ਸਾਹਮਣਾ ਕਰਾਂਗੇ ਤੇ ਇਨ੍ਹਾਂ ਮਸਲਿਆਂ ਨੂੰ ਹੱਲ ਕਰਾਂਗੇ।

## ਅੱਗੇ ਤੋਂ ਟੈਸਟ ਰਾਹੀਂ ਪਤਾ ਲੱਗ ਜਾਵੇਗਾ ਕਿ ਮੀਟ ਹਲਾਲ ਹੈ ਜਾਂ ਝਟਕਾ

ਹੈਦਰਾਬਾਦ, 13 ਨਵੰਬਰ (ਪੋਸਟ ਬਿਊਰੋ)- ਰੈਸਟੋਰੈਂਟ 'ਚ ਪਰੋਸਿਆ ਜਾਣ ਵਾਲਾ ਅਤੇ ਸੁਪਰ ਮਾਰਕੀਟ 'ਚ ਹਲਾਲ ਮੀਟ ਦੇ ਨਾਂਅ ਨਾਲ ਵਿਕਣ ਵਾਲਾ ਕੀ ਸੱਚਮੁੱਚ ਹਲਾਲ ਮੀਟ ਹੁੰਦਾ ਹੈ? ਹੈਦਰਾਬਾਦ ਦੇ ਨੈਸ਼ਨਲ ਰਿਸਰਚ ਸੈਂਟਰ ਆਨ ਮੀਟ (ਐੱਨ ਆਰ ਸੀ ਐੱਮ) ਨੇ ਦਾਅਵਾ ਕੀਤਾ ਹੈ ਕਿ ਪਹਿਲੀ ਵਾਰ ਉਨ੍ਹਾ ਨੇ ਲੈਬਾਰਟਰੀ ਟੈਸਟ ਡਿਵੈਲਪ ਕੀਤਾ ਹੈ, ਜਿਸ ਤੋਂ ਬਾਅਦ ਵਿਗਿਆਨੀ ਦੱਸ ਸਕਣਗੇ ਕਿ ਮੀਟ ਹਲਾਲ ਹੈ ਜਾਂ ਨਹੀਂ।

ਐੱਨ ਆਰ ਸੀ ਐੱਮ ਦੇ ਵਿਗਿਆਨੀਆਂ ਨੇ ਦੱਸਿਆ ਕਿ ਇਹ ਟੈਸਟ ਉਨ੍ਹਾਂ ਨੇ ਹਲਾਲ ਕੀਤੀ ਗਈ ਇੱਕ ਭੇਡ ਤੇ ਬਿਜਲੀ ਦੇ ਝਟਕੇ ਨਾਲ ਮਾਰੀ ਗਈ ਭੇਡ ਉੱਤੇ ਕੀਤਾ। ਇਸ ਟੈਸਟ ਤੋਂ ਬਾਅਦ ਦੋਵਾਂ ਭੇਡਾਂ ਦੇ ਮੀਟ 'ਚ ਬਹੁਤ ਜ਼ਿਆਦਾ ਫਰਕ ਪਾਇਆ ਗਿਆ। ਵਿਗਿਆਨੀਆਂ ਨੇ ਦੇਖਿਆ ਕਿ ਸੂਖਮ ਪੱਧਰ 'ਤੇ ਦੋਵਾਂ ਦਾ ਮੀਟ ਕਾਫੀ ਵੱਖਰਾ ਹੈ। ਹਲਾਲ ਕੀਤੀ ਭੇਡ ਦੇ ਮੀਟ 'ਚ ਪ੍ਰੋਟੀਨ ਦਾ ਖਾਸ ਗਰੁੱਪ ਪਾਇਆ ਗਿਆ, ਜੋ ਝਟਕੇ ਵਾਲੇ ਮੀਟ ਵਿੱਚ ਵੱਖਰਾ ਸੀ। ਇਸ ਬਦਾਲਅ ਦੇ ਆਧਾਰ 'ਤੇ ਵਿਗਿਆਨੀ ਦੱਸ ਸਕਣਗੇ ਕਿ ਹਲਾਲ ਮੀਟ ਦੇ ਨਾਂਅ ਨਾਲ ਵੇਚਿਆ ਜਾ ਰਿਹਾ ਮੀਟ ਹਲਾਲ ਹੈ ਜਾਂ ਨਹੀਂ।

ਵਿਗਿਆਨੀਆਂ ਦਾਅਵਾ ਕੀਤਾ ਹੈ ਕਿ ਹਲਾਲ ਮੀਟ ਦੀ ਪਛਾਣ ਦਾ ਇਹ ਦੁਨੀਆ ਦਾ ਪਹਿਲਾ ਟੈਸਟ ਹੈ। ਉਨ੍ਹਾ ਨੇ ਦੱਸਿਆ ਕਿ ਖ਼ੂਨ ਜੈਵ ਰਸਾਇਣਕ ਮਾਪਦੰਡਾਂ ਅਤੇ ਪ੍ਰੋਟੀਨ ਸਟਰੱਕਚਰ (ਪ੍ਰੋਟੀਮਿਕ ਪ੍ਰੋਫਾਈਲ) ਦੀ ਜਾਂਚ ਦੇ ਆਧਾਰ 'ਤੇ ਹਲਾਲ ਮੀਟ ਦੀ ਪਛਾਣ ਕੀਤੀ ਜਾ ਸਕਦੀ ਹੈ। ਜਾਂਚ ਦੇ ਇਸ ਤਰੀਕੇ ਨੂੰ ਡਿਫਰੈਂਸ ਜੈਲ ਇਲੈਕਟ੍ਰੋਫਾਰੇਸਿਸ ਕਹਿੰਦੇ ਹਨ। ਇਸ ਦੇ ਆਧਾਰ 'ਤੇ ਦੋਵਾਂ ਮੀਟਸ ਦੇ ਮਸਲਜ਼ ਪ੍ਰੋਟੀਨ ਵਿੱਚ ਫਰਕ ਕੱਢਿਆ ਜਾ ਸਕਦਾ ਹੈ। ਇਹੀ ਨਹੀਂ, ਵਿਗਿਆਨੀਆਂ ਦਾ ਕਹਿਣਾ ਹੈ ਕਿ ਜਾਨਵਰਾਂ ਨੂੰ ਕੱਟਣ ਤੋਂ ਪਹਿਲਾਂ ਉਨ੍ਹਾਂ 'ਚ ਦੋ ਤਣਾਅ ਹੁੰਦਾ ਹੈ, ਉਸ ਦੇ ਆਧਾਰ 'ਤੇ ਮੀਟ ਦੀ ਪਛਾਣ ਕੀਤੀ ਜਾ ਸਕਦੀ ਹੈ।

## ਐਸ ਆਈ ਟੀ ਵਾਲੀ ਜਾਂਚ ਵਿੱਚ ਸ਼ਾਮਲ ਹੋਵਾਂਗਾ : ਸੁਖਬੀਰ

ਅੰਮ੍ਰਿਤਸਰ, 13 ਨਵੰਬਰ (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ ਚੋਣ ਮੀਟਿੰਗ ਵਿੱਚ ਭਾਗ ਲੈਣ ਲਈ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਕੱਲ੍ਹ ਏਥੇ ਪਹੁੰਚੇ। ਉਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਅਤੇ ਬਰਗਾੜੀ 'ਚ ਚੱਲੀ ਗੋਲੀ ਸਬੰਧੀ ਘਟਨਾਵਾਂ ਦੀ ਜਾਂਚ ਕਰ ਰਹੀ ਸਪੈਸ਼ਲ ਇਨਵੈਸਟੀਗੇਸ਼ਨ ਟੀਮ (ਐਸ ਆਈ ਟੀ) ਵੱਲੋਂ ਭੇਜੇ ਸੰਮਨ ਸੰਬੰਧੀ ਪੁੱਛੇ ਗਏ ਸਵਾਲ ਦੇ ਜਵਾਬ ਵਿੱਚ ਕਿਹਾ ਕਿ (ਐੱਸ ਆਈ ਟੀ) ਦੀ ਜਾਂਚ 'ਚ ਉਹ ਜ਼ਰੂਰ ਸ਼ਾਮਲ ਹੋਣਗੇ। ਬਾਦਲ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਤੇ ਕਰਵਾਉਣ ਵਾਲਿਆਂ ਨੂੰ ਸਜ਼ਾਵਾਂ ਜ਼ਰੂਰ ਮਿਲਣੀਆਂ ਚਾਹੀਦੀਆਂ ਹਨ।

## ਪੈਰਿਸ ਵਿੱਚ ਰਾਸ਼ਟਰਵਾਦ ਦੇ ਮੁੱਦੇ ਉੱਤੇ ਟਰੰਪ ਇਕੱਲੇ ਪੈ ਗਏ

ਪੈਰਿਸ, 13 ਨਵੰਬਰ (ਪੋਸਟ ਬਿਊਰੋ)- ਫਰਾਂਸ ਦੀ ਰਾਜਧਾਨੀ ਪੈਰਿਸ ਵਿੱਚ ਪਹਿਲੇ ਵਿਸ਼ਵ ਯੁੱਧ ਦੀ ਸਮਾਪਤੀ ਦੇ 100 ਸਾਲ ਪੂਰੇ ਹੋਣ ਮੌਕੇ ਪ੍ਰੋਗਰਾਮ ਵਿੱਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਰਾਸ਼ਟਰਵਾਦ ਦੇ ਮੁੱਦੇ 'ਤੇ ਇਕੱਲੇ ਪੈ ਗਏ ਹਨ। ਟਰੰਪ ਨੇ ਖੁਦ ਨੂੰ ਇਥੇ ਮਾਣ ਨਾਲ ਰਾਸ਼ਟਰਵਾਦੀ ਐਲਾਨ ਕੀਤਾ, ਪ੍ਰੰਤੂ ਪੈਰਿਸ ਵਿੱਚ 'ਯੂ ਐੱਸ ਫਸਟ' ਦਾ ਮਤਲਬ ਅਮਰੀਕਾ ਦਾ ਇਕੱਲੇ ਪੈਣਾ ਹੋ ਗਿਆ। ਪੈਰਿਸ ਰਵਾਨਾ ਹੋਣ ਤੋਂ ਪਹਿਲਾਂ ਟਰੰਪ ਨੇ ਟਵੀਟ ਵਿੱਚ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਂ ਦੇ ਯੂਰਪੀ ਰੱਖਿਆ ਬਲ ਦੇ ਗਠਨ ਦੀ ਯੋਜਨਾ ਦੀ ਆਲੋਚਨਾ ਕੀਤੀ ਸੀ।

ਟਰੰਪ ਨੇ ਬੀਤੇ ਐਤਵਾਰ ਨੂੰ 'ਰਾਸ਼ਟਰਵਾਦ ਦੇ ਅਲੱਗ-ਥਲੱਗ ਪੈਣ ਦੇ ਖਤਰੇ' ਉੱਤੇ ਭਾਸ਼ਣ ਸੁਣਿਆ। ਫਰਾਂਸੀਸੀ ਰਾਸ਼ਟਰਪਤੀ ਨੇ ਕਿਹਾ ਕਿ ਰਾਸ਼ਟਰਵਾਦ ਦੇਸ਼ ਪ੍ਰੇਮ ਨਾਲ ਧੋਖਾ ਹੈ। ਜਿਨ੍ਹਾਂ ਗੈਰ ਸਮਾਜੀ ਤਾਕਤਾਂ ਕਾਰਨ ਪਹਿਲਾ ਵਿਸ਼ਵ ਯੁੱਧ ਹੋਇਆ ਤੇ ਲੱਖਾਂ ਲੋਕਾਂ ਦੀ ਮੌਤ ਹੋਈ, ਉਹ ਫਿਰ ਸਿਰ ਚੁੱਕ ਰਹੀਆਂ ਹਨ। ਜਰਮਨੀ ਦੀ ਚਾਂਸਲਰ ਏਂਜਲਾ ਮਰਕੇਲ ਨੇ ਕਿਹਾ ਕਿ ਰਾਜਨੀਤੀ ਅਤੇ ਕੂਟਨੀਤੀ ਵਿੱਚ ਜੇ ਸਮਝੌਤੇ ਦੀ ਪ੍ਰਵਿਰਤੀ ਨਾ ਅਪਣਾਈ ਜਾਏ ਤਾਂ ਇਸ ਦੇ ਖਤਰਨਾਕ ਨਤੀਜੇ ਹੋ ਸਕਦੇ ਹਨ। ਟਰੰਪ ਪੈਰਿਸ ਵਿੱਚ ਵਿਸ਼ਵ ਪੱਧਰੀ ਨੇਤਾਵਾਂ ਦੇ ਭੋਜ ਵਿੱਚ ਵੀ ਸ਼ਾਮਲ ਨਹੀਂ ਹੋਏ।

ਪੰਜਾਬੀ ਪੋਸਟ
Canadian Punjabi Post
Head Office
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282

| | |
|---|---|
| Founder Editor | - Jagdish Singh Grewal |
| Managing Director | - Parminder Kaur Grewal |
| Honorary Editor | - Jatinder Pannu |
| Contributing Editors | - Karam Singh Punia<br>- Gyan Singh<br>- Angrej Singh |
| Office Admin Assistant | - Priya Sodhi |
| Marketing Executives | - HS Nagpal<br>- Gurpreet Singh Pall<br>- |
| Photographer | - Kanwaljit Singh Kanwal |
| Distribution | - Aman Warriach |

Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.

## ਨੋਟਬੰਦੀ ਦੇ ਦੋ ਸਾਲ ਬਾਅਦ ਵੀ ਉਦੇਸ਼ ਘੱਟੇ ਵਿੱਚ ਅਤੇ ਲੋਕਾਂ ਦੇ ਜ਼ਖਮ ਰਿਸਦੇ



-ਹਰਚੰਦ ਸਿੰਘ ਬਾਸੀ-

ਅੱਠ ਨਵੰਬਰ 2016 ਦੀ ਅੱਧੀ ਰਾਤ ਨੂੰ ਭਾਰਤ ਦ ਪ੍ਰਧਾਨ ਮੰਤਰੀ ਮੋਦੀ ਨੇ ਅਚਾਨਕ ਘੋਸ਼ਨਾ ਕਰ ਦਿਤੀ ਕਿ ਪੰਜ ਸੌ ਅਤੇ ਇੱਕ ਹਜ਼ਾਰ ਵਾਲੇ ਨੋਟ ਬੰਦ ਕਰ ਦਿਤੇ ਗਏ ਹਨ। ਜਿੰਨਾਂ ਵਿਅੱਕਤੀਆਂ ਕੋਲ ਇਹ ਨੋਟ ਹਨ ਉਹ ਬੈਂਕਾਂ ਵਿੱਚ ਪੁਰਾਣੇ ਨੋਟ ਜਮਾਂ ਕਰਵਾ ਕੇ ਨਵੇਂ ਨੋਟ ਲੈ ਸਕਦੇ ਹਨ। ਇਸ ਨਾਲ ਦੇਸ ਵਿੱਚ ਹਫੜਾ ਦਫੜੀ ਮੱਚ ਗਈ ਸਵੇਰੇ ਹੀ ਬੈਂਕਾਂ ਮੂਹਰੇ ਲੰਮੀਆਂ ਲੰਮੀਆ ਲਾਈਨਾਂ ਲੱਗ ਗਈਆਂ। ਲੋਕ ਆਪਣੇ ਕੋਲ ਰੱਖੇ ਪੈਸੇ ਬੈਕਾਂ ਵਿੱਚ ਜਮ੍ਹਾਂ ਕਰਾਉਣ ਦੌੜੇ। ਫਰ ਇਹ ਕੰਮ ਇੱਕ ਦਿਨ ਵਿੱਚ ਹੋਣ ਵਾਲਾ ਨਹੀਂ ਸੀ। ਸਾਰੀ ਸਾਰੀ ਦਿਹਾੜੀ ਖੜ ਕੇ ਲੋਕ ਖਾਲੀ ਮੁੜ ਆਉਂਦੇ ਰਹੇ। ਦੇਸ ਅੰਦਰ ਸੈਂਕੜੇ ਲੋਕਾਂ ਦੀਆਂ ਜਾਨਾਂ ਚਲੀਆਂ ਗਈਆਂ ਕੀ ਬੁੱਢੇ,ਔਰਤਾਂ, ਨੌਜਵਾਨ ਅਪਣੇ ਕੰਮ ਧੰਦੇ ਛੱਡ ਕੇ ਮੂੰਹ ਹਨੇਰੇ ਹੀ ਲਾਈਨਾਂ ਬਣਾ ਕੇ ਖੜ ਜਾਂਦੇ। ਜਦ ਤੱਕ ਕਈਆਂ ਦੀ ਵਾਰੀ ਆਉਂਦੀ ਤਾਂ ਬੈਂਕ ਵਿੱਚੋਂ ਪੈਸੇ ਮੁੱਕ ਜਾਂਦੇ। ਸਧਾਰਨ ਲੋਕ ਆਪਣੇ ਪੈਸੇ ਜਮਾਂ ਤਾਂ ਕਰਾ ਦਿੰਦੇ ਪਰ ਬੈਂਕ ਉਹਨਾਂ ਨੂੰ ਉਨੇ ਪੈਸੇ ਨਾ ਦਿੰਦੀ ਕਿੰਨੇ ਜਮਾਂ ਕਰਾਏ ਹੁੰਦੇ। ਏ ਟੀ ਐਮ ਪਾਏ ਪੈਸੇ ਬੜੀ ਥੋੜੀ ਗਿਣਤੀ ਵਿੱਚ ਹੁੰਦੇ ਅਤੇ ਨਾਲ ਏ ਟੀ ਐੱਮ ਨੋਟਾਂ ਦੇ ਸਾਈਜ਼ ਦੀਆਂ ਨਾ ਹੋਣ ਕਾਰਨ ਪੈਸੇ ਨਾ ਨਿਕਲਦੇ। ਇਸ ਨਾਲ ਲੋਕਾਂ ਦੀਆਂ ਰੋਜ਼ਾਨਾ ਜਿੰਦਗੀ ਦੀਆਂ ਲੋੜਾਂ ਪੂਰੀਆਂ ਨਾ ਹੁੰਦੀਆਂ ਦੁਕਾਨਦਾਰ ਹੁਦਾਰ ਨਾਂ ਦਿੰਦੇ ਇਸ ਨਾਲ ਸੱਭ ਕਾਰੋਬਾਰ ਨੂੰ ਵੱਡੀ ਸੱਟ ਲੱਗੀ। ਬੈਂਕਾਂ ਤੋਂ ਆਪਣਾ ਪੈਸਾ ਨਾ ਮਿਲਣ ਕਾਰਨ ਕਈਆਂ ਦੇ ਰਿਸ਼ਤੇ ਟੁਟ ਗਏ,ਕਈ ਵਿਅੱਕਤੀ ਇਲਾਜ ਖੁੰਣੋ ਮਰ ਗਏ। ਘਰ ਦੀਆਂ ਔਰਤਾਂ ਅਤੇ ਬਜ਼ੁਰਗਾਂ ਦੀ ਆਪਣੀ ਬੱਚਿਆਂ ਤੋਂ ਸਾਂਭ ਕੇ ਰੱਖੀ ਪੂੰਜੀ ਬੈਂਕ ਚਲੀ ਗਈ ਪਰ ਫਿਰ ਉਹਨਾਂ ਦੇ ਹੱਥ ਨਾ ਆਈ।ਉਹ ਬੱਚਿਆਂ ਦੇ ਹੱਥ ਆਗਈ।ਦੇਸ ਦੇ ਪ੍ਰਧਾਨ ਮੰਤਰੀ ਨੇ ਦਮਗਜੇ ਮਾਰਦਿਆਂ ਕਿਹਾ ਦੇਸ ਦੀ ਤਰੱਕੀ ਲਈ ਵੱਡੇ ਫੇਸਲੇ ਲੈਣੇ ਪੈਂਦੇ ਹਨ। ਜੋ ਲਾਈਨਾ ਵਿੱਚ ਖੜੇ ਹਨ ਉਹ ਦੇਸ ਭਗਤ ਹਨ। ਭੈਣੋ ਭਾਈਓ, ਮਿਤਰੋ ਮੈਂਨੂੰ ਪੰਜਾਹ ਦਿਨ ਦੇ ਦਿਉ ਤੁਸੀਂ ਚਮਤਕਾਰੀ ਨਤੀਜੇ ਦੇਖੋਗੇ। ਇਸ ਨਾਲ ਕਾਲਾ ਕਿਵੇਂ ਬਾਹਰ ਆਉਂਦਾ ਹੈ ਅਤੇ ਅਤਿਵਾਦੀਆਂ ਕਿਵੇਂ ਸਫਾਇਆ ਹੁੰਦਾ ਹੈ। ਉਹਨਾਂ ਕੋਲ ਜੋ ਕਾਲਾ ਧਨ ਪਹੁੰਚਦਾ ਹੈ ਬੰਦ ਹੋ ਜਾਏਗਾ।ਸਧਾਰਨ ਲੋਕ ਤਾਂ ਲਾਈਨਾਂ ਵਿੱਚ ਖੜ ਕੇ ਕਸ਼ਟ ਭੋਗਦੇ ਰਹੇ ਕੋਈ ਰਸੂਖ ਵਾਲਾ ਜਾਂ ਵੱਡਾ ਨੇਤਾ ਲਾਈਂ ਵਿੱਚ ਖੜਾ ਨਹੀਂ ਦਿਸਿਆ। ਉਹਨਾਂ ਦੇ ਪੈਸੇ ਮਗਰਲੇ ਦਰਵਾਜੇ ਰਾਹੀਂ ਬਦਲ ਦਿੱਤੇ ਗਏ। ਸਰਕਾਰੀ ਧਿਰ ਨਾਲ ਸਬੰਧਤ ਸੱਭ ਧਨ ਕੁਬੇਰਾਂ ਦੇ ਪੈਸੇ ਐਲਾਨ ਤੋਂ ਪਹਿਲਾਂ ਹੀ ਬਦਲ ਦਿੱਤੇ ਗਏ। ਬੀ ਜੇ ਪੀ ਸਰਕਾਰ ਨੇ ਕੀ ਕੀ ਕੁੱਝ ਘਾਲੇ ਮਾਲੇ ਕੀਤੇ ਕਾਫੀ ਕੁੱਝ ਦਾ ਖੁਲਾਸਾ ਲੋਕਾਂ ਦੇ ਸਾਹਮਣੇ ਸਪੱਸ਼ਟ ਹੋ ਗਿਆ। ਪੰਜਾਹ ਦਿਨ ਨਹੀਂ, ਸੌ ਦਿਨ ਨਹੀਂ ਦੋ ਸਾਲ (730ਦਿਨ) ਬਾਅਦ ਵੀ ਸਰਕਾਰ ਲੋਕਾਂ ਨੂੰ ਦੱਸ ਨਹੀਂ ਸਕੀ ਕਿੰਨਾ ਕਾਲਾ ਧਨ ਬਾਹਰ ਆਇਆ।ਜਿੰਨਾ ਪੈਸਾ ਦੇਸ ਦੇ ਸਰਕਲ ਵਿੱਚ ਸੀ ਉਸ ਦਾ ਲੱਗ ਪੱਗ 99% ਬੈਕਾਂ ਵਿਚ ਆਗਿਆ ਕੋਈ ਕਾਲਾ ਧਨ ਨਹੀਂ ਦਿਸਿਆ ਨਾ ਸਰਕਾਰ ਦੱਸ ਸਕੀ ਹੈ। ਇਹ ਜਰੂਰ ਹੈ ਦੇਸ ਦੀ ਅਰਥ ਵਿਵੱਸਥਾ ਨੂੰ ਗਹਿਰੀ ਸੱਟ ਲੱਗੀ ਹੈ। ਲੋਕਾਂ ਦੇ ਕਾਰੋਬਾਰ ਤਹਿਸ਼ ਨਹਿਸ਼ ਹੋ ਗਏ।

ਬੈਂਕਾਂ ਦੀ ਹਾਲਤ ਬੁਰੀ ਤਰ੍ਹਾ ਵਿਗੜੀ ਹੋਈ ਹੈ ਆਮ ਬੰਦੇ ਨੂੰ ਬੈਂਕਾਂ ਤੇ ਭਰੋਸਾ ਨਹੀਂ ਰਹਿ ਗਿਆ। ਇਸ ਵਿਗੜੀ ਹੋਈ ਹਾਲਤ ਕਾਰਨ ਰੀਜ਼ਰਵ ਬੈਂਕ ਆਫ ਇੰਡੀਆ ਅਤੇ ਸਰਕਾਰ ਵਿਚਾਲੇ ਤਨਾਉ ਪੈਦਾ ਹੋ ਗਿਆ। ਸਰਕਾਰ ਰੀਜ਼ਰਵ ਬੈਂਕ ਤੋਂ ਤਿੰਨ ਦਸ਼ਮਲਵ ਛੇ ਲੱਖ ਕਰੋੜ ਪੈਸੇ ਮੰਗਦੀ ਹੈ ਰੀਜਰਵ ਬੈਂਕ ਕਹਿੰਦਾ ਹੈ ਕਿ ਖਸਤਾ ਹਾਲਤ ਵਾਲੀਆਂ ਬੈਂਕਾਂ ਨੂੰ ਹੋਰ ਪੈਸੇ ਨਹੀਂ ਦਿਤੇ ਜਾ ਸਕਦੇ ਇਹ ਨਿਯਮਾਂ ਦੀ ਉਲੰਘਣਾ ਹੈ। ਸਰਕਾਰ ਦਬਾਅ ਬਣਾ ਰਹੀ ਹੈ। ਆਰਥਿਕ ਮਾਹਰ ਇਹ ਕਹਿੰਦੇ ਹਨ ਕਿ ਜੇ ਰੀਜਰਵ ਬੈਂਕ ਪੈਸੇ ਜਾਰੀ ਕਰਦੀ ਹੈ ਤਾਂ ਇਸ ਦੇ ਨਤੀਜੇ ਬਹੁਤ ਖਤਰਨਾਲ ਮਿਕਲਣਗੇ। ਦੇਸ ਦਾ ਅਰਥਚਾਰਾ ਬੁਰੀ ਹਾਲਤ ਵਿੱਚ ਫਸ ਜਾਏਗਾ।

ਸਰਕਾਰ ਕਿਤੇ ਕਹਿੰਦੀ ਹੈ ਨੋਟਬੰਦੀ ਕਾਰਨ ਵਧੇਰੇ ਟੈਕਸ ਦੇਸ ਦੇ ਖਜ਼ਾਨੇ ਵਿੱਚ ਆਏ ਹਨ। ਅਰਥ ਸ਼ਾਸ਼ਤਰੀ ਪੁੱਛਦੇ ਹਨ ਜੇ ਟੈਕਸਾਂ ਨਾਲ ਖਜ਼ਾਨਾ ਪਹਿਲਾਂ ਨਾਲੋਂ ਭਰਿਆ ਹੈ ਤਾਂ ਫਿਰ ਕਿਉਂ ਰੀਜ਼ਰਵ ਬੈਂਕ ਤੇ ਪੈਸਾ ਦੇਣ ਲਈ ਦਬਾਅ ਪਾਇਆ ਜਾ ਰਿਹਾ ਹੈ। ਉਹ ਇਹ ਕਹਿੰਦੇ ਹਨ ਕਿ ਕਈ ਵੱਡੇ ਕਰਜ਼ਦਾਰਾਂ ਨੇ ਬੈਂਕਾਂ ਤੋਂ ਲੋਨ ਲੈ ਕੇ ਵਿਦੇਸ਼ਾਂ ਵਿੱਚ ਲਾ ਦਿੱਤਾ ਹੈ ਉਹ ਬੈਂਕਾਂ ਨੂੰ ਮੋੜ ਨਹੀਂ ਰਹੇ। ਸਰਕਾਰ ਉਹਨਾਂ ਨੂੰ ਦੀਵਾਲੀਆ ਘੋਸ਼ਤ ਕਰਨ ਦੀ ਥਾਂ ਬੈਂਕਾਂ ਦਾ ਵਿਆਜ ਮੋੜਣ ਲਈ ਪੈਸੇ ਹੋਰ ਦੇ ਕੇ ਬਚਾਉਣਾ ਚਾਹੁੰਦੀ ਹੈ। ਦੇਸ ਦੇ ਲੋਕ ਪੁੱਛ ਰਹੇ ਹਨ ਜੇ ਇੱਕ ਕਿਸਾਨ ਬੈਂਕ ਦਾ ਪੈਸਾ ਦੇਣ ਦੇ ਅਸਮਰਥ ਹੈ ਤਾਂ ਉਸ ਦੀ ਕੁਰਕੀ ਲਈ ਹੁਕਮ ਜਾਰੀ ਹੋ ਜਾਂਦੇ ਹਨ। ਪਰ ਵੱਡੇ ਕਰਜ਼ਦਾਰਾਂ ਦੀ ਪਿੱਠ ਤੇ ਸਰਕਾਰ ਆ ਖੜਦੀ ਹੈ ਉਹਨਾਂ ਦੇ ਡੀਫਾਲਟਰਾਂ ਵਿੱਚ ਨਾ ਘੋਸ਼ਤ ਨਹੀਂ ਕੀਤੇ ਜਾਂਦੇ ਇਸ ਲਈ। ਸਰਕਾਰ ਅਤੇ ਕਾਰ-ਪੋਰੇਟ ਘਰਾਣਿਆਂ ਦੀ ਡੂੰਘੀ ਸਾਂਝ ਹੈ। ਬੈਂਕਾਂ ਵਿੱਚ ਇਹ ਪੈਸਾ ਦੇਸ ਦੇ ਲੋਕਾਂ ਦੁਆਰਾ ਦਿੱਤਾ ਗਿਆ ਟੈਕਸ ਹੈ। ਇਸ ਨਾਲ ਦੇਸ ਦੇ ਸਵਾ ਸੌ ਕਰੋੜ ਲੋਕਾਂ ਨਾਲ ਧ੍ਰੋਹ ਹੈ। ਅਸਲ ਗੱਲ ਇੱਥਿ ਨਿਬੜਦੀ ਹੈ ਕਿ2019 ਵਿੱਚ ਪਾਰਲੀਮੈਂਟ ਦੇ ਚੁਣਾਵ ਆਉਣ ਵਾਲੇ ਹਨ । ਜੋ ਲੋਕਾਂ ਨਾਲ ਗਪੌੜਸੰਖ ਵਰਗੇ ਵਾਅਦੇ ਕੀਤੇ ਸਨ ਉਹਨਾਂ ਖੇਤਰਾਂ ਵਿੱਚ ਪਰਧਾਨ ਮੰਤਰੀ ਇੱਕ ਵਿੱਚ ਵੀ ਖਰੇ ਨਹੀ ਉਤਰੇ। ਓਰ ਬੀ ਆਈ ਦੇ ਸਾਬਕਾ ਗਵਰਨਰ ਨੇ ਕਿਹਾ ਹੈ ਦੇਸ ਕਿਸੇ ਇੱਕ ਆਦਮੀ ਨਾਲ ਨਹੀਂ ਚਲਦਾ ਸੱਭ ਨੂੰ ਨਾਲ ਲੈਣਾ ਪੈਂਦਾ ਹੈ। ਮੰਤਰੀ ਮੰਡਲ ਦੇ ਪੌਣੇ ਦੋ ਆਦਮੀ ਹੀ ਸਾਰੀ ਤਾਕਤ ਅਤੇ ਫੈਸਲੇ ਆਪਣੇ ਹੱਥ ਰੱਖਦੇ ਹਨ। ਕਈ ਮਹਿਕਮਿਆਂ ਨੂੰ ਪਾਰਟੀ ਪਰਧਾਨ ਅਮਿਤਸ਼ਾਹ ਚਲਾ ਰਿਹਾ ਹੈ। ਦੇਸ ਦਾ ਸੰਵਿਧਾਨ, ਅਰਥਚਾਰਾ, ਸਮਾਜਿਕ ਅਤੇ ਧਾਰਕਿਕ ਮੇਲ ਜੋਲ ਖਤਰੇ ਵਿੱਚ ਹੈ।

PUNJABI RANG RADIO
CHKT 1430AM
11pm to 12am
Every Friday
Chamkaur Singh
Producer/ Host
Cell: 416 662 1313
Email: punjabirang13@hotmail.com

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਲੇਡੀਜ਼ ਇੰਸਟ੍ਰਕਟਰ
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
647-998-7500 ਬਲਵਿੰਦਰ

Aikam MEDIA GROUP
Radio Punjab
Monday to Friday 2:00PM to 3:00PM on 89.5 FM
Aikam TV
Every Saturday on Vision TV Canada Wide
10:00PM to 11:00PM EST
7:00PM to 8:00PM PST
Aikam Arts Academy
Learn Indian Classical Music
Instruments
Folk Dances
Amarjit S Rai
www.aikam.com
For Advertisement on Radio & TV or Learn Indian Classical Music, Instruments and Folk Dances
905-612-1313 info@aikam.com

KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ
ਕਰਤਾਰ ਫਰਨੀਚਰ




■ ਅਸੀਂ ਸੋਫਾ ਸੈਂਟ ਖੁੱਦ ਹੱਥੀ ਤਿਆਰ ਕਰਦੇ ਹਾਂ
■ ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
■ ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Email: kartarfurnitue@live.com
Call Rajinder Singh 416.741.9657
69 Westmore Dr. #20
Etobicoke ON, M9V 3Y6

# ਪਿੱਤਰ-ਸੱਤਾ ਦੇ ਮੁਕਾਬਲੇ ਸਮੇਂ ਨੂੰ ਬਾਗੀ ਔਰਤਾਂ ਦੀ ਲੋੜ

-ਸਰਵੀਰ ਸਰੀ-

ਪਿੱਤਰ-ਸੱਤਾ ਦਾ ਦਾਬਾ ਮਾਨਵਤਾ ਦੇ ਵਾਧੇ ਵਿਕਾਸ ਵਿੱਚ ਉਸ ਰੁਕਾਵਟ ਵਾਂਗ ਹੈ ਜੋ ਸਦੀਆਂ ਤੋਂ ਸਿਰਫ ਔਰਤ ਨੂੰ ਹੀ ਨਹੀਂ, ਸਗੋਂ ਸਮੁੱਚੇ ਤੌਰ 'ਤੇ ਮਨੁੱਖੀ ਹੋਂਦ ਨੂੰ ਨੀਵਾਂ ਅਤੇ ਨਾਚੀਜ਼ ਬਣਾ ਰਿਹਾ ਹੈ। ਜਦੋਂ ਵੀ ਪਿੱਤਰ-ਸੱਤਾ ਦੀ ਗੱਲ ਤੁਰਦੀ ਹੈ ਤਾਂ ਮੁੱਢਲੇ ਰੂਪ ਵਿੱਚ ਇਸ ਦੀ ਪਛਾਣ ਸਾਡੇ ਸਮਾਜ ਦੇ ਉਸ ਵਰਗ ਤੋਂ ਕੀਤੀ ਜਾ ਸਕਦੀ ਹੈ ਜਿਹੜਾ ਮਰਦ ਪ੍ਰਧਾਨ ਸਮਾਜਿਕ, ਸੱਭਿਆਚਾਰਕ ਢਾਂਚੇ ਨੂੰ ਕਾਇਮ ਰੱਖਣ ਅਤੇ ਆਪਣੇ ਹਿੱਤਾਂ ਲਈ ਇਸ ਢਾਂਚੇ ਦੀ ਵਰਤੋਂ ਕਰਦਾ ਹੈ। ਇਸ ਵਰਗ ਵਿੱਚ ਸਿਰਫ ਮਰਦ ਹੀ ਨਹੀਂ, ਔਰਤਾਂ ਵੀ ਸ਼ਾਮਲ ਹੋ ਸਕਦੀਆਂ ਹਨ। ਬਾਹਰੀ ਪੱਖੋਂ ਦੇਖਿਆਂ ਇਹ ਵਰਗ ਇਕੋ ਜਿਹਾ ਨਜ਼ਰ ਆਉਂਦਾ ਹੈ, ਪਰ ਅੰਦਰੂਨੀ ਤੌਰ 'ਤੇ ਇਸ ਦੇ ਦੋ ਹਿੱਸੇ ਹਨ। ਪਹਿਲਾ ਹਿੱਸਾ ਉਸ ਮਰਦ ਜਮਾਤ ਅਤੇ ਉਸ ਦੀਆਂ ਸੱਤਾ ਸੰਰਚਨਾਵਾਂ ਦੀਆਂ ਅਨੁਯਾਈ ਔਰਤਾਂ ਵੀ ਆ ਜਾਂਦੀਆਂ ਹਨ।

ਇੰਜ ਪਿੱਤਰ-ਸੱਤਾ ਔਰਤ ਦੇ ਦਮਨ ਦਾ ਆਧਾਰ ਬਣਦੀਆਂ ਰੂੜ੍ਹੀਵਾਦੀ ਕਦਰਾਂ ਕੀਮਤਾਂ, ਪੁਰਾਣੀਆਂ ਪਰੰਪਰਾਵਾਂ ਨੂੰ ਪੱਕਾ ਕਰਨ ਦਾ ਆਧਾਰ ਬਣਦੀ ਹੈ। ਜੇ ਜ਼ਮੀਨੀ ਪੱਧਰ ਤੋਂ ਪਿੱਤਰ-ਸੱਤਾ ਦਾ ਦਾਬਾ ਦੇਖੀਏ ਤਾਂ ਘਰੇਲੂ ਹਿੰਸਾ ਇਸ ਦਾ ਆਮ ਵਰਤਾਰਾ ਹੈ। ਘਰ ਦੀ ਚਾਰ ਦੀਵਾਰੀ ਵਿੱਚ ਮਰਦ ਆਪਣੀ ਸੱਤਾ ਦੀ ਪਕੜ ਰੱਖਣ ਲਈ ਘਰ ਦੀਆਂ ਔਰਤਾਂ ਨੂੰ ਡਰਾਉਂਦਾ ਤੇ ਉਨ੍ਹਾਂ ਅੰਦਰ ਆਪਣੀ ਸੱਤਾ ਪ੍ਰਤੀ ਡਰ ਤੇ ਸਹਿਮ ਦਾ ਪ੍ਰਭਾਵ ਪੈਦਾ ਕਰਦਾ ਹੈ। ਘਰ ਦੀ ਚਾਰ ਦੀਵਾਰੀ ਤੋਂ ਬਾਹਰ ਕੰਮ-ਕਾਜੀ ਔਰਤਾਂ ਦੀਆਂ ਹਾਲਤਾਂ ਦੇਖੀਏ ਤਾਂ ਸਥਿਤੀ ਇਸ ਤੋਂ ਵੱਧ ਬਦਤਰ ਜਾਪਦੀ ਹੈ। ਇਥੇ ਅਸੀਂ ਕੰਮ-ਕਾਜੀ ਔਰਤਾਂ ਨੂੰ ਦੋ ਵੱਖ-ਵੱਖ ਭਾਗਾਂ ਵਿੱਚ ਰੱਖ ਕੇ ਦੇਖਦੇ ਹਾਂ।

ਪਹਿਲਾ ਹਿੱਸਾ ਮਜ਼ਦੂਰ ਔਰਤਾਂ ਦਾ ਹੈ, ਜਿਹੜੀਆਂ ਖੇਤਾਂ, ਭੱਠਿਆਂ, ਫੈਕਟਰੀਆਂ ਵਿੱਚ ਮਜ਼ਦੂਰੀ ਕਰਦੀਆਂ ਹਨ। ਇਥੇ ਇਨ੍ਹਾਂ ਲਈ ਕੰਮ ਦੀ ਨਿਯਮਾਂਵਲੀ ਦੇ ਘਾੜੇ ਮਰਦ ਹਨ। ਮਜ਼ਦੂਰ ਔਰਤਾਂ ਤੀਹਰਾ ਸੰਤਾਪ ਹੰਢਾਉਂਦੀਆਂ ਹਨ। ਪਹਿਲਾ ਸੰਤਾਪ ਘਰ ਅੰਦਰ ਮਰਦ ਦੀ ਸੱਤਾ ਦਾ, ਜਿਸ ਦਾ ਭਿਆਨਕ ਰੂਪ ਘਰੇਲੂ ਹਿੰਸਾ ਵਿੱਚ ਦੇਖਿਆ ਜਾਂਦਾ ਹੈ। ਦੂਜਾ ਸੰਤਾਪ ਮਜ਼ਦੂਰੀ ਸਮੇਂ ਉਨ੍ਹਾਂ 'ਤੇ ਥੋਪੇ ਗਏ ਅਜਿਹੇ ਨੇਮਾਂ ਦਾ ਹੈ, ਜਿਹੜਾ ਉਸ ਦੀਆਂ ਬਦਲਦੀਆਂ ਸਰੀਰਿਕ ਸਥਿਤੀਆਂ ਨੂੰ ਅੱਖੋਂ ਪਰੋਖੇ ਕਰਕੇ ਵਿੱਤੋਂ ਵੱਧ ਕੰਮ ਕਰਨ ਲਈ ਮਜਬੂਰ ਕਰਦਾ ਹੈ। ਉਸ ਦੀ ਜੈਵਿਕਤਾ ਅਤੇ ਬਾਲ ਸੰਭਾਲ ਦੀਆਂ ਜ਼ਰੂਰਤਾਂ ਨੂੰ ਆਮ ਕਰਕੇ ਨਜ਼ਰ ਅੰਦਾਜ਼ ਕੀਤਾ ਜਾਂਦਾ ਹੈ। ਤੀਜਾ ਸੰਤਾਪ ਮਜ਼ਦੂਰੀ ਸਮੇਂ ਮਾਲਕ ਵੱਲੋਂ ਕੀਤੇ ਜਾਂਦੇ ਜਿਣਸੀ ਸ਼ੋਸ਼ਣ ਦਾ ਹੈ। ਦੂਜੇ ਪਾਸੇ ਨੌਕਰੀ ਪੇਸ਼ਾ ਔਰਤਾਂ ਵੀ ਇਸ ਦਾਬੇ ਤੋਂ ਮੁਕਤ ਨਹੀਂ। ਮਰਦਾਵੀਂ ਸੱਤਾ ਦਾ ਜੰਜਾਲ ਇਥੇ ਵੀ ਉਨ੍ਹਾਂ ਨੂੰ ਜਕੜੀ ਰੱਖਦਾ ਹੈ। ਦੂਜੇ ਪਾਸੇ ਮਰਦਾਂ ਦਾ ਉਹ ਹਿੱਸਾ ਹੈ, ਜੋ ਇਸ ਦਾਬੇ ਦਾ ਵਿਰੋਧ ਕਰਦਾ ਹੈ। ਇਹ ਹਿੱਸਾ ਸਮਾਜ ਦਾ ਉਹ ਚੇਤੰਨਸ਼ੀਲ ਤਬਕਾ ਹੈ, ਜਿਹੜਾ ਔਰਤ ਦੇ ਬਰਾਬਰ ਦੇ ਰੁਤਬੇ ਤੇ ਸਨਮਾਨ ਲਈ ਵਚਨਬੱਧ ਹੈ।

ਪਿੱਤਰ-ਸੱਤਾ ਦਾ ਵਿਚਾਰ ਜ਼ਮੀਨੀ ਪੱਧਰ 'ਤੇ ਮਰਦ ਜਮਾਤ ਨੂੰ ਸਾਡੇ ਸਾਹਮਣੇ ਦੋਸ਼ੀ ਬਣਾ ਕੇ ਖੜ੍ਹਾ ਕਰ ਦਿੰਦਾ ਹੈ ਜਦੋਂ ਕਿ ਗਹਿਰੇ ਧਰਾਤਲ 'ਤੇ ਪਿੱਤਰ-ਸੱਤਾ ਅਜਿਹੀ ਵਿਚਾਰਧਾਰਾ ਹੈ ਜਿਹੜੀ ਮਰਦ ਔਰਤ ਦੇ ਰੋਜ਼ ਦੇ ਵਿਹਾਰ ਰਾਹੀਂ ਆਪਣੀਆਂ ਜੜ੍ਹਾਂ



ਡੂੰਘੀਆਂ ਕਰਦੀ ਹੈ। ਇਹ ਅਜਿਹੀ ਮਾਨਸਿਕ ਗੁਲਾਮੀ ਹੈ, ਜਿਸ ਦਾ ਅਹਿਸਾਸ ਸੌਖਾ ਨਹੀਂ ਹੁੰਦਾ। ਇਹ ਪਿਆਰ, ਧਿਆਨ, ਰਾਖੀ ਅਤੇ ਮੋਹ ਵਰਗੇ ਮਿੱਠੇ ਜਜ਼ਬੇ ਰਾਹੀਂ ਬੇੜੀਆਂ ਪਾ ਕੇ ਰੱਖਦੀ ਹੈ। ਸਮਾਜ ਦੀਆਂ ਬਹੁ-ਗਿਣਤੀ ਔਰਤਾਂ ਦੇ ਹਾਲਾਤ ਬਾਰੇ ਸੋਚਦਿਆਂ ਘਰੇਲੂ ਹਿੰਸਾ ਦਾ ਉਹ ਮੰਦਾ ਤੇ ਜ਼ਲਾਲਤ ਦਾ ਦ੍ਰਿਸ਼ ਸਾਹਮਣੇ ਆ ਜਾਂਦਾ ਹੈ, ਜਿਹੜਾ ਉਨ੍ਹਾਂ ਨੂੰ ਮਨੁੱਖ ਹੋਣ ਦਾ ਅਹਿਸਾਸ ਹੀ ਨਹੀਂ ਹੋਣ ਦਿੰਦਾ। ਸਮਾਜ ਦੀ ਇਹ ਬਹੁ-ਗਿਣਤੀ ਇਸ ਤਰ੍ਹਾਂ ਘਰੇਲੂ ਹਿੰਸਾ ਦੀ ਆਦੀ ਹੋ ਜਾਂਦੀ ਹੈ ਕਿ ਇਸ ਨੂੰ ਜ਼ਿੰਦਗੀ ਦਾ ਵਰਤਾਰਾ ਸਮਝਣ ਲੱਗਦੀ ਹੈ। ਪਿੱਤਰੀ ਦਾਬਾ ਉਨ੍ਹਾਂ ਅੰਦਰੋਂ ਕਲਾਤਮਕਤਾ ਨੂੰ ਖਤਮ ਕਰਕੇ ਉਨ੍ਹਾਂ ਨੂੰ ਅਜਿਹੀ ਮਸ਼ੀਨ ਬਣਾ ਦਿੰਦਾ ਹੈ ਜਿਹੜੀ ਸਾਰਾ ਦਿਨ ਕੰਮਾਂ ਕਾਰਾਂ ਦੇ ਬੋਝ ਹੇਠ ਦੱਬੀ ਰਹਿੰਦੀ ਹੈ। ਪਿੱਤਰ-ਸੱਤਾ ਅਜਿਹਾ ਵਿਚਾਰ ਹੈ, ਜਿਹੜਾ ਪਿਆਰ, ਸੁਰੱਖਿਆ ਅਤੇ ਦੇਖਭਾਲ ਦੇ ਨਾਂ ਹੇਠ ਇਕ ਵਰਗ ਨੂੰ ਨੀਵੇਂ, ਕਮਜ਼ੋਰ ਹੋਣ ਦਾ ਅਹਿਸਾਸ ਕਰਵਾ ਕੇ ਉਸ ਦੀ ਆਜ਼ਾਦੀ, ਸਵੈ ਨਿਰਭਰਤਾ ਖੋਹ ਲੈਂਦਾ ਹੈ। ਇਹ ਮਿੱਠਾ ਜ਼ਹਿਰ ਸਦੀਆਂ ਤੱਕ ਔਰਤ ਨੂੰ ਗੁਲਾਮੀ ਦਾ ਅਹਿਸਾਸ ਨਹੀਂ ਹੋਣ ਦਿੰਦਾ।

ਪਿੱਤਰ-ਸੱਤਾ ਦੀਆਂ ਰੂੜ੍ਹੀਵਾਦੀ ਕਦਰਾਂ ਕੀਮਤਾਂ ਪੀੜ੍ਹੀ-ਦਰ-ਪੀੜ੍ਹੀ ਲੋਕਾਂ ਦੇ ਸਹਿਜ ਵਿਹਾਰ ਵਿੱਚ ਆਪਣੀਆਂ ਜੜ੍ਹਾਂ ਹੋਰ ਪੱਕੀਆਂ ਕਰਦੀਆਂ ਜਾਂਦੀਆਂ ਹਨ। ਉਤੋਂ ਸਿਤਮ ਇਹ ਕਿ ਇਸ ਸੱਤਾ ਦਾ ਆਨੰਦ ਮਾਣਨ ਵਾਲੇ ਆਪਣੇ ਵਰਤੋਂ ਵਿਹਾਰ ਉਤੇ ਕਦੇ ਸ਼ੱਕ ਵੀ ਨਹੀਂ ਕਰਦੇ ਕਿ ਉਹ 'ਕੁੜੀਆਂ ਦੀ ਭਲਾਈ' ਦੇ ਨਾਮ ਉੱਤੇ ਆਪਣੇ ਸਮਾਜ ਦੀ ਅੱਧੀ ਵਸੋਂ ਦੀਆਂ ਸਭ ਸੰਭਾਵਨਾਵਾਂ ਨੂੰ ਦਿਨ ਦਿਹਾੜੇ ਕਤਲ ਕਰਦੇ ਰਹਿੰਦੇ ਹਨ। ਪਿੱਤਰੀ ਢਾਂਚੇ ਵਿਰੁੱਧ ਬਗਾਵਤ ਦਾ ਸੰਕੇਤ ਸਮਾਜ ਦੀ ਪੀੜਤ ਧਿਰ ਵੱਲੋਂ ਆਪਣੀ ਆਜ਼ਾਦੀ ਤੇ ਬਰਾਬਰੀ ਦੀ ਲੜਾਈ ਦਾ ਸੰਕੇਤ ਹੈ। ਇਹ ਆਪਣੇ ਸਵੈ ਮਾਨ ਦੀ ਰੱਖਿਆ ਲਈ ਸਥਾਪਤ ਕਦਰਾਂ ਕੀਮਤਾਂ ਤੋਂ ਬਾਗੀ ਹੋਣ ਦਾ ਸੰਕੇਤ ਹੈ।

ਔਰਤਾਂ ਦੇ ਸਨਮਾਨ ਤੇ ਸਾਵੇਂ ਸਮਾਜਿਕ ਰੁਤਬੇ ਨੂੰ ਹਾਸਲ ਕਰਨ ਲਈ ਕੀਤੀ ਜਾਣ ਵਾਲੀ ਇਸ ਬਗਾਵਤ ਦਾ ਇਹ ਭਾਵ ਨਹੀਂ ਕਿ ਇਹ ਸਮਾਜ ਦੇ ਮਰਦਾਂ ਵਿਰੁੱਧ ਲੜਾਈ ਹੈ, ਬਲਕਿ ਇਹ ਲੜਾਈ ਉਨ੍ਹਾਂ ਕਦਰਾਂ ਕੀਮਤਾਂ, ਨੈਤਿਕਤਾ ਦੇ ਪੈਮਾਨਿਆਂ ਦੇ ਵਿਰੁੱਧ ਹੈ, ਜਿਹੜੇ ਪਿੱਤਰੀ ਦਾਬੇ ਨੂੰ ਜਨਮ ਦੇਣ ਤੇ ਸਮਾਜ ਵਿੱਚ ਪੱਕਾ ਕਰਨ ਦੇ ਜ਼ਿੰਮੇਵਾਰ ਹਨ। ਪਿੱਤਰ-ਸੱਤਾ ਦਾ ਸਭ ਤੋਂ ਗੁੱਝਾ ਰੂਪ ਪਿਤਾਵਾਂ, ਭਰਾਵਾਂ, ਪੁੱਤਰਾਂ ਤੇ ਪ੍ਰੇਮੀਆਂ ਅਤੇ ਸਮਕਾਲੀ ਪ੍ਰਸੰਗਾਂ ਅਨੁਸਾਰ ਟੀਚਰਾਂ ਅਤੇ ਆਪ ਬਣੇ ਸਰਪ੍ਰਸਤਾਂ ਵੱਲੋਂ ਦਿਖਾਏ ਜਾਂਦੇ ਪਿਆਰ ਦੇ ਰੂਪ ਵਿੱਚ ਪ੍ਰਗਟ ਹੁੰਦਾ ਹੈ। ਜਦੋਂ ਕੋਈ ਔਰਤ/ ਕੁੜੀ/ ਵਿਦਿਆਰਥਣ ਆਪਣੇ ਇਨ੍ਹਾਂ ਨਵੇਂ ਪੁਰਾਣੇ ਸਰਪ੍ਰਸਤਾਂ ਦੇ ਪਿਆਰ ਦੇ ਮਿੱਠੇ ਜ਼ਹਿਰ ਦੇ ਰੂਪ ਵਿੱਚ ਪਰੋਸੀ ਜਾਂਦੀ ਗੁਲਾਮੀ ਦੀ ਸਾਜ਼ਿਸ਼ ਨੂੰ ਸਮਝ ਲੈਂਦੀ ਹੈ ਤਾਂ ਬਾਗੀ ਹੋ ਜਾਂਦੀ ਹੈ। ਹੁੱਬ-ਹੁੱਬ ਕੇ ਸਮੇਂ ਦੀਆਂ ਸਥਿਤੀਆਂ ਤੇ ਮਾਨਤਾਵਾਂ ਦੀ ਦੁਹਾਈ ਦੇਣ ਅਤੇ ਔਰਤ ਦੀ ਆਜ਼ਾਦੀ ਦੇ ਮਸਲੇ ਨੂੰ ਵਿਹਾਰਕ ਮੁਸ਼ਕਿਲਾਂ ਨਾਲ ਜੋੜ ਕੇ ਸਮਝਣ ਦਾ ਪਾਠ ਪੜ੍ਹਾਉਣ ਵਾਲਿਆਂ ਦੀ ਅਨਪੜ੍ਹਤਾ ਤੇ ਅਕਲ ਦਾ ਕੁੱਬ ਕਿਸੇ ਤੋਂ ਲੁਕਿਆ ਨਹੀਂ। ਉਨ੍ਹਾਂ ਨੂੰ ਆਪਣੇ ਆਪ ਉਤੇ ਸ਼ਰਮਿੰਦਗੀ ਮਹਿਸੂਸ ਨਹੀਂ ਹੁੰਦੀ ਕਿ ਉਨ੍ਹਾਂ ਦੀਆਂ ਇਨ੍ਹਾਂ 'ਯਥਾਰਥਵਾਦੀ ਸੋਚਾਂ' ਕਰਕੇ ਭਾਰਤ ਦੀਆਂ ਕਰੋੜਾਂ ਔਰਤਾਂ ਨੂੰ ਆਪਣੀ ਲਿਆਕਤ, ਤਾਕਤ ਅਤੇ ਸਮਰੱਥਾ ਦੇ ਜਲਵੇ ਦਿਖਾਉਣ ਤੋਂ ਡੱਕਿਆ ਗਿਆ ਹੈ। ਅੱਜ ਸੁਚੇਤ ਤੇ ਪੜ੍ਹੀ ਲਿਖੀ ਔਰਤ ਸਮਾਜ ਵੱਲੋਂ ਬਣਾਈਆਂ ਕਦਰਾਂ ਕੀਮਤਾਂ ਉਲੰਘ ਕੇ ਬਗਾਵਤ ਦੇ ਰਸਤੇ 'ਤੇ ਤੁਰਨ ਲਈ ਪਰ ਤੋਲ ਰਹੀ ਹੈ। ਜ਼ਾਹਿਰ ਹੈ ਕਿ ਆਜ਼ਾਦੀ ਦੇ ਰਾਹ ਦੀ ਪਾਂਧੀ ਤੇ ਉਸ ਉਤੇ ਤੁਰਦਿਆਂ ਬਾਗੀ ਹੋਈ ਔਰਤ ਸਮਾਜ ਲਈ ਖਤਰਨਾਕ ਹੋ ਜਾਂਦੀ ਹੈ। ਉਹ ਸਮਾਜ ਦੇ ਕਾਨੂੰਨ ਮੰਨਣ ਤੋਂ ਇਨਕਾਰੀ ਹੋ ਜਾਂਦੀ ਹੈ ਤੇ ਆਪਣੀ ਆਜ਼ਾਦੀ ਲਈ ਮੈਦਾਨ ਵਿੱਚ ਕੁੱਦ ਪੈਂਦੀ ਹੈ। ਸਮੇਂ ਨੂੰ ਬਾਗੀ ਔਰਤਾਂ ਦੀ ਲੋੜ ਹੈ। ਪਿੱਤਰ-ਸੱਤਾ ਨਾਲ ਖੜ੍ਹਨ ਵਾਲਿਆਂ ਦਾ ਆਪਣਾ ਪੱਖ ਹੈ, ਆਪਣੀਆਂ ਮਜਬੂਰੀਆਂ, ਆਪਣੇ ਹਿੱਤ ਤੇ ਆਪਣੀਆਂ ਦਲੀਲਾਂ ਹਨ, ਪਰ ਬਦਲਦੇ ਸਮੇਂ ਵਿੱਚ ਇਹ ਨਵੀਂ ਪੈਦਾ ਹੋ ਰਹੀ ਔਰਤ ਦੀ ਆਜ਼ਾਦੀ ਲਈ ਬੇਬਾਕ ਚਾਰਾਜੋਈ ਦੇ ਹੜ੍ਹ ਵਿੱਚ ਵਹਿ ਜਾਵੇਗਾ। ਤੁਸੀਂ ਔਰਤਾਂ ਨੂੰ ਕਦਰਾਂ ਕੀਮਤਾਂ ਤੇ ਸਮਾਜ ਦਾ ਵਾਸਤਾ ਦੇ ਕੇ ਹੱਕਾਂ ਤੋਂ ਵਾਂਝਾ ਨਹੀਂ ਰੱਖ ਸਕਦੇ।

# ਆਈ ਐੱਸ ਕਿਸੇ ਵੀ ਤਰ੍ਹਾਂ ਇਸਲਾਮ ਦੀ ਨੁਮਾਇੰਦਾ ਨਹੀਂ

-ਸਈਦ ਸਲਮਾਨ

ਪਿਛਲੇ ਦਿਨੀਂ ਰਾਇਲ ਸਵੀਡਿਸ਼ ਅਕੈਡਮੀ ਨੇ ਸੰਨ 2018 ਵਿੱਚ ਸ਼ਾਂਤੀ ਯਤਨਾਂ ਲਈ ਦਿੱਤੇ ਜਾਣ ਵਾਲੇ ਨੋਬਲ ਸ਼ਾਂਤੀ ਇਨਾਮਾਂ ਦਾ ਐਲਾਨ ਕੀਤਾ। ਇਸ ਸਾਲ ਦਾ ਨੋਬਲ ਸ਼ਾਂਤੀ ਇਨਾਮ ਡੈਨਿਸ ਮੁਕਵੇਗੇ ਤੇ ਨਾਦੀਆ ਮੁਰਾਦ ਨੂੰ ਦਿੱਤਾ ਜਾਵੇਗਾ। ਨਾਦੀਆ ਮੁਰਾਦ ਦੇ ਨਾਂਅ ਦਾ ਐਲਾਨ ਹੁੰਦੇ ਸਾਰ ਦੁਨੀਆ ਦੇ ਖਤਰਨਾਕ ਅੱਤਵਾਦੀ ਸੰਗਠਨ ਆਈ ਐੱਸ (ਇਸਲਾਮਕ ਸਟੇਟ) ਦਾ ਉਹ ਚਿਹਰਾ ਇੱਕ ਵਾਰ ਫਿਰ ਸਾਹਮਣੇ ਆ ਗਿਆ, ਜਿਸ ਬਾਰੇ ਮਾਨਤਾ ਹੈ ਕਿ ਇਹ ਮੂਲ ਤੌਰ 'ਤੇ ਇਸਲਾਮ ਦੀ ਨੁਮਾਇੰਦਗੀ ਕਰਦਾ ਹੈ। ਨਾਦੀਆ ਮੁਰਾਦ ਇਰਾਕ ਦੇ ਘੱਟ-ਗਿਣਤੀ ਯਜੀਦੀ ਭਾਈਚਾਰੇ ਦੀ ਔਰਤ ਹੈ। ਉਸ ਨੂੰ ਆਈ ਐੱਸ ਵੱਲੋਂ ਕਾਫੀ ਸਮਾ ਬੰਧਕ ਬਣਾ ਕੇ ਰੱਖਿਆ ਗਿਆ ਤੇ ਉਸ ਨਾਲ ਕਈ ਵਾਰ ਬਲਾਤਕਾਰ ਤੇ ਹੋਰ ਤਰੀਕਿਆਂ ਨਾਲ ਉਸ ਦਾ ਸ਼ੋਸ਼ਣ ਕੀਤਾ ਗਿਆ। ਨਾਦੀਆ ਨੇ ਹੀ ਦੁਨੀਆ ਨੂੰ ਦੱਸਿਆ ਕਿ ਕਿਸ ਤਰ੍ਹਾਂ ਆਈ ਐੱਸ ਦੇ ਅੱਤਵਾਦੀ ਕੁੜੀਆਂ ਨੂੰ 'ਸੈਕਸ ਗੁਲਾਮ' ਬਣਾ ਕੇ ਮਨਸੂਬੇ ਪੂਰੇ ਕਰਦੇ ਹਨ। ਦਸੰਬਰ 2015 'ਚ ਨਾਦੀਆ ਯੂ ਐੱਨ ਓ ਸਕਿਓਰਟੀ ਕੌਂਸਲ ਅੱਗੇ ਪੇਸ਼ ਹੋਈ ਸੀ ਤੇ ਸਾਰੇ ਦੇਸ਼ਾਂ ਦੇ ਨੁਮਾਇੰਦਿਆਂ ਸਾਹਮਣੇ ਆਪਣੇ 'ਤੇ ਹੋਏ ਜ਼ੁਲਮਾਂ ਬਾਰੇ ਖੁੱਲ੍ਹ ਕੇ ਦੱਸਿਆ ਸੀ। ਉਸ ਨੇ ਆਈ ਐਸ ਦੀ ਜੋ ਕਹਾਣੀ ਦੱਸੀ, ਉਹ ਇਨਸਾਨੀਅਤ ਨੂੰ ਸ਼ਰਮਸਾਰ ਕਰਨ ਵਾਲੀ ਹੈ।

ਨਾਦੀਆ ਦੇ ਦੱਸਣ ਅਨੁਸਾਰ ਉਸ ਨੂੰ ਅਤੇ ਹੋਰਨਾਂ ਕੁੜੀਆਂ ਨੂੰ ਅਗਸਤ 2014 ਵਿੱਚ ਅਗਵਾ ਕਰ ਕੇ ਮੋਸੁਲ 'ਚ ਸਥਿਤ ਇਸਲਾਮਕ ਕੋਰਟ 'ਚ ਲਿਜਾਇਆ ਗਿਆ ਸੀ, ਜਿੱਥੇ ਹਰ ਇੱਕ ਔਰਤ ਦੀ ਫੋਟੋ ਖਿੱਚੀ ਜਾਂਦੀ ਸੀ। ਔਰਤਾਂ ਦੀਆਂ ਖਿੱਚੀਆਂ ਗਈਆਂ ਹਜ਼ਾਰਾਂ ਫੋਟੋਆਂ ਨਾਲ ਇੱਕ ਫੋਨ ਨੰਬਰ ਹੁੰਦਾ ਸੀ। ਇਹ ਫੋਨ ਨੰਬਰ ਉਸ ਅੱਤਵਾਦੀ ਲੜਾਕੇ ਦਾ ਹੁੰਦਾ ਸੀ, ਜੋ ਉਸ ਔਰਤ/ ਕੁੜੀ ਲਈ ਜ਼ਿੰਮੇਵਾਰ ਹੁੰਦਾ ਸੀ। ਹਰ ਜਗ੍ਹਾ ਤੋਂ ਆਈ ਐੱਸ ਦੇ ਲੜਾਕੇ ਇਸਲਾਮਕ ਕੋਰਟ ਵਿੱਚ ਆਉਂਦੇ, ਫੋਟੋਆਂ ਦੇਖ ਕੇ ਆਪਣੇ ਲਈ ਕੁੜੀਆਂ ਚੁਣਦੇ। ਇਹ ਇੱਕ ਤਰ੍ਹਾਂ ਕੁੜੀਆਂ ਦੀਆਂ ਫੋਟੋਆਂ ਦੀ ਪ੍ਰਦਰਸ਼ਨੀ ਹੁੰਦੀ ਸੀ, ਜਿੱਥੇ ਕਿਸੇ ਕੁੜੀ ਨੂੰ ਪਸੰਦ ਕਰਨ ਵਾਲਾ ਲੜਾਕਾ ਉਸ ਦਾ ਸੌਦਾ ਤੈਅ ਕਰਦਾ ਸੀ। ਖਰੀਦਣ ਤੋਂ ਬਾਅਦ ਲੜਕੀ ਦਾ ਨਵਾਂ ਮਾਲਕ ਚਾਹੇ ਉਸ ਨੂੰ 'ਕਿਰਾਏ' ਉੱਤੇ ਦੇਵੇ ਜਾਂ ਆਪਣੇ ਕਿਸੇ ਜਾਣ-ਪਛਾਣ ਵਾਲੇ ਨੂੰ ਤੋਹਫੇ ਵਿੱਚ ਦੇ ਦੇਵੇ।

ਇਸ ਮੌਕੇ ਨਾਦੀਆ ਨੇ ਦੱਸਿਆ ਕਿ ਆਈ ਐੱਸ ਦੇ ਅੱਤਵਾਦੀ ਬੇਹੋਸ਼ ਹੋਣ ਤੱਕ ਉਸ ਨਾਲ ਬਲਾਤਕਾਰ ਕਰਦੇ ਸਨ। ਆਈ ਐੱਸ ਨੇ ਨਾਦੀਆ ਤੇ ਲਗਭਗ 150 ਹੋਰ ਕੁੜੀਆਂ ਨੂੰ ਵੀ ਅਗਵਾ ਕੀਤਾ ਸੀ ਤੇ ਲਗਭਗ ਤਿੰਨ ਮਹੀਨੇ ਉਨ੍ਹਾਂ ਸਾਰੀਆਂ ਨੂੰ ਸੈਕਸ ਗੁਲਾਮ ਬਣਾ ਕੇ ਰੱਖਿਆ। ਜ਼ਿਕਰ ਯੋਗ ਹੈ ਕਿ ਆਈ ਐੱਸ ਨੇ ਨਾਦੀਆ ਮੁਰਾਦ ਦੇ ਨਾਲ ਉਸ ਦੀ ਭੈਣ ਨੂੰ ਨੂੰ ਵੀ ਉਤਰੀ ਇਰਾਕ ਦੇ ਸਿੰਜਾਰ ਇਲਾਕੇ 'ਚ ਪੈਂਦੇ ਉਨ੍ਹਾਂ ਦੇ ਪਿੰਡੋਂ ਅਗਵਾ ਕੀਤਾ ਸੀ। ਇਸ ਦੌਰਾਨ ਨਾਦੀਆ ਦੇ ਛੇ ਭਰਾਵਾਂ ਅਤੇ ਉਸ ਦੀ ਮਾਂ ਨੂੰ ਇਨ੍ਹਾਂ ਜੇਹਾਦੀ ਅੱਤਵਾਦੀਆਂ ਨੇ ਮਾਰ ਦਿੱਤਾ ਸੀ। ਅਗਵਾ ਕੀਤੀਆਂ ਇਨ੍ਹਾਂ ਦੋਵਾਂ ਭੈਣਾਂ ਨਾਲ ਅੱਤਵਾਦੀਆਂ ਵੱਲੋਂ ਕਈ ਵਾਰ ਬਲਾਤਕਾਰ ਕੀਤਾ ਗਿਆ।

ਉਹ ਨਾਦੀਆ ਹੀ ਸੀ, ਜਿਸ ਦੇ ਰਾਹੀਂ ਪਤਾ ਲੱਗਾ ਕਿ ਅੱਤਵਾਦੀ ਸਾਰੀਆਂ ਕੁੜੀਆਂ ਨੂੰ ਆਪਸ 'ਚ ਕਿਸੇ ਚੀਜ਼ ਵਾਂਗ ਬਦਲਦੇ ਰਹਿੰਦੇ ਸਨ। ਅੱਤਵਾਦੀਆਂ ਤੋਂ ਡਰ ਕੇ ਕੈਦ ਕੀਤੀਆਂ ਕਈ ਕੁੜੀਆਂ ਨੇ ਛੱਤ ਤੋਂ ਛਾਲ ਮਾਰ ਕੇ ਜਾਨ ਤੱਕ ਦੇ ਦਿੱਤੀ। ਇੱਕ ਦਿਨ ਕਿਸੇ ਤਰ੍ਹਾਂ ਮੌਕਾ ਪਾ ਕੇ ਨਾਦੀਆ ਉਸ ਕੈਦਖਾਨੇ 'ਚੋਂ ਭੱਜ ਨਿਕਲੀ ਤੇ ਮੋਸੁਲ ਦੇ ਇੱਕ ਸ਼ਰਨਾਰਥੀ ਕੈਂਪ ਵਿੱਚ ਪਹੁੰਚ ਗਈ। ਇਹ ਅੱਤਵਾਦੀਆਂ ਦਾ ਖੌਫ ਹੀ ਸੀ ਕਿ ਨਾਦੀਆ ਆਪਣੇ ਭੱਜਣ ਦੀ ਘਟਨਾ ਬਾਰੇ ਖੁੱਲ੍ਹ ਕੇ ਨਹੀਂ ਦੱਸਦੀ, ਕਿਉਂਕਿ



ਉਸ ਨੂੰ ਲੱਗਦਾ ਹੈ ਕਿ ਅਜਿਹਾ ਕਰਨ 'ਤੇ ਬਾਕੀ ਕੁੜੀਆਂ ਲਈ ਖਤਰਾ ਵਧ ਸਕਦਾ ਹੈ।

ਨਾਦੀਆ ਨੇ ਦੁਨੀਆ ਦੇ ਸਾਰੇ ਦੇਸ਼ਾਂ ਨੂੰ ਅਪੀਲ ਕੀਤੀ ਕਿ ਉਹ ਆਈ ਐੱਸ ਦੇ ਖਾਤਮੇ ਲਈ ਅੱਗੇ ਆਉਣ, ਜਿਸ ਨੇ ਦੁਨੀਆ ਵਿੱਚ ਆਪਣੇ ਸੰਗਠਨ ਨੂੰ ਇਸਲਾਮ ਦਾ ਸੱਚਾ ਨੁਮਾਇੰਦਾ ਦੱਸਣ ਵਿੱਚ ਕੋਈ ਕਸਰ ਨਹੀਂ ਛੱਡੀ, ਜਦ ਕਿ ਆਈ ਐੱਸ ਦੀਆਂ ਹਰਕਤਾਂ ਸਰਾਸਰ ਗੈਰ ਇਸਲਾਮੀ ਹਨ। ਆਈ ਐੱਸ ਦੇ ਜ਼ੁਲਮਾਂ ਦੀ ਕਹਾਣੀ ਕਾਫੀ ਲੰਮੀ ਹੈ। ਕਿਸੇ ਨੂੰ ਅਗਵਾ ਕਰਨਾ ਤੇ ਉਸ ਦੇ ਪਰਵਾਰ ਨੂੰ ਕਤਲ ਕਰ ਦੇਣਾ, ਅਗਵਾ ਕੀਤੀਆਂ ਔਰਤਾਂ ਨਾਲ ਬਲਾਤਕਾਰ ਕਰਨਾ ਆਖਿਰ ਧਰਮ ਦੇ ਘੇਰੇ ਵਿੱਚ ਕਿਵੇਂ ਆਉਂਦਾ ਹੈ? ਇਹ ਜ਼ੁਲਮ ਹੈ ਅਤੇ ਇੰਨਾ ਤੈਅ ਹੈ ਕਿ ਕੋਈ ਜ਼ਾਲਮ ਮੁਸਲਮਾਨ ਅਖਵਾਉਣ ਲਾਇਕ ਹੋ ਹੀ ਨਹੀਂ ਸਕਦਾ।

ਉਸ ਦੇ ਦੱਸਣ ਅਨੁਸਾਰ ਉਹ ਜਦੋਂ ਮੋਸੁਲ ਦੀਆਂ ਗਲੀਆਂ ਵਿੱਚ ਭੱਜੀ ਜਾ ਰਹੀ ਸੀ ਤਾਂ ਉਸ ਨੇ ਇੱਕ ਮੁਸਲਿਮ ਪਰਵਾਰ ਦੇ ਘਰ ਦਾ ਬੂਹਾ ਖੜਕਾਇਆ ਤੇ ਉਸ ਨੂੰ ਆਪਣੀ ਇਹ ਹੱਡਬੀਤੀ ਸੁਣਾਈ। ਉਸ ਪਰਵਾਰ ਨੇ ਨਾਦੀਆ ਨੂੰ ਕੁਰਦਿਸਤਾਨ ਦੀ ਹੱਦ ਤੱਕ ਸੁਰੱਖਿਅਤ ਪਹੁੰਚਾਉਣ 'ਚ ਮਦਦ ਕੀਤੀ। ਉਸ ਗੁੰਮਨਾਮ ਮੁਸਲਿਮ ਪਰਵਾਰ ਨੇ ਆਈ ਐੱਸ ਦੇ ਵਿਰੁੱਧ ਜਾ ਕੇ ਇੱਕ ਮਜ਼ਲੂਮ ਦੀ ਮਦਦ ਕਰ ਕੇ ਸਿੱਧ ਕਰ ਦਿੱਤਾ ਕਿ ਇਸਲਾਮ 'ਚ ਹਮਦਰਦੀ ਦੀ ਕਿੰਨੀ ਮਹੱਤਤਾ ਹੈ। ਆਪਣੀ ਜਾਨ 'ਤੇ ਖੇਡ ਕੇ ਮਜ਼ਲੂਮ ਦੀ ਹਿਫਾਜ਼ਤ ਕਰਨਾ ਇਸਲਾਮ ਦੀ ਸਹੀ ਸਿਖਿਆ ਨੂੰ ਦਰਸਾਉਂਦਾ ਹੈ। ਨੇਕੀ ਦੇ ਰਾਹ 'ਤੇ ਚੱਲਦਿਆਂ ਹਰ ਪੀੜਤ ਤੇ ਮਜ਼ਲੂਮ ਦੀ ਸਹਾਇਤਾ ਕਰਨਾ ਹੀ ਇਸਲਾਮ ਦਾ ਸੰਦੇਸ਼ ਹੈ ਤੇ ਇਸ ਨੂੰ ਅਪਣਾਉਣਾ ਹਰੇਕ ਮੁਸਲਮਾਨ ਦਾ ਫਰਜ਼ ਹੋਣਾ ਚਾਹੀਦਾ ਹੈ। ਆਈ ਐੱਸ ਸਮੇਤ ਉਹ ਸਾਰੇ ਲੋਕ, ਜੋ ਕਤਲੇਗਾਰਤ ਤੇ ਦਹਿਸ਼ਤਗਰਦੀ ਦੇ ਕੰਮਾਂ ਨੂੰ ਇਸਲਾਮ ਦੇ ਹੁਕਮ ਮੁਤਾਬਕ ਦੱਸਦੇ ਹਨ, ਅਸਲ ਵਿੱਚ ਪਵਿੱਤਰ ਕੁਰਾਨ ਤੇ ਰਸੂਲ ਦੀਆਂ ਸਿਖਿਆਵਾਂ ਦਾ ਅਪਮਾਨ ਕਰਦੇ ਹਨ, ਕਿਉਂਕਿ ਕੁਰਾਨ ਉਹ ਗ੍ਰੰਥ ਹੈ, ਜਿਸ ਨੇ ਇੱਕ ਕਤਲ ਦੇ ਜੁਰਮ ਨੂੰ ਪੂਰੀ ਇਨਸਾਨੀਅਤ ਦਾ ਕਤਲ ਕਰਨ ਦੇ ਅਪਰਾਧ ਦੇ ਬਰਾਬਰ ਰੱਖਿਆ ਤੇ ਕਿਹਾ ਕਿ ਜਿਸ ਨੇ ਕਿਸੇ ਬੇਗੁਨਾਹ ਦਾ ਕਤਲ ਕੀਤਾ ਜਾਂ ਜ਼ਮੀਨ 'ਤੇ ਕਿਤੇ ਦੰਗਾ-ਫਸਾਦ ਨੂੰ ਫੈਲਾਇਆ, ਸਮਝੋ ਉਸ ਨੇ ਪੂਰੀ ਇਨਸਾਨੀਅਤ ਦਾ ਕਤਲ ਕੀਤਾ (ਅਲ ਕੁਰਾਨ : 5.32)।

ਮਜ਼ਲੂਮਾਂ ਦੀ ਮਦਦ ਕਰਨਾ ਸਭ ਤੋਂ ਵੱਡੀ ਇਬਾਦਤ ਹੈ। ਉਸ ਵਿਅਕਤੀ 'ਤੇ ਕਦੇ ਅਤਿਆਚਾਰ ਨਾ ਕਰਨਾ, ਜਿਸ ਦਾ ਕੋਈ ਮਦਦਗਾਰ ਨਾ ਹੋਵੇ, ਪਰ ਜਿਸ ਦਾ ਕੋਈ ਮਦਦਗਾਰ ਨਹੀਂ ਹੁੰਦਾ, ਉਸ ਦੀ ਮਦਦ ਅੱਲ੍ਹਾ ਕਰਦਾ ਹੈ, ਇਸਲਾਮ ਦੇ ਨਾਂਅ 'ਤੇ ਕਤਲੋਗਾਰਤ ਕਰਨ ਵਾਲੇ ਸਮੂਹ ਦੇ ਵਿਰੁੱਧ ਮੁਸਲਿਮ ਭਾਈਚਾਰੇ ਦੀ ਚੁੱਪ ਰੜਕਦੀ ਹੈ। ਇਹ ਚੁੱਪ ਇੱਕ ਤਰ੍ਹਾਂ ਨਾਲ ਆਈ ਐੱਸ ਦਾ ਅਸਿੱਧਾ ਸਮਰਥਨ ਹੈ। ਅੱਜ ਦੁਨੀਆ ਦੇ ਕਈ ਮੁਸਲਿਮ ਸ਼ਾਸਕਾਂ ਸਾਹਮਣੇ ਬੇਗੁਨਾਹਾਂ ਦੇ ਸਿਰ ਕਲਮ ਕੀਤੇ ਜਾਂਦੇ ਹਨ, ਪਰ ਸਾਰੇ ਮੁਸਲਿਮ ਸ਼ਾਸਕ ਤਮਾਸ਼ਬੀਨ ਬਣੇ ਹੋਏ ਹਨ। ਇਸਲਾਮ ਦੀ ਮਾਨਤਾ ਅਨੁਸਾਰ ਕੁਰਾਨ ਜਿਸ ਜਗ੍ਹਾ 'ਨਾਜ਼ਿਲ' ਹੋਇਆ ਸੀ, ਪਹਿਲਾਂ ਉਥੋਂ ਦੇ ਇਨਸਾਨਾਂ ਦੀ ਨਜ਼ਰ 'ਚ ਇਨਸਾਨੀ ਜਾਨ ਦੀ ਕੋਈ ਕੀਮਤ ਨਹੀਂ ਸੀ। ਉਹ ਗੱਲ-ਗੱਲ 'ਤੇ ਇੱਕ ਦੂਜੇ ਦਾ ਖੂਨ ਵਹਾ ਦਿੰਦੇ ਸਨ, ਲੁੱਟਮਾਰ ਕਰਦੇ ਸਨ। ਫਿਰ ਕੁਰਾਨ ਦੇ ਅਵਤਾਰ ਨੇ ਨਾ ਸਿਰਫ ਇਸ ਕਤਲੋਗਾਰਤ ਨੂੰ ਨਾਜਾਇਜ਼ ਦੱਸਿਆ, ਸਗੋਂ ਕਾਤਲਾਂ ਲਈ ਸਜ਼ਾ ਦੀ ਵਿਵਸਥਾ ਵੀ ਤੈਅ ਕੀਤੀ।

ਜਿਹੜੇ ਅੱਤਵਾਦੀ ਖੁਦ ਨੂੰ ਕੁਰਾਨ ਨੂੰ ਮੰਨਣ ਵਾਲੇ ਕਹਿੰਦੇ ਹਨ, ਉਨ੍ਹਾਂ ਨੂੰ ਇਹ ਜ਼ਰੂਰ ਪਤਾ ਹੋਣਾ ਚਾਹੀਦਾ ਹੈ ਕਿ ਇਸਲਾਮ 'ਚ ਇਹ ਸਖਤ ਤਾਕੀਦ ਕੀਤੀ ਗਈ ਹੈ ਕਿ ਅੱਲ੍ਹਾ ਦੀ ਬਣਾਈ ਇਸ ਧਰਤੀ 'ਤੇ ਕੋਈ ਫਸਾਦ, ਹਿੰਸਾ ਨਾ ਹੋਵੇ, ਪਰ ਆਈ ਐੱਸ ਨੇ ਦੁਨੀਆ ਭਰ 'ਚ ਹਿੰਸਾ ਫੈਲਾਈ ਹੋਈ ਹੈ। ਭਾਰਤ ਦੇ ਕਸ਼ਮੀਰ ਸਮੇਤ ਕਈ ਰਾਜਾਂ ਤੋਂ ਨੌਜਵਾਨ ਆਈ ਐੱਸ ਵਿੱਚ ਸ਼ਾਮਲ ਹੋ ਕੇ ਮੁਸਲਿਮ ਸਮਾਜ ਨੂੰ ਕਲੰਕਿਤ ਕਰ ਚੁੱਕੇ ਹਨ। ਸੋਚਣ ਦੀ ਗੱਲ ਹੈ ਕਿ ਕੀ ਆਈ ਐੱਸ ਕੁਰਾਨ ਅਤੇ ਹਦੀਸ ਦੇ ਕਿਸੇ ਵੀ ਪੈਮਾਨੇ 'ਤੇ ਖਰਾ ਉਤਰਦਾ ਹੈ?

ਜੇ ਸਹੀ ਇਸਲਾਮ ਦੇ ਵੱਕਾਰ ਤੇ ਨਸੀਹਤਾਂ ਨੂੰ ਕਾਇਮ ਰੱਖਣਾ ਹੈ ਤਾਂ ਆਈ ਐੱਸ ਦਾ ਜੜ੍ਹੋਂ ਨਾਸ਼ ਕਰਨਾ ਜ਼ਰੂਰੀ ਹੈ। ਪੈਗੰਬਰ ਮੁਹੰਮਦੇ ਸਾਹਿਬ ਦਾ ਫਰਮਾਨ ਹੈ ਕਿ ਕੋਈ ਵੀ ਆਦਮੀ ਜੇ ਮਦਦ ਲਈ ਪੁਕਾਰੇ ਅਤੇ ਮੁਸਲਮਾਨ ਉਸ ਦੀ ਮਦਦ ਨਾ ਕਰੇ ਤਾਂ ਉਹ ਮੁਸਲਮਾਨ ਨਹੀਂ ਹੋ ਸਕਦਾ, ਪਰ ਇਥੇ ਤਾਂ ਪਤਾ ਨਹੀਂ ਕਿੰਨੀਆਂ ਮਾਸੂਮ ਜਿੰਦਾਂ ਆਈ ਐੱਸ ਵਿਰੁੱਧ ਦੁਨੀਆ ਤੋਂ ਮਦਦ ਮੰਗ ਰਹੀਆਂ ਹਨ।

# ਬਾਤ ਨਿਕਲੇਗੀ ਤੋ ਦੂਰ ਤਲਕ ਜਾਏਗੀ..

-ਡਾ. ਯਾਦਵਿੰਦਰ ਕੌਰ

ਗੱਲ ਯੂਨੀਵਰਸਿਟੀ ਦੀ ਕਨਵੋਕੇਸ਼ਨ ਵਾਲੇ ਦਿਨ ਦੀ ਹੈ। ਹਰ ਸਰਕਾਰੀ, ਗੈਰ ਸਰਕਾਰੀ ਵਿਦਿਅਕ ਅਦਾਰਾ ਇਸ ਦਿਨ ਪੀ ਐਚ ਡੀ ਕਰ ਚੁੱਕੇ ਆਪਣੇ ਅਧਿਆਪਕਾਂ ਨੂੰ ਮਾਰਚ ਪਾਸਟ ਦੇ ਰੂਪ ਵਿੱਚ ਪੇਸ਼ ਕਰਦਾ ਹੈ। ਮੇਰੇ ਲਈ ਇਸ ਤਰ੍ਹਾਂ ਦੇ ਸਮਾਗਮ ਵਿੱਚ ਇਸ ਅੰਦਾਜ਼ ਨਾਲ ਸ਼ਿਰਕਤ ਕਰਨ ਦਾ ਪਹਿਲਾ ਮੌਕਾ ਸੀ। ਅਸੀਂ ਬੈਂਡ ਦੀਆਂ ਧੁਨਾਂ ਨਾਲ ਤਿਰੰਗੇ ਝੰਡੇ ਦੀ ਅਗਵਾਈ ਹੇਠ ਸਮਾਗਮ ਹਾਲ ਵਿੱਚ ਸ਼ਾਮਲ ਹੋਣਾ ਸੀ। ਜਦੋਂ ਅਸੀਂ ਹਾਲ ਅੰਦਰ ਦਾਖਲ ਹੋਏ ਤਾਂ ਹਜ਼ਾਰਾਂ ਦੀ ਤਾਦਾਦ ਵਿੱਚ ਬੈਠੇ ਵਿਦਿਆਰਥੀ ਸਨਮਾਨ ਵਜੋਂ ਖੜ੍ਹੇ ਹੋਏ ਤੇ ਆਪਣੇ ਕੈਮਰਿਆਂ ਵਿੱਚ ਇਹ ਦ੍ਰਿਸ਼ ਕੈਦ ਕਰਨ ਲਈ ਉਮੜ ਪਏ। ਕਾਲੇ ਰੰਗ ਦੇ ਗਾਊਨ ਵਿੱਚ ਬੈਠੇ ਵਿਦਿਆਰਥੀਆਂ ਨਾਲ ਖਚਾਖਚ ਭਰੇ ਹਾਲ ਵਿੱਚੋਂ ਲਾਲ ਰੰਗ ਦੇ ਗਾਊਨ ਪਾਈ ਲੰਘਦਾ ਮਾਰਚ ਪਾਸਟ ਥਾਂ-ਥਾਂ ਲੱਗੀਆਂ ਸਕਰੀਨਾਂ ਵਿੱਚੋਂ ਸਚਮੁੱਚ ਦਿਲਕਸ਼ ਲੱਗਦਾ ਸੀ। ਝੂਲਦੇ ਤਿਰੰਗੇ ਤੇ ਵਿਦਿਆਰਥੀਆਂ ਦੇ ਰੁਸ਼ਨਾਏ ਚਿਹਰਿਆਂ ਨੇ ਮੈਨੂੰ ਅਜਬ ਜਿਹੇ ਭਾਵ ਨਾਲ ਕੀਲ ਲਿਆ। ਮੈਂ ਖੁਦ ਨੂੰ ਅਜਿਹੇ ਸਮੇਂ ਅਤੇ ਮਾਹੌਲ ਵਿੱਚ ਕਿਆਸ ਰਹੀ ਸੀ, ਜੋ ਸਮਾਜਿਕ, ਧਾਰਮਿਕ ਅਤੇ ਜੈਵਿਕ ਹੋਂਦ ਤੋਂ ਪਰੇ ਸਿੱਖਿਅਤ ਸਮਾਜ ਦੀ ਨੁਮਾਇੰਦਗੀ ਕਰ ਰਿਹਾ ਸੀ, ਪਰ ਮੇਰੇ ਕਿਆਸੇ ਇਸ ਸੰਸਾਰ ਨੂੰ ਟੁੱਟਦਿਆਂ ਅਤੇ ਟੁੱਟ ਕੇ ਬਿਖਰਦਿਆਂ ਬਹੁਤਾ ਚਿਰ ਨਾ ਲੱਗਾ।

ਕਨਵੋਕੇਸ਼ਨ ਦੀ ਸਮਾਪਤੀ ਪਿੱਛੋਂ ਗਾਊਨ ਵਾਪਸ ਕਰਨ ਲਈ ਅਸੀਂ ਸਾਰੇ ਅਧਿਆਪਕ ਗਾਊਨ ਤਹਿ ਕਰ ਰਹੇ ਸੀ। ਖੁਦ ਬਹੁਤ ਸਲੀਕੇ ਨਾਲ ਤਹਿ ਕੀਤੇ ਗਾਊਨ ਦੀ ਤਾਰੀਫ ਕਰਦਿਆਂ ਮੇਰੇ ਮੂੰਹੋਂ ਅਚਨਚੇਤੀ ਨਿਕਲਿਆ, 'ਇਹ ਦੇਖੋ ਮੇਰਾ ਗਾਊਨ। ਇਸ ਤੋਂ ਪਤਾ ਲੱਗਦਾ ਏ ਕਿ ਮੈਂ ਕਿੰਨੀ ਸੁਘੜ ਸੁਆਣੀ ਆਂ।' ਮੇਰੇ ਇਹ ਬੋਲ ਸੁਣ ਕੇ ਗਾਊਨ ਤਹਿ ਕਰਨ ਵਿੱਚ ਉਲਝੇ ਮੇਰੇ ਜਾਣੂ ਸਰ ਯਕਦਮ ਬੋਲ ਪਏ, 'ਰਹਿਣ ਦਿਓ ਮੈਡਮ ਜੀ, ਮੈਂ ਜਾਣਦਾ ਹਾਂ ਤੁਹਾਡੇ ਸੁਘੜਪਣ ਨੂੰ। ਆਪ ਤੁਸੀਂ ਇਥੇ ਰਹਿੰਦੇ ਓ, ਘਰ ਵਾਲਾ ਤੁਹਾਡਾ ਕਿਤੇ ਰਹਿੰਦਾ ਏ ਤੇ ਬੇਟੀ ਤੁਹਾਡੀ ਕਿਤੇ ਰਹਿੰਦੀ ਏ।' ਉਸ ਦੀ ਗੱਲ ਸੁਣ ਕੇ ਉਥੇ ਸਾਰਿਆਂ ਵਿੱਚ ਖੜੀ ਦੀਆਂ ਮੇਰੇ ਅੱਖਾਂ ਵਿੱਚੋਂ ਬਸ ਹੰਝੂ ਹੀ ਨਹੀਂ ਟਪਕੇ, ਦਿਲ ਭੁਬਾਂ ਮਾਰ ਕੇ ਰੋਇਆ।

ਇਸ ਸ਼ਖਸ ਨੂੰ ਕਾਫੀ ਅਰਸੇ ਤੋਂ ਜਾਣਦੀ ਹਾਂ। ਮੇਰੇ ਜਾਣੂਆਂ ਵਿੱਚੋਂ ਅਗਾਂਹਵਧੂ ਸੋਚ ਦੇ ਉਨ੍ਹਾਂ ਪ੍ਰਤੀਨਿਧਾਂ ਵਿੱਚੋਂ ਹਨ, ਜਿਨ੍ਹਾਂ ਦੇ ਅਸਾਵੀਂ ਵੰਡ ਦੇ ਵਿਰੋਧੀ ਵਿਚਾਰਾਂ ਤੋਂ ਮੈਂ ਅਕਸਰ ਪ੍ਰਭਾਵਤ ਹੋਈ ਹਾਂ। ਸਮਾਜ ਵਿੱਚ ਬਰਾਬਰੀ ਦੀ ਪ੍ਰਬਲ ਇੱਛਾ ਉਨ੍ਹਾਂ ਦੀ ਕਥਨੀ ਵਿੱਚ ਹੀ ਨਹੀਂ, ਕਰਨੀ ਵਿੱਚੋਂ ਵਿਦਿਆਰਥੀ ਜੀਵਨ ਤੋਂ ਹੀ ਦੇਖੀ ਹੈ। ਵਰ੍ਹਿਆਂ ਦੀ ਪਛਾਣ ਹੋਣ ਕਾਰਨ ਮੈਨੂੰ ਉਨ੍ਹਾਂ ਦੇ ਬੋਲ ਹਾਸੇ ਮਜ਼ਾਕ ਵਿੱਚ ਕਿਹਾ ਗਿਆ ਵਾਕ ਹੀ ਲੱਗਾ, ਪਰ ਇਨ੍ਹਾਂ ਬੋਲਾਂ ਨੇ ਜਿੰਨਾ ਮੈਨੂੰ ਬੇਚੈਨ ਕਰ ਦਿੱਤਾ, ਉਸ ਪੱਖ ਤੋਂ ਇਹ ਮਹਿਜ਼ ਵਾਕ ਨਾ ਰਿਹਾ। ਇਹ ਬੋਲ ਸਦੀਆਂ ਤੋਂ ਚਲੀ ਆ ਰਹੀ ਉਸ ਸੋਚ ਦਾ ਪ੍ਰਤੀਕ ਲੱਗਾ, ਜਿਸ ਹੇਠ ਮੈਂ ਸਿਰਫ ਔਰਤ ਹਾਂ ਅਤੇ ਸਮਾਜ ਵਿੱਚ ਮੇਰਾ ਸਨਮਾਨ ਆਪਣੇ ਪਤੀ ਦੇ ਨਾਲ ਰਹਿਣ ਨਾਲ ਹੀ ਹੈ।

ਰੁਜ਼ਗਾਰ ਦੀ ਲੋੜ ਅਤੇ ਚੰਗੇ ਰੁਜ਼ਗਾਰ ਦੀ ਭਾਲ ਵਿੱਚ ਘਰ ਪਰਵਾਰ ਤੋਂ ਦੂਰ ਰਹਿਣਾ ਸ਼ਾਇਦ ਅੱਜ ਦੇ ਪੜ੍ਹੇ ਲਿਖੇ ਤਬਕੇ ਦੀ ਹੋਣੀ ਬਣ ਚੁੱਕਾ ਹੈ। ਅਜਿਹੇ ਹਾਲਾਤ ਅਤੇ ਤੰਗੀਆਂ ਤੁਰਸ਼ੀਆਂ ਨੇ ਮੈਨੂੰ ਵੀ ਘਰੋਂ ਦੂਰ ਨੌਕਰੀ ਕਰਨ ਨੂੰ ਬੇਵਸ ਕਰ ਦਿੱਤਾ। ਆਪਣੀਆਂ ਪਰਵਾਰਕ ਜ਼ਿੰਮੇਵਾਰੀਆਂ ਸਮਝ ਕੇ ਮੈਂ ਸਵੇਰ ਦੇ ਹਨੇਰੇ ਤੋਂ ਰਾਤ ਦੇ ਹਨੇਰੇ ਤੱਕ ਦੇ ਰੋਜ਼ ਸਫਰ ਕਰਨ ਨੂੰ ਪਹਿਲ ਦਿੱਤੀ। ਰੋਜ਼ਾਨਾ ਸਫਰ ਨਾਲ ਥਕਾਵਟ ਕਰਕੇ ਸਰੀਰਕ ਤੇ ਮਾਨਸਿਕ ਤਣਾਅ ਤਾਂ ਰਹਿੰਦਾ ਹੀ, ਨਾਲ ਇਸ ਨੌਕਰੀ ਲਈ ਖਾਸ ਤਰ੍ਹਾਂ ਦੇ ਪਹਿਰਾਵੇ ਦੇ ਹੁਕਮ ਹੋਣ ਕਾਰਨ ਪਿੰਡ ਵਾਲੀ ਬੱਸ ਦੀਆਂ ਸਵਾਰੀਆਂ ਦੀਆਂ ਸਵਾਲੀਆਂ ਅਤੇ ਘਿਨਾਉਣੀਆਂ ਨਜ਼ਰਾਂ ਕਰਕੇ ਸਾਹ ਵੀ ਘੁੱਟਿਆ ਰਹਿੰਦਾ।

ਫਿਰ ਮੈਂ ਹਰ ਉਸ ਸ਼ਖਸ ਤੋਂ ਕੰਨੀ ਕਤਰਾਉਣ ਲੱਗੀ, ਜੋ ਚਿਹਰੇ ਉੱਤੇ ਅਜੀਬ ਜਿਹੇ ਭਾਵ ਲਿਆ ਕੇ ਮੈਨੂੰ ਇਹ ਸਵਾਲ ਕਰਦਾ, 'ਤੁਹਾਡੀ ਬੇਟੀ ਤੁਹਾਡੇ ਬਗੈਰ ਰਹਿ ਲੈਂਦੀ ਹੈ। ਹਾਏ, ਤੁਹਾਡਾ ਹੌਸਲਾ ਪੈ ਗਿਆ ਇੰਨੀ ਨਿੱਕੀ ਜਿਹੀ ਨੂੰ ਛੱਡਣ ਦਾ? ਤੁਹਾਡਾ ਦਿਲ ਲੱਗ ਜਾਂਦਾ ਬੇਟੀ ਤੋਂ ਬਿਨਾਂ?' ਮੈਨੂੰ ਇਹ ਸਾਰੇ ਸਵਾਲ ਗੁਨਾਹਗਾਰ ਹੋਣ ਦੇ ਅਹਿਸਾਸ ਵੱਲ ਧੱਕਦੇ ਜਾਪਦੇ। ਮੈਂ ਇਨ੍ਹਾਂ ਸਵਾਲਾਂ ਨੂੰ ਸੁਣ ਕੇ ਕਈ ਵਾਰ ਅਬੋਲ ਖੜੀ ਰਹਿੰਦੀ ਹਾਂ। ਬਾਹਰੋਂ ਅਬੋਲ ਖੜ੍ਹੀ ਦੇ ਮਨ ਅੰਦਰ ਝੁਲਦੇ ਕਈ ਤਰ੍ਹਾਂ ਦੇ ਝੱਖੜ ਅੰਦਰੋਂ ਮੈਨੂੰ ਬੁਰੀ ਤਰ੍ਹਾਂ ਤੋੜਦੇ ਤੇ ਮਾਰ ਮੁਕਾਉਂਦੇ ਪਰ ਮੇਰੇ ਅੰਦਰ ਬੈਠੀ ਮਾਂ ਮੈਨੂੰ ਹਿੰਮਤ ਦੇ ਕੇ ਮੁੜ ਜਿਉਂਦਾ ਕਰਦੀ ਹੈ।

ਮਾਰਚ ਪਾਸਟ ਦੌਰਾਨ ਸਵੇਰੇ ਸਿੱਖਿਅਤ ਸਮਾਜ ਦਾ ਦੇਖਿਆ ਨਜ਼ਾਰਾ ਆਪਣੇ ਅਧਿਆਪਕ ਸਾਥੀ ਦੀ ਟਿੱਪਣੀ ਸੁਣ ਕੇ ਬਦਲ ਗਿਆ ਜਾਪਿਆ। ਉਹ ਨਜ਼ਾਰਾ ਸ਼ਾਮ ਤੱਕ ਜੰਗਾਲੀ ਹੋਈ ਸੋਚ ਵਾਲੇ ਉਸ ਸਮਾਜ ਦਾ ਰੂਪ ਧਾਰ ਗਿਆ ਜਿਸ ਨੇ ਮੈਨੂੰ ਇਹ ਅਹਿਸਾਸ ਕਰਵਾਇਆ ਕਿ ਘਰ ਪਰਵਾਰ ਦੀ ਬਿਹਤਰੀ ਲਈ ਮੇਰੇ ਸਮਾਜ ਨੇ ਸਿਰਫ ਮਰਦ ਨੂੰ ਹੀ ਪਰਵਾਰ ਤੋਂ ਦੂਰ ਰਹਿਣ ਦੀ ਬਾਇਜ਼ਤ ਇਜਾਜ਼ਤ ਦਿੱਤੀ ਹੈ। ਔਰਤ ਦੀ ਇਸ ਹਾਲਤ ਨੂੰ ਸਮਾਜ ਦੀ ਮਾਨਸਿਕਤਾ ਨੇ ਅਜੇ ਪੂਰੀ ਤਰ੍ਹਾਂ ਪ੍ਰਵਾਨ ਨਹੀਂ ਕੀਤਾ। ਬਹਰਹਾਲ ਸਮਾਜ ਦੀ ਇਸ ਸੋਚ ਦੇ ਜਵਾਬ ਲਈ ਜ਼ਿਹਨ ਵਿੱਚ ਜਗਜੀਤ ਦੀ ਗਾਈ ਗਜ਼ਲ ਦੀਆਂ ਕੁਝ ਸਤਰਾਂ ਉਭਰ ਰਹੀਆਂ ਹਨ:

ਅਪਨੀ ਮਰਜ਼ੀ ਸੇ ਕਹਾਂ, ਅਪਨੇ ਸਫਰ ਕੇ ਹਮ ਹੈਂ
ਰੁਖ਼ ਹਵਾਓਂ ਕਾ ਜਿਧਰ ਕਾ ਹੈ, ਉਧਰ ਕੇ ਹਮ ਹੈਂ।


## General ਵੱਰਕਰਾਂ ਦੀ ਤੁਰੰਤ ਲੋੜ ਹੈ

ਬ੍ਰੈਂਪਟਨ ਤੋਂ ਸਿਰਫ 30 ਮਿੰਟਾਂ ਦੀ ਦੂਰੀ ਤੇ

Galvanizing plant located in Acton, ON

ਸਾਰੀਆਂ Shifts available ਹਨ

ਦਿਤੀਆਂ ਜਾਣ ਵਾਲੀਆਂ ਸਹੂਲਤਾਂ:

- Starting wage $16/hr + Medical Benefits
- Company Pension Plan
- Quarterly Incentive bonus

Send Resume to: christopherbrock@azz.com

## ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

## ਵਿਅੰਗ- ਝੂਠੀ ਪ੍ਰਸ਼ੰਸਾ

-ਕੇ ਐਲ ਗਰਗ

ਫੋਕੀ ਪ੍ਰਸ਼ੰਸਾ ਲੂਣ, ਮਿਰਚ, ਮਸਾਲਾ ਰਹਿਤ ਸਬਜ਼ੀ ਵਰਗੀ ਹੁੰਦੀ ਹੈ, ਜਿਸ ਦਾ ਖਾਣ ਵਾਲੇ ਨੂੰ ਭੋਰਾ ਸਵਾਦ ਨਹੀਂ ਆਉਂਦਾ। ਇਹ ਬੰਦਿਆਂ ਦੀ ਥਾਂ ਮਰੀਜ਼ਾਂ ਦੇ ਖਾਣ ਵਾਲੀ ਚੀਜ਼ ਹੁੰਦੀ ਹੈ। ਝੂਠੀ ਪ੍ਰਸ਼ੰਸਾ ਰਸਭਰੀ, ਸਵਾਦੀ ਤੇ ਚਸਕੇਦਾਰ ਤਰਕਾਰੀ ਜਿਹੀ ਹੁੰਦੀ ਹੈ, ਜਿਸ ਨੂੰ ਖਾਣ ਵਾਲਾ ਮਰਦੇ ਦਮ ਤੱਕ ਪ੍ਰਸ਼ੰਸਾ ਕਰਦਾ ਨਹੀਂ ਥੱਕਦਾ ਅਤੇ ਬੰਦੇ ਦੇ ਜੀਵਨ ਦੀ ਭਰਪੂਰ ਲੁਬਰੀਕੇਸ਼ਨ ਹੁੰਦੀ ਰਹਿੰਦੀ ਹੈ। ਝੂਠੀ ਪ੍ਰਸ਼ੰਸਾ ਵਿੱਚ ਐਨਾ ਕਰਾਰਾਪਣ ਹੁੰਦਾ ਹੈ, ਜਿਸ ਨੂੰ ਖਾ ਕੇ ਬੰਦਾ ਸੀਟੀਆਂ ਮਾਰਨ ਲੱਗਦਾ ਹੈ। ਝੂਠੀ ਪ੍ਰਸ਼ੰਸਾ ਅਜਿਹਾ ਸ਼ਾਟ ਹੁੰਦੀ ਹੈ, ਜਿਸ ਨੂੰ ਅਸੀਂ ਵਿਕਟ ਕੀਪਰ ਧੋਨੀ ਵਾਂਗ ਬੋਚਣ ਲਈ ਹਮੇਸ਼ਾ ਤਿਆਰ ਰਹਿੰਦੇ ਹਾਂ। ਸਾਡਾ ਵਜ਼ਨ ਤੀਹ ਕਿਲੋ ਹੈ ਤੇ ਲੱਕ ਪੰਜਾਬੀ ਗੀਤ ਵਾਂਗ 'ਕੁੜੀ ਦਾ ਲੱਕ ਟਵੰਟੀ ਏਟ' ਹੈ।

ਹਨੇਰੀ ਚੱਲਣ ਵੇਲੇ ਸਾਨੂੰ ਘਰ ਦੇ ਡੱਕ-ਡੱਕ ਰੱਖਦੇ ਹਨ ਕਿ ਕਿਤੇ ਅਸੀਂ ਉਡ ਕੇ ਗੁਆਂਢੀ ਮੁਲਕ 'ਚ ਹੀ ਨਾ ਜਾ ਉਤਰੀਏ, ਪਰ ਸਾਡਾ ਗੁਆਂਢੀ ਕਚੌਰੀ ਮੱਲ ਸਾਨੂੰ ਲਾਡ ਨਾਲ ਭਲਵਾਨ ਜੀ ਕਹਿ ਕੇ ਬੁਲਾਉਂਦਾ ਹੈ। ਭਲਵਾਨ ਕਹਿਣ 'ਤੇ ਉਸ ਦੇ ਚਿਹਰੇ ਉੱਤੇ ਆਈ ਮੁਸਕੁਰਾਹਟ ਉਤਸ਼ਾਹ ਨਾਲ ਸਾਡੀ ਛਾਤੀ ਛਪੰਜਾ ਇੰਚ ਕਰ ਛੱਡਦੀ ਹੈ। ਸਾਡੇ ਸਾਥੀ ਸਾਡੀ ਤੁਲਨਾ ਕੁੜੀਆਂ ਨਾਲ ਕਰਦੇ ਹੋਏ ਕਹਿੰਦੇ ਹਨ, 'ਤੂੰ ਤਾਂ ਯਾਰ ਜਮਾਂ ਈ ਕੁੜੀਆਂ ਵਾਂਗ ਤੁਰਦਾ ਐਂ। ਬੰਦਾ ਐਂ ਤਾਂ ਬੰਦਿਆਂ ਵਾਂਗ ਤੁਰਿਆ ਕਰ।' ਭਲਵਾਨ ਕਹਿਣ 'ਤੇ ਅਸੀਂ ਫੁੱਲ ਕੇ ਕੁੱਪਾ ਹੋ ਜਾਂਦੇ ਹਾਂ। ਘੜੀ ਮੁੜੀ ਡੌਲੇ ਫੁਲਾ-ਫੁਲਾ ਕੇ ਦੇਖਦੇ ਹਾਂ। ਜਣੇ-ਖਣੇ ਨੰ ਖੰਘੂਰਾ ਮਾਰ ਕੇ ਲੰਘਣ ਲੱਗਦੇ ਹਾਂ। ਕਦੀ ਕਦੀ ਕਿਸੇ ਨਾਲ ਪੰਗਾ ਲੈਣੋਂ ਵੀ ਨਹੀਂ ਡਰਦੇ। ਸਾਡੇ ਪੰਗਾ ਲੈਣ 'ਤੇ ਅਗਲਾ ਖਿਝ ਕੇ ਕਹਿ ਦਿੰਦਾ ਹੈ, 'ਇੱਕ ਥੱਪੜ ਮਾਰਿਆ ਤਾਂ ਫੰਬੇ ਵਾਂਗ ਉਡਦਾ ਜਾਏਂਗਾ ਹਵਾ ਵਿੱਚ। ਸਹੁਰੀ ਘਸੀ ਜਿਹੀ ਕੌਡੀ ਕਰਦੀ ਕੀ ਐ।' ਇੱਕ ਵਾਰ ਕਿਸੇ ਨਾਲ ਝੜਪ ਵੀ ਹੋ ਗਈ। ਭਾਵੇਂ ਗੱਲ ਕਾਫੀ ਪੁਰਾਣੀ ਹੈ, ਪਰ ਅਸੀਂ ਅੱਜ ਤੱਕ ਹੱਡੀਆਂ ਨੂੰ ਸੇਕ ਦਿੰਦੇ ਨਹੀਂ ਥੱਕਦੇ। ਝੂਠੀ ਪ੍ਰਸ਼ੰਸਾ ਨੂੰ ਫੂਕ ਛਕਾਉਣਾ ਵੀ ਆਖਦੇ ਹਨ।

ਇਸ ਨਸਲ ਦੇ ਲੋਕ ਬਹੁਤੇ ਤੁਹਾਨੂੰ ਦਫਤਰਾਂ ਵਿੱਚ ਵੀ ਮਿਲ ਸਕਦੇ ਆ। ਇਨ੍ਹਾਂ ਦਾ ਕੰਮ ਬੌਸ ਨੂੰ ਗਰੀਸ ਦੇਣਾ ਹੁੰਦਾ ਹੈ। ਸਾਹਿਬ ਦੇ ਦਫਤਰ ਵਿੱਚ ਵੜਦਿਆਂ ਹੀ ਇਹ ਚੁਕੰਨੇ ਹੋ ਜਾਂਦੇ ਹਨ। ਚਿੱਕ ਚੁੱਕ ਕੇ ਝੱਟ ਅੰਦਰ ਜਾ ਹਾਜ਼ਰ ਹੁੰਦੇ ਹਨ। ਮੇਮਣੇ ਵਾਂਗ ਮੈਂ-ਮੈਂ ਕਰਦੇ ਆਖਣਗੇ, 'ਸੱਚ, ਅੱਜ ਤੁਸੀਂ ਜਮ੍ਹਾ ਈ ਸ਼ਾਹਰੁਖ ਖਾਂ ਲੱਗਦੇ ਓ। ਕੰਨ ਦੇ ਪਿੱਛੇ ਕਾਲਾ ਟਿੱਕਾ ਲਾ ਲਓ, ਨਜ਼ਰ ਲਾਉਣ ਵਾਲੇ ਵੀ ਮੌਕਾ ਲੱਭਦੇ ਰਹਿੰਦੇ ਹਨ।'

'...ਪਰ ਮਿਸਟਰ ਦੁਨੀ ਚੰਦ ਤਾਂ ਕਹਿ ਰਹੇ ਸਨ ਕਿ ਮੈਂ ਆਮਿਰ ਖਾਂ ਜਿਹਾ ਲੱਗਦਾ ਵਾਂ।' ਬੌਸ ਮਨ ਹੀ ਮਨ ਲੱਡੂ ਭੋਰਦਾ ਕਹਿ ਦਿੰਦਾ ਹੈ।

'ਉਹ ਵੀ ਠੀਕ ਕਹਿੰਦੇ ਨੇ ਸਰ, ਸੱਜੇ ਪੋਜ਼ ਤੋਂ ਤੁਸੀਂ ਸ਼ਾਹਰੁਖ ਖਾਨ ਤੇ ਖੱਬੇ ਪੋਜ਼ ਤੋਂ ਆਮਿਰ ਖਾਂ ਲੱਗਦੇ ਹੋ। ਵਾਹ ਜੀ, ਵਾਹ।'

ਇਹੋ ਜਿਹੇ ਡਾਇਲਾਗ ਦਫਤਰ ਦੇ ਬੋਰਿੰਗ ਤੇ ਉਕਤਾਊ ਮਾਹੌਲ ਨੂੰ ਸੁਖਾਵਾਂ ਬਣਾ ਦਿੰਦੇ ਹਨ। ਏਦਾਂ ਦੇ ਚਾਪਲੂਸਾਂ ਤੇ ਖੁਸ਼ਾਮਦੀਆਂ ਦਾ ਸਾਰਾ ਦਿਨ ਤੀਆਂ ਵਾਂਗ ਗੁਜ਼ਰਦਾ ਹੈ। ਮਲਾਈ ਵਾਲੀਆਂ ਸਾਰੀਆਂ ਦਫਤਰੀ ਸੀਟਾਂ ਏਦਾਂ ਦੇ ਬਾਬੂਆਂ ਦੇ ਕਬਜ਼ੇ ਵਿੱਚ ਹੁੰਦੀਆਂ ਹਨ। ਇਨ੍ਹਾਂ ਦੇ ਵਿਰੋਧੀ, ਦੁਖੀਆ ਮੰਡਲੀ ਦੇ ਬਾਬੂ ਏਦਾਂ ਦਿਆਂ ਨੂੰ ਬੌਸ ਦੇ ਪਿੰਡੇ ਦੀਆਂ ਚੰਮ-ਜੂੰਆਂ ਆਖਦੇ ਹਨ। 'ਦੇਖ ਦੇਖ ਬੌਸ ਦੀਆਂ ਚੰਮ-ਜੂੰਆਂ। ਕਿਵੇਂ ਜੰਗਾਲੇ ਜਿੰਦਰੇ ਨੂੰ ਤੇਲ ਦਿੰਦੀਆਂ ਰਹਿੰਦੀਆਂ ਹਨ', ਆਖ ਆਖ ਕੇ ਆਪਣੀ ਭੜਾਸ ਕੱਢਦੇ ਹਨ। ਏਦਾਂ ਦੇ ਬਾਬੂਆਂ ਨੂੰ 'ਮਿਸਫਿੱਟ' ਕਿਹਾ ਜਾਂਦਾ ਹੈ। ਬੌਸ ਦੀਆਂ ਚੰਮ-ਜੂੰਆਂ ਜ਼ੇਰਾ ਕਰ ਕੇ ਕਦੀ ਕਦਾਈਂ ਬੌਸ ਦੇ ਘਰ ਤੱਕ ਵੀ ਮਾਰ ਕਰਨ ਪਹੁੰਚ ਜਾਂਦੀਆਂ ਹਨ। ਬੌਸ ਦੀ ਮੇਮ ਦੇ ਜਨਮ ਦਿਨ, ਵੈਡਿੰਗ ਡੇਅ ਉਨ੍ਹਾਂ ਨੂੰ ਜ਼ੁਬਾਨੀ ਯਾਦ ਹੁੰਦੇ ਹਨ। ਉਥੇ ਵੀ ਵਧੀਆ ਸਾੜ੍ਹੀ, ਡਰਾਈ ਫਰੂਟ ਜਾਂ ਮਠਿਆਈ ਨਾਲ ਆਪਣੀ ਹਾਜ਼ਰੀ ਲਵਾਉਣੋਂ ਨਹੀਂ ਭੁੱਲਦੇ। ਪਤਨੀ ਬੌਸ ਦੀ ਕਮਜ਼ੋਰੀ ਹੁੰਦੀ ਹੈ ਤੇ ਇਨ੍ਹਾਂ ਬਾਬੂਆਂ ਦੀ ਤਾਕਤ ਹੈ। ਉਸ ਤਾਕਤ ਦੇ ਸਿਰ 'ਤੇ ਉਹ ਉਡਦੇ ਫਿਰਦੇ ਹਨ। ਦਫਤਰੀ ਹਵਾ ਵਿੱਚ ਉਚੀਆਂ ਉਚੀਆਂ ਤਾਰੀਆਂ ਲਾਉਂਦੇ ਹਨ।

ਕਵੀਆਂ ਦੀ ਭਾਸ਼ਾ ਵਿੱਚ ਇਸ ਨੂੰ ਦਾਦ ਦੇਣਾ ਕਹਿੰਦੇ ਹਨ। ਦਾਦ ਛੋਟੇ ਤੋਂ ਛੋਟੇ ਤੇ ਵੱਡੇ ਤੋਂ ਵੱਡੇ ਕਵੀ ਜਾਂ ਸ਼ਾਇਰ ਲਈ ਜਾਨ ਤੋਂ ਪਿਆਰੀ ਚੀਜ਼ ਹੁੰਦੀ ਹੈ। ਭਰਪੂਰ ਦਾਦ ਮਿਲ ਜਾਏ ਤਾਂ ਸ਼ਾਇਰ ਲੋਕ ਇਸ ਨੂੰ ਮੁਸ਼ਾਇਰਾ ਲੁੱਟਣਾ ਆਖਦੇ ਹਨ। ਦਾਦ ਮਿਲ ਦੀ ਹੋਵੇ ਤਾਂ ਫਿਸੱਡੀ ਸ਼ੇਅਰ ਨੂੰ ਦਸ ਦਸ ਵਾਰ ਦੁਹਰਾਉਂਦੇ ਹਨ। 'ਮਰਹਬਾ', 'ਮਰਹਬਾ' ਸੁਣਦਿਆਂ ਹੀ ਫਿਲਮੀ ਅੰਦਾਜ਼ ਵਿੱਚ 'ਸ਼ੁਕਰੀਆ ਹਜ਼ੂਰ', 'ਸ਼ੁਕਰੀਆ ਹਜ਼ੂਰ', 'ਦਾ ਰਾਗ ਅਲਾਪਣ ਲੱਗਦੇ ਹਨ। ਭੈੜੇ ਸ਼ਾਇਰਾਂ ਨੂੰ ਸਰੋਤੇ 'ਮਰਹਬਾ' ਦੀ ਥਾਂ 'ਮਰ ਬੇਹਯਾ', 'ਮਰ ਬੇਹਯਾ' ਕਹਿਣ ਲੱਗਦੇ ਹਨ। ਉਹ ਇਸ ਨੂੰ ਵੀ ਮਹਿੰਦਰ ਸਿੰਘ ਧੋਨੀ ਵਾਂਗ ਕੈਚ ਕਰ ਕਰ ਕੇ ਨਿਹਾਲ ਹੁੰਦੇ ਹਨ। ਕਈ ਸਿਆਣੇ ਇਹ ਵੀ ਕਹਿੰਦੇ ਹਨ ਕਿ ਚੰਗੀ ਦਾਦ ਹੀ ਸ਼ਾਇਰ ਨੂੰ ਵੱਡਾ ਸ਼ਾਇਰ ਬਣਾਉਂਦੀ ਹੈ। ਦਾਦ ਵੀ ਝੂਠੀ ਪ੍ਰਸ਼ੰਸਾ ਦੀ ਹੀ ਅਜਿਹੀ ਕਿਸਮ ਹੁੰਦੀ ਹੈ, ਜਿਸ ਵਿੱਚ ਸ਼ਾਇਰ ਨਾਂਅ ਦੇ ਤੋਤੇ ਦੀ ਜਾਨ ਸਮਾਈ ਹੁੰਦੀ ਹੈ।

ਝੂਠੀ ਪ੍ਰਸ਼ੰਸਾ ਨੂੰ ਪੰਪ ਮਾਰਨਾ ਵੀ ਆਖਦੇ ਹਨ। ਕਈਆਂ ਦਾ ਪੰਪ ਤਾਂ ਇੰਨਾ ਜ਼ਬਰਦਸਤ ਹੁੰਦਾ ਹੈ ਕਿ ਪੰਪ ਵੱਜਣ ਵਾਲੇ ਦੀ ਹੋਸ਼ ਤੱਕ ਭੂਆ ਦਿੰਦਾ ਹੈ। ਅਗਲੇ ਦਾ ਦਿਮਾਗ ਅਤੇ ਸਰੀਰ ਉਸ ਦੇ ਕੰਟਰੋਲ ਵਿੱਚ ਨਹੀਂ ਰਹਿੰਦਾ। ਅੰਗਰੇਜ਼ੀ ਨਾਟਕਕਾਰ ਸ਼ੈਕਸਪੀਅਰ ਦੇ ਨਾਟਕ ਦਾ ਇੱਕ ਪਾਤਰ ਕਹਿੰਦਾ ਹੈ, 'ਮੈਂ ਦਿਲੋਂ ਕਹਿੰਦਾ ਹਾਂ ਕਿ ਮੈਨੂੰ ਕੋਈ ਫੂਕ ਨਹੀਂ ਛਕਾ ਸਕਦਾ। ਮੈਂ ਭੋਰਾ ਫੂਕ ਨਹੀਂ ਛਕਦਾ।' ਇੱਕ ਹੋਰ ਪਾਤਰ ਝੱਟ ਕਹਿ ਦਿੰਦਾ ਹੈ, 'ਸਰ, ਤੁਸੀਂ ਇਸ ਵਿੱਚ ਵੀ ਫੂਕ ਛਕ ਗਏ ਹੋ। ਫੂਕ ਨਾ ਛਕਣ ਦੀ ਡੀਂਗ ਮਾਰਨਾ ਵੀ ਤਾਂ ਫੂਕ ਛਕਣਾ ਹੀ ਹੁੰਦਾ ਹੈ ਨਾ, ਸਰ।'

ਪੰਪ ਮਾਰਨ ਵਾਲੇ ਪੰਪ ਮਾਰ ਮਾਰ ਤੁਹਾਡੀ ਸੁਧ ਬੁਧ ਗੁਆ ਦਿੰਦੇ ਹਨ। ਅਕਲ 'ਤੇ ਕਬਜ਼ਾ ਕਰ ਲੈਂਦੇ ਹਨ, ਜਦੋਂ ਨੂੰ ਤੁਹਾਨੂੰ ਹੋਸ਼ ਆਉਂਦੀ ਹੈ, ਉਦੋਂ ਤੱਕ ਤੁਸੀਂ ਲੁੱਟੇ ਪੁੱਟੇ ਜਾ ਚੁੱਕੇ ਹੁੰਦੇ ਹੋ। ਕਈ ਸੱਜਣ ਖੁਦ ਹੀ ਆਪਣੇ ਆਪ ਨੂੰ ਪੰਪ ਮਾਰ ਲੈਂਦੇ ਹਨ। ਟੋਕਣ ਸ਼ਾਹ ਨੂੰ ਜੇ ਕੋਈ ਉਨ੍ਹਾਂ ਦਾ ਨਾਂਅ ਪੁੱਛੇ ਤਾਂ ਝੱਟ ਕਹਿੰਦੇ ਹਨ, 'ਮਹਾਰਾਜ ਟੋਕਣ ਸ਼ਾਹ ਸਪੁੱਤਰ ਮਹਾਰਾਜ ਧਿਰਾਜ ਲੋਟਣ ਸ਼ਾਹ।'

'ਤੁਸੀਂ ਕਿਹੜੀ ਰਿਆਸਤ ਦੇ ਮਹਾਰਾਜ ਹੋਗੇ ਓਏ। ਚੁਆਨੀ ਤਾਂ ਮਸਾਂ ਖਰਚਦੇ ਆਂ। ਅਖੇ ਮਾਂ ਚੁੱਕੇ ਫੋਸੀ ਫੋਸੀ, ਪੁੱਤਰ ਗਹੀਰੇ ਬਖਸ਼ੇ।'

ਇਹੋ ਜਿਹਾ ਮਰਦੂਦ ਡਾਇਲਾਗ ਸੁਣ ਕੇ, ਟੋਕਣ ਸ਼ਾਹ ਝੱਟ ਕਹਿ ਦਿੰਦੇ ਹਨ, 'ਯਾਰ ਕੋਈ ਹੋਰ ਸਾਡੀ ਪ੍ਰਸ਼ੰਸਾ ਕਰੇ ਨਾ, ਸਾਡੇ ਗੁਣ ਗਾਵੇ ਨਾ, ਫੇਰ ਆਪਣਾ ਸਿਰ ਆਪ ਗੁੰਦਣ 'ਚ ਕੀ ਹਰਜ਼ ਹੈ? ਅੱਜ ਮਹਾਰਾਜੇ ਭਾਵੇਂ ਨਹੀਂ, ਪਰ ਕੱਲ੍ਹ ਨੂੰ ਬਣ ਵੀ ਸਕਦੇ ਹਾਂ। ਅੱਜ ਅਸੀਂ ਆਪ ਕਹਿੰਦੇ ਹਾਂ, ਕੱਲ੍ਹ ਨੂੰ ਲੋਕ ਕਹਿਣ ਲੱਗ ਪੈਣਗੇ। ਝੂਠਿਆਂ ਦੀ ਸੰਸਾਰ 'ਚ ਕਿਤੇ ਕਮੀ ਹੈ, ਏਕ ਢੂੰਡੋ ਹਜ਼ਾਰ ਮਿਲਤੇ ਹੈਂ, ਨਾ ਗਿਨੋ ਤੋਂ ਬੇਸ਼ੁਮਾਰ ਮਿਲਤੇ ਹੈਂ?''

ਹੋਰ ਤਾਂ ਹੋਰ ਪ੍ਰਸ਼ੰਸਾ ਅਸੀਂ ਪ੍ਰਭੂ ਦੀ ਕਰਨੋਂ ਵੀ ਬਾਜ਼ ਨਹੀਂ ਆਉਂਦੇ। ਸੁਬ੍ਹਾ ਸਵੇਰੇ ਦਿਨ ਚੜ੍ਹੇ ਖਾਲੀ ਪੇਟ ਉਸ ਦੇ ਦਰਬਾਰ 'ਚ ਖਲੋ ਕੇ ਸਿਆਣੇ ਤੋਂ ਸਿਆਣੇ ਬੰਦੇ ਵੀ ਖੁਦ ਨੂੰ ਮੂਰਖ, ਖਲ-ਕਾਮੀ ਤੇ ਸੇਵਕ ਦੱਸਦੇ ਹਨ ਤੇ ਨਾਲ ਪ੍ਰਭੂ ਦੀ ਪ੍ਰਸ਼ੰਸਾ ਕਰਦਿਆਂ ਨਾਲੋ-ਨਾਲ ਆਪਣਾ ਡਿਮਾਂਡ ਚਾਰਟਰ ਪੇਸ਼ ਕਰਦੇ ਜਾਂਦੇ ਹਨ। ਪ੍ਰਭੂ ਦੀ ਪ੍ਰਸ਼ੰਸਾ ਕਰ ਕੇ ਸਵੇਰੇ-ਸਵੇਰੇ ਹੀ ਉਸ ਕੋਲੋਂ ਕਈ ਚੀਜ਼ਾਂ ਮੰਗਦੇ ਹਨ। ਝੂਠੀ ਪ੍ਰਸ਼ੰਸਾ ਭਾਵੇਂ ਵੱਡੇ ਝੂਠ ਤੇ ਛਲਾਵਾ ਹੁੰਦੀ ਹੈ, ਪਰ ਇਹ ਜੀਵਨ ਜਵਾਲਾ ਹੁੰਦੀ ਹੈ, ਰੂਹ ਦਾ ਨਿਵਾਲਾ ਹੁੰਦੀ ਹੈ, ਜਿਸ ਦੀ ਰੌਸ਼ਨੀ ਵਿੱਚ ਜ਼ਿੰਦਗੀ ਮਸਾਲੇਦਾਰ, ਕਰਾਰੀ, ਸਵਾਦੀ, ਰਸਭਰੀ ਅਤੇ ਰੰਗਭਰੀ ਹੋ ਜਾਂਦੀ ਹੈ। ਇਸੇ ਲਈ ਆਖਦੇ ਹਾਂ ਕਿ ਝੂਠੀ ਪ੍ਰਸ਼ੰਸਾ ਦੱਬ ਕੇ ਛਕੋ ਛਕਾਓ, ਆਪਣਾ ਵੀ ਅਤੇ ਲੋਕਾਂ ਦਾ ਵੀ ਜੀਵਨ ਰਸਦਾਰ, ਫਲਦਾਰ ਬਣਾਓ।

# ਸਿਆਸੀ ਮਾਅਰਕੇਬਾਜ਼ੀ ਦਾ ਸ਼ਿਕਾਰ ਬਣਿਆ ਵਿਦਵਾਨ

-ਰੁਪਿੰਦਰ ਸਿੰਘ-

ਧਾਰਮਿਕ ਵਿਸ਼ਿਆਂ/ ਮਾਮਲਿਆਂ ਦਾ ਅਧਿਐਨ ਕਰਨ ਵਾਲੇ ਵਿਦਵਾਨਾਂ ਨੂੰ ਬਹੁਤ ਵਾਰ ਬੇਯਕੀਨੀ ਵਾਲੇ ਹਾਲਾਤ ਵਿੱਚੋਂ ਵਿਚਰਨਾ ਪੈਂਦਾ ਹੈ। ਖਾਸ ਕਰ ਕੇ ਉਦੋਂ ਜਦੋਂ ਤਜਰਬਾਤੀ ਅਧਿਐਨ ਦਾ ਵਿਸ਼ਵਾਸ ਨਾਲ ਟਕਰਾਅ ਹੁੰਦਾ ਹੈ। ਭਾਂਤ-ਭਾਂਤ ਦੀਆਂ ਧਾਰਮਿਕ ਸੰਸਥਾਵਾਂ/ ਸ਼੍ਰੇਣੀਆਂ ਦਾ ਆਪੋ-ਆਪਣਾ ਮੱਤ ਹੁੰਦਾ ਹੈ, ਜਿਸ ਦੀਆਂ ਤੰਦਾਂ ਪਰੰਪਰਾ ਨਾਲ ਬੱਝੀਆਂ ਹੁੰਦੀਆਂ ਹਨ ਤੇ ਜਿਹੜੇ ਲੋਕ ਇਸ ਨੂੰ ਚੁਣੌਤੀ ਦਿੰਦੇ ਹਨ, ਉਹ ਨਿਸ਼ਾਨੇ 'ਤੇ ਆ ਜਾਂਦੇ ਹਨ। ਉਹ ਇਤਿਹਾਸਕਾਰ ਬਹੁਤ ਚੰਗੀ ਤਰ੍ਹਾਂ ਇਹ ਗੱਲ ਜਾਣਦੇ ਹਨ, ਜੋ ਆਪਣਾ ਅਧਿਐਨ ਬੀਤੇ ਦੀਆਂ ਧਾਰਨਾਵਾਂ ਨਾਲ ਮੇਲਣ ਦੀ ਕੋਸ਼ਿਸ਼ ਕਰਦੇ ਹਨ।

ਅੱਜ ਕੱਲ੍ਹ ਜਦੋਂ ਉਸਟੰਡਬਾਜ਼ ਤੇ ਮੂਲਵਾਦ ਦੀਆਂ ਲਹਿਰਾਂ ਦਾ ਬੋਲਬਾਲਾ ਹੈ ਤਾਂ ਇਸ ਹਾਲਤ ਵਿੱਚ ਸਿਆਸੀ ਲੀਡਰਾਂ ਦੀ ਭੂਮਿਕਾ ਨਾਲ ਇਹ ਸਫਬੰਦੀ ਹੋਰ ਵੀ ਗੁੰਝਲਦਾਰ ਬਣ ਜਾਂਦੀ ਹੈ। ਕੀ ਕਿਸੇ ਵੇਲੇ ਧਰਮ ਤੇ ਸਿਆਸਤ ਜੁਦਾ ਹੋ ਸਕੇ ਹਨ? ਇਸ ਦੇ ਹੱਕ ਵਿੱਚ ਦਲੀਲ ਦੇਣੀ ਬੜੀ ਔਖੀ ਹੈ। ਬੇਹੱਦ ਆਧੁਨਿਕ ਧਰਮ ਨਿਰਪੱਖ ਰਾਜ ਵੀ ਚਰਚ ਅਤੇ ਰਾਜ ਵਿਚਾਲੇ ਇਕ ਸੁਰੱਖਿਅਤ ਦੂਰੀ ਕਾਇਮ ਰੱਖਣ ਦੀ ਕੋਸ਼ਿਸ਼ ਕਰਦੇ ਹਨ, ਪਰ ਇਹ ਮੰਨਣ ਯੋਗ ਹੈ ਕਿ ਧਾਰਮਿਕ ਸੰਸਥਾਵਾਂ ਦਾ ਅਸਰ ਬਹੁਤ ਵਿਆਪਕ ਹੁੰਦਾ ਹੈ ਜਿਵੇਂ ਸੋਵੀਅਤ ਸੰਘ ਦੇ ਖੇਰੂੰ-ਖੇਰੂੰ ਹੋਣ ਤੋਂ ਬਾਅਦ ਰੂਸੀ ਪੁਰਾਤਨ ਪੰਥੀ ਈਸਾਈ ਚਰਚ ਦੇ ਉਭਾਰ ਤੋਂ ਨਜ਼ਰ ਆ ਰਿਹਾ ਹੈ।

ਸਿੱਖ ਸੰਦਰਭ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲੰਮੇ ਸਮੇਂ ਤੋਂ ਸਿੱਖਾਂ ਦੀ ਸਿਰਮੌਰ ਧਾਰਮਿਕ ਸੰਸਥਾ ਵਜੋਂ ਕੰਮ ਕਰਦੀ ਆਈ ਹੈ। ਸ਼੍ਰੋਮਣੀ ਅਕਾਲੀ ਦਲ ਇਸ ਤੋਂ ਪਹਿਲਾਂ ਹੋਂਦ ਵਿੱਚ ਆ ਚੁੱਕਾ ਸੀ ਤੇ ਅਸਲ ਵਿੱਚ ਇਸੇ ਨੇ ਉਹ ਲਹਿਰ ਵਿੱਢੀ ਸੀ, ਜਿਸ ਦੇ ਸਿੱਟੇ ਵਜੋਂ ਸ਼੍ਰੋਮਣੀ ਕਮੇਟੀ ਹੋਂਦ ਵਿੱਚ ਆਈ ਸੀ। ਸ਼੍ਰੋਮਣੀ ਕਮੇਟੀ ਅਧਿਕਾਰਤ ਰੂਪ ਵਿੱਚ ਇਤਿਹਾਸਕ ਗੁਰਦੁਆਰਿਆਂ ਦੇ ਪ੍ਰਬੰਧ ਚਲਾਉਂਦੀ ਹੈ ਤੇ ਇਸ ਦੀ ਭੂਮਿਕਾ ਦਾ ਕਾਫੀ ਪਸਾਰ ਹੋਇਆ ਹੈ। ਅਕਾਲੀ ਦਲ ਦਾ ਸ਼੍ਰੋਮਣੀ ਕਮੇਟੀ ਨਾਲ ਘਿਓ ਖਿਚੜੀ ਵਾਲਾ ਰਿਸ਼ਤਾ ਰਿਹਾ ਹੈ। ਉਂਝ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਆਪੋ ਆਪਣੀ ਵੱਖਰੀ ਹਸਤੀ ਦੱਸਦੇ ਰਹੇ ਹਨ ਤੇ ਮਿਲ ਕੇ ਕੰਮ ਕਰਨ ਦੀ ਪਰੰਪਰਾ ਵੀ ਰਹੀ ਹੈ। ਪਿਛਲੇ ਕੁਝ ਸਾਲਾਂ ਦੌਰਾਨ ਇਹ ਹੱਦਬੰਦੀਆਂ ਛਿੱਥੀਆਂ ਪੈਂਦੀਆਂ ਗਈਆਂ ਤੇ ਫਿਰ ਖੁਰਦ ਬੁਰਦ ਹੋ ਗਈਆਂ ਹਨ। ਇਹ ਅਫਸੋਸਨਾਕ ਗੱਲ ਹੈ ਕਿਉਂਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖਾਂ ਦੇ ਧਾਰਮਿਕ ਪ੍ਰਤੀਨਿਧ ਵਜੋਂ ਕੰਮ ਕਰਦੀ ਹੈ ਤੇ ਇਸ ਨੂੰ ਸਿਆਸੀ ਜਮਾਤ ਨੂੰ ਸੇਧ ਦੇਣੀ ਚਾਹੀਦੀ ਸੀ, ਪਰ ਅਸਲ ਵਿੱਚ ਉਲਟਾ ਹੋ ਰਿਹਾ ਹੈ।

ਸਕੂਲੀ ਸਿਲੇਬਸ ਬਾਰੇ ਪਿੱਛੇ ਜਿਹੇ ਛਿੜੇ ਰੇੜਕੇ ਪਿੱਛੇ ਸਿਆਸੀ ਏਜੰਡਾ ਕੰਮ ਕਰ ਰਿਹਾ ਹੈ ਤੇ ਇਸ ਕੇਸ ਵਿੱਚ ਇਕ ਮਾਣਮੱਤੇ ਵਿਦਵਾਨ ਡਾ. ਕਿਰਪਾਲ ਸਿੰਘ, ਜੋ ਸਿੱਖ ਇਤਿਹਾਸ ਬਾਰੇ ਸਾਰੀ ਉਮਰ ਦੇ ਕੰਮਾਂ ਸਦਕਾ ਜਾਣੇ ਜਾਂਦੇ ਹਨ, ਨੂੰ ਹਲਾਲ ਕਰ ਦਿੱਤਾ ਗਿਆ ਹੈ। ਸ਼੍ਰੋਮਣੀ ਕਮੇਟੀ ਵੱਲੋਂ ਸਤਿਕਾਰਤ ਇਹ ਵਿਦਵਾਨ ਸ਼੍ਰੋਮਣੀ ਕਮੇਟੀ ਦੇ ਕਹਿਣ 'ਤੇ ਸਾਲ 2011 ਤੋਂ ਭਾਈ ਸੰਤੋਖ ਸਿੰਘ ਦੀ ਸ਼ਾਹਕਾਰ ਰਚਨਾ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਦੀ ਸੰਪਾਦਨਾ ਕਰ ਰਹੇ ਸਨ। ਅੱਜ ਤੱਕ 21 ਜਿਲਦਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ ਤੇ ਦੋ ਹੋਰ ਛਪਣ ਲਈ ਭੇਜੀਆਂ ਗਈਆਂ ਹਨ, ਪਰ ਅਜੇ ਕੰਮ ਖਤਮ ਨਹੀਂ ਹੋਇਆ, ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਦਾ ਸਮਾਂ ਕਵਰ ਕਰਨਾ ਰਹਿੰਦਾ ਹੈ। ਇਸ ਇਤਿਹਾਸਕਾਰ ਨੂੰ 2014 ਵਿੱਚ ਅਕਾਲ ਤਖਤ ਤੋਂ ਸਿੱਖੀ ਦੇ ਕੌਮੀ ਪ੍ਰੋਫੈਸਰ ਦੀ ਉਪਾਧੀ ਨਾਲ ਨਿਵਾਜਿਆ ਗਿਆ ਸੀ। ਵੱਡੀ ਉਮਰ ਦੇ ਬਾਵਜੂਦ ਐਡੇ ਵੱਡੇ ਕਾਰਜ ਨੂੰ ਹੱਥ ਪਾਉਣ ਬਦਲੇ ਸ਼ਾਬਾਸ਼ੀ ਤਾਂ ਕੀ ਦੇਣੀ ਸੀ, ਸਗੋਂ ਉਨ੍ਹਾਂ ਨੂੰ ਪ੍ਰਾਜੈਕਟ ਦੇ ਡਾਇਰੈਕਟਰ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ ਹੈ। ਇੰਨਾ ਹੀ ਨਹੀਂ, ਉਨ੍ਹਾਂ ਦੇ ਕੀਤੇ ਕੰਮਾਂ ਦੀ ਪੜਤਾਲ ਵੀ ਬਿਠਾ ਦਿੱਤੀ ਗਈ ਹੈ।

ਵਿਦਵਾਨ ਖੋਜੀ ਤੱਥਾਂ ਦੀ ਖੋਜ ਕਰਦੇ ਤੇ ਨਵੀਆਂ ਵਿਆਖਿਆਵਾਂ ਪੇਸ਼ ਕਰਦੇ ਹਨ ਅਤੇ ਇਵੇਂ ਉਹ ਸਾਡੇ ਗਿਆਨ ਦਾ ਆਧਾਰ ਵਧਾਉਂਦੇ ਹਨ। ਇਸ ਸੰਬੰਧ ਵਿੱਚ ਇਤਿਹਾਸਕ ਪੁਸਤਕਾਂ ਵਿੱਚ ਹੇਰ ਫੇਰ ਰਹਿ ਜਾਂਦਾ ਹੈ। ਕਦੇ ਕਦੇ ਇਹ ਹੇਰ ਫੇਰ ਇੰਨਾ ਜ਼ਿਆਦਾ ਹੁੰਦਾ ਹੈ ਕਿ ਇਤਿਹਾਸ ਨਾਲ ਛੇੜਛਾੜ ਦੇ ਦੋਸ਼ ਲੱਗਣੇ ਸ਼ੁਰੂ ਹੋ ਜਾਂਦੇ ਹਨ। ਇਹ ਅਕਸਰ ਉਦੋਂ ਹੁੰਦਾ ਹੈ, ਜਦੋਂ ਕਿਸੇ ਮਾਹਰ ਦਾ ਮੱਤ ਕਿਸੇ ਕੱਟੜ ਸ਼ਰਧਾਲੂ ਦੇ ਵਿਸ਼ਵਾਸ ਨਾਲ ਟਕਰਾਉਂਦਾ ਹੈ।

ਭਾਰਤ ਵਿੱਚ ਸਿਲੇਬਸ ਦੀਆਂ ਕਿਤਾਬਾਂ ਦੀ ਧਾਰਮਿਕ ਤੌਰ 'ਤੇ ਪੁਣਛਾਣ ਦਾ ਰਿਵਾਜ ਨਹੀਂ ਹੈ। ਬਿਨਾਂ ਸ਼ੱਕ ਸਮੇਂ-ਸਮੇਂ ਪਾਠ ਪੁਸਤਕਾਂ ਵਿੱਚ ਗਲਤੀਆਂ ਤੇ ਊਣਤਾਈਆਂ ਦੀ ਪਛਾਣ ਕਰਵਾਈ ਜਾਂਦੀ ਰਹੀ ਹੈ, ਜਿਸ ਤੋਂ ਸਿੱਧ ਹੁੰਦਾ ਹੈ ਕਿ ਸਾਡੀਆਂ ਨਵੀਆਂ ਪੀੜ੍ਹੀਆਂ ਲਈ ਸੇਧਗਾਰ ਬਣਨ ਵਾਲੀਆਂ ਇਨ੍ਹਾਂ ਪੁਸਤਕਾਂ ਨੂੰ ਛਾਪਣ ਵਾਲਿਆਂ ਦਾ ਰਵੱਈਆ ਕਿੰਨਾ ਲਾਪਰਵਾਹੀ ਭਰਿਆ ਹੁੰਦਾ ਹੈ। ਇਸ ਤੋਂ ਇਲਾਵਾ ਇਸ ਨਾਲ ਵਿਦਵਤਾ ਦਾ ਹਲਕਾ ਮਿਆਰ, ਭਾਸ਼ਾਈ ਅਤੇ ਸ਼ਬਦ ਜੋੜਾਂ ਦੀਆਂ ਗਲਤੀਆਂ ਦੇ ਮਸਲੇ ਵੀ ਜੁੜੇ ਹੋਏ ਹਨ।

ਇਤਿਹਾਸ ਦੀਆਂ ਪਾਠ ਪੁਸਤਕਾਂ ਵਿੱਚ ਗਲਤੀਆਂ ਦੀ ਘੋਖ ਕਰਨ ਲਈ ਪਹਿਲੀ ਕਮੇਟੀ ਅਕਾਲੀ ਸਰਕਾਰ ਵੇਲੇ ਬਿਠਾਈ ਗਈ ਤੇ ਜਨਵਰੀ 2014 ਵਿੱਚ ਸਿਲੇਬਸ ਵਿੱਚ ਤਬਦੀਲੀਆਂ ਦਾ ਫੈਸਲਾ ਕੀਤਾ ਗਿਆ ਸੀ। ਉਸ ਸਿਲੇਬਸ ਦੇ ਆਧਾਰ 'ਤੇ ਆਖਰ 2018 ਵਿੱਚ ਜੋ ਵੀ ਕੰਮ ਕੀਤਾ ਗਿਆ, ਉਸ ਵਿੱਚ ਸੰਕਲਪ ਅਤੇ ਤੱਥਾਂ ਦੇ ਪੱਖਾਂ ਤੋਂ ਬਹੁਤ ਸਾਰੀਆਂ ਊਣਤਾਈਆਂ ਸਨ, ਖਾਸ ਕਰਕੇ ਇਨ੍ਹਾਂ ਦੇ ਪੰਜਾਬੀ ਤੇ ਹਿੰਦੀ ਐਡੀਸ਼ਨਾਂ ਵਿੱਚ। ਇਸ ਕਰ ਕੇ ਕਿਤਾਬਾਂ ਵਾਪਸ ਲੈਣੀਆਂ ਪਈਆਂ ਤੇ ਨਿਗਰਾਨ ਕਮੇਟੀ ਨੂੰ ਨਵੀਆਂ ਕਿਤਾਬਾਂ ਛਪਵਾਉਣ ਨੂੰ ਕਿਹਾ ਗਿਆ। ਇਸ ਸੂਰਤ ਵਿੱਚ ਸੂਝ ਵਾਲੀ ਗੱਲ ਤਾਂ ਇਹ ਸੀ ਕਿ ਇਤਿਹਾਸਕਾਰਾਂ, ਸ਼੍ਰੋਮਣੀ ਕਮੇਟੀ ਦੇ ਨੁਮਾਇੰਦਿਆਂ ਤੇ ਸਰਕਾਰੀ ਅਫਸਰਾਂ 'ਤੇ ਆਧਾਰਤ ਸਾਂਝੀ ਕਮੇਟੀ ਨੂੰ ਕੰਮ ਕਰਦੇ ਰਹਿਣ ਦਿੱਤਾ ਜਾਂਦਾ ਤੇ ਆਉਣ ਵਾਲੇ ਸਮੇਂ ਲਈ ਮੁੱਦਿਆਂ ਦਾ ਨਿਤਾਰਾ ਕੀਤਾ ਜਾਂਦਾ।

ਸਭ ਜਾਣਦੇ ਹਨ ਕਿ ਅਕਾਲੀ ਦਲ ਜਦੋਂ ਸੱਤਾ ਤੋਂ ਬਾਹਰ ਹੁੰਦਾ ਹੈ ਤਾਂ ਇਸ ਨੂੰ ਪੰਥਕ ਮੁੱਦਿਆਂ ਵੱਲ ਉਲਰਨ ਦੀ ਵਾਦੀ ਹੈ। ਇਸ ਵੇਲੇ ਇਹ ਇਤਿਹਾਸ ਦੀਆਂ ਪੁਸਤਕਾਂ ਵਿੱਚ ਗਲਤੀਆਂ ਦੀ ਦਰੁਸਤੀ ਲਈ ਰੋਸ ਮੁਜ਼ਾਹਰੇ ਕਰ ਰਿਹਾ ਹੈ। ਇਹ ਸਪੱਸ਼ਟ ਨਹੀਂ ਕਿ ਜਦੋਂ ਅਕਾਲੀ ਦਲ 10 ਸਾਲ ਸੱਤਾ ਵਿੱਚ ਸੀ ਤਾਂ ਇਸ ਨੇ ਇਨ੍ਹਾਂ ਕਿਤਾਬਾਂ ਦਾ ਮਿਆਰ ਸੁਧਾਰਨ ਲਈ ਕੋਈ ਨਿੱਗਰ ਕੰਮ ਕਿਉਂ ਨਹੀਂ ਕੀਤਾ?

ਇਹ ਗੱਲ ਸਹੀ ਹੈ ਕਿ ਕੁਝ ਪਾਠ ਪੁਸਤਕਾਂ ਵਿੱਚ ਸਿੱਖ ਗੁਰੂਆਂ ਬਾਰੇ ਕੁਝ ਊਣਤਾਈਆਂ ਮਿਲੀਆਂ ਹਨ। ਸ਼੍ਰੋਮਣੀ ਕਮੇਟੀ ਦੇ ਨੁਮਾਇੰਦਿਆਂ ਅਤੇ ਪੰਜਾਬ ਦੇ ਪ੍ਰਮੁੱਖ ਇਤਿਹਾਸਕਾਰਾਂ 'ਤੇ ਆਧਾਰਿਤ ਸਾਂਝੀ ਕਮੇਟੀ ਨੂੰ ਆਪਣਾ ਕੰਮ ਪੂਰਾ ਕਰਨ ਲਈ ਢੁਕਵਾਂ ਸਮਾਂ ਤੇ ਸਾਧਨ ਦਿੱਤੇ ਜਾਣੇ ਚਾਹੀਦੇ ਸਨ, ਪਰ ਇਹ ਗੱਲ ਅਕਾਲੀ ਦਲ ਦੇ ਸਿਆਸੀ ਏਜੰਡੇ ਲਈ ਵਾਰਾ ਨਹੀਂ ਖਾਂਦੀ ਸੀ। ਕਾਂਗਰਸ ਸਰਕਾਰ ਨੇ ਵੀ ਕਮੇਟੀ ਨੂੰ ਆਪਣਾ ਕੰਮ ਜਲਦੀ ਪੂਰਾ ਕਰਨ ਲਈ ਜਿਹੋ ਜਿਹੀ ਨਾਪਾਕ ਕਾਹਲੀ ਦਿਖਾਈ, ਉਹ ਵੀ ਕੰਮ ਦੇ ਮਿਆਰ ਲਈ ਘਾਤਕ ਸਾਬਤ ਹੋਈ ਹੈ। ਅਕਾਲੀ ਦਲ ਨੇ ਇਸ ਵਿਵਾਦ ਨੂੰ ਭੜਕਾ ਕੇ ਆਪਣੀਆਂ ਚਲੰਤ ਦਿੱਕਤਾਂ ਵੱਲੋਂ ਲੋਕਾਂ ਦਾ ਧਿਆਨ ਵੰਡਾਉਣ ਦੀ ਕੋਸ਼ਿਸ਼ ਕੀਤੀ ਹੈ। ਬਹੁਤੇ ਵੇਰਵੇ ਦੇਣ ਦੀ ਲੋੜ ਨਹੀਂ, ਪਰ ਇਹ ਕਿਹਾ ਜਾ ਸਕਦਾ ਹੈ ਕਿ ਅਕਾਲੀ ਦਲ ਕਈ ਵਾਰ ਇਹ ਦਾਅ ਅਜ਼ਮਾ ਚੁੱਕਾ ਹੈ। ਬੀਤੇ 'ਚ ਪੰਜਾਬ ਨੂੰ ਇਸ ਦੀ ਭਾਰੀ ਕੀਮਤ ਤਾਰਨੀ ਪਈ ਹੈ। ਇਸ ਦਾ ਕੀ ਲਾਭ ਹੋਇਆ, ਕੋਈ ਨਹੀਂ ਜਾਣਦਾ, ਪਰ ਨੁਕਸਾਨ ਵੱਟ 'ਤੇ ਹੈ। ਸ਼੍ਰੋਮਣੀ ਕਮੇਟੀ ਨੇ ਅਕਾਲੀ ਦਲ ਦੇ ਇਸ਼ਾਰੇ 'ਤੇ ਬੇਲੋੜੀ ਕਾਹਲ ਦਿਖਾਈ ਹੈ। ਜੋ ਕੁਝ ਵਿਦਵਾਨਾਂ ਦੀ ਕਮੇਟੀ ਵਿੱਚ ਨਿਰਖਿਆ ਪਰਖਿਆ ਤੇ ਨਿਤਾਰਿਆ ਜਾਣਾ ਸੀ, ਉਹ ਲੋਕਾਂ ਦੇ ਸੱਥ ਵਿੱਚ ਆ ਗਿਆ ਹੈ। ਸ਼੍ਰੋਮਣੀ ਕਮੇਟੀ ਵੱਲੋਂ ਇਤਹਾਸ ਬਾਰੇ ਇਸ ਕਮੇਟੀ 'ਤੇ ਨਿਸ਼ਾਨਾ ਸੇਧਣ ਤੋਂ ਪਹਿਲਾਂ ਇਸ ਨੂੰ ਆਪਣਾ ਕੰਮ ਪੂਰਾ ਕਰਨ ਦੇਣਾ ਚਾਹੀਦਾ ਸੀ। ਪੰਜਾਬ ਦੇ ਇਕ ਮਾਣਮੱਤੇ ਇਤਿਹਾਸਕਾਰ ਤੇ ਵਿਦਵਾਨ ਨੂੰ ਇੰਝ ਬੇਵਜ੍ਹਾ ਨਿੰਦਾ ਦਾ ਪਾਤਰ ਬਣਾਉਣਾ ਸੁੰਨ ਕਰਨ ਵਾਲੀ ਕਾਰਵਾਈ ਹੈ। ਸਿਆਸੀ ਮਾਅਰਕੇਬਾਜ਼ੀ ਇਕ ਵਾਰ ਫਿਰ ਜਿੱਤ ਗਈ ਹੈ।

# ਆਪਣੇ ਦੇਸ਼ ਨੂੰ ਸ਼ਕਤੀਸ਼ਾਲੀ ਤੇ ਖੁਸ਼ਹਾਲ ਚਾਹੁੰਦੇ ਹਨ ਭਾਰਤੀ

-ਆਕਾਰ ਪਟੇਲ-

ਜੇ ਤੁਸੀਂ ਭਾਰਤੀਆਂ ਤੋਂ ਪੁੱਛੋ ਕਿ ਤੁਸੀਂ ਕਿਸ ਤਰ੍ਹਾਂ ਦਾ ਭਾਰਤ ਚਾਹੁੰਦੇ ਹੋ ਤਾਂ ਲਗਭਗ ਸਾਰੇ ਕਹਿਣਗੇ ਕਿ ਉਹ ਆਪਣਾ ਦੇਸ਼ ਸ਼ਕਤੀਸ਼ਾਲੀ ਅਤੇ ਖੁਸ਼ਹਾਲ ਚਾਹੁੰਦੇ ਹਨ। ਵਿਸ਼ਵ ਵਿੱਚ ਸਭ ਤੋਂ ਵੱਧ ਸ਼ਕਤੀਸ਼ਾਲੀ ਦੇਸ਼ ਅਮਰੀਕਾ ਹੈ, ਜੋ ਸਭ ਤੋਂ ਵੱਧ ਖੁਸ਼ਹਾਲ ਦੇਸ਼ਾਂ ਵਿੱਚੋਂ ਵੀ ਇੱਕ ਹੈ। ਇਸ ਦੀ ਅਰਥ ਵਿਵਸਥਾ ਭਾਰਤ ਦੀ ਅਰਥ ਵਿਵਸਥਾ ਨਾਲੋਂ 10 ਗੁਣਾ ਵੱਡੀ ਹੈ ਅਤੇ ਆਬਾਦੀ ਭਾਰਤ ਦੇ ਮੁਕਾਬਲੇ ਇੱਕ-ਚੌਥਾਈ। ਇਸ ਦਾ ਅਰਥ ਇਹ ਹੋਇਆ ਕਿ ਕੁੱਲ ਘਰੇਲੂ ਉਤਪਾਦ (ਜੀ ਡੀ ਪੀ ) ਦੇ ਮਾਮਲੇ 'ਚ ਇਹ ਭਾਰਤ ਦੇ ਪ੍ਰਤੀ ਵਿਅਕਤੀ ਦੇ ਮੁਕਾਬਲੇ ਚਾਲੀ ਗੁਣਾ ਵੱਧ ਹੈ।

ਅਸੀਂ ਅਮਰੀਕਾ ਵਰਗਾ ਦੇਸ਼ ਬਣਨਾ ਚਾਹੁੰਦੇ ਹਾਂ, ਜੋ ਅਮੀਰ, ਵੱਡਾ, ਸੈਨਿਕ ਤੌਰ 'ਤੇ ਸ਼ਕਤੀਸ਼ਾਲੀ ਤੇ ਡਰ ਪੈਦਾ ਕਰਨ ਵਾਲਾ ਤੇ ਵਿਸ਼ਵ ਭਰ ਵਿੱਚ ਸਨਮਾਨ ਯੋਗ ਹੈ। ਇੱਕ ਹੋਰ ਤਰ੍ਹਾਂ ਦਾ ਸ਼ਕਤੀਸ਼ਾਲੀ ਦੇਸ਼ ਚੀਨ ਹੈ। ਇਹ ਵੀ ਅਮੀਰ (ਚੀਨ ਦੀ ਅਰਥ ਵਿਵਸਥਾ ਭਾਰਤ ਦੇ ਮੁਕਾਬਲੇ ਛੇ ਗੁਣਾ ਵੱਡੀ ਹੈ) ਅਤੇ ਸੈਨਿਕ ਤੌਰ 'ਤੇ ਸ਼ਕਤੀਸ਼ਾਲੀ ਹੈ।

ਇਨ੍ਹਾਂ ਦੋ ਦੇਸ਼ਾਂ ਦੀਆਂ ਸ਼ਕਤੀਆਂ ਵਿਚਾਲੇ ਕੀ ਫਰਕ ਹੈ? ਮੈਂ ਸੋਚਦਾ ਹਾਂ ਕਿ ਇਸ ਨਾਲ ਇੱਕ ਸਵਾਲ ਪੈਦਾ ਹੁੰਦਾ ਹੈ; ਦੇਸ਼ ਨੂੰ ਕੌਣ ਅਤੇ ਕੀ ਸ਼ਕਤੀਸ਼ਾਲੀ ਬਣਾਉਂਦਾ ਹੈ? ਭਾਰਤ ਵਿੱਚ ਇਹ ਧਾਰਨਾ ਹੈ ਕਿ ਇਸ ਦਾ ਕਾਰਨ ਸਰਕਾਰ ਹੈ। ਮੌਜੂਦਾ ਪ੍ਰਧਾਨ ਮੰਤਰੀ ਵਰਗਾ ਇੱਕ ਮਜ਼ਬੂਤ ਨੇਤਾ ਆਪਣੀ ਅਕਲਮੰਦੀ ਨਾਲ ਕੁਝ ਵਿਸ਼ੇਸ਼ ਪੇਸ਼ ਕਰ ਸਕਦਾ ਹੈ। ਉਹ ਅਜਿਹਾ ਕੰਮ ਕਰੇਗਾ, ਜੋ ਭਾਰਤ ਨੂੰ ਬਦਲਣ ਲਈ ਚਾਹੀਦਾ ਹੈ। ਮੈਂ ਕਈ ਸਾਲਾਂ ਤੋਂ ਨਿੱਜੀ ਤੌਰ ਉਤੇ ਨਰਿੰਦਰ ਮੋਦੀ ਨੂੰ ਜਾਣਦਾ ਹਾਂ ਅਤੇ ਮੈਂ ਕਹਿ ਸਕਦਾ ਹਾਂ ਕਿ ਉਹ ਖੁਦ ਵੀ ਇਸ ਗੱਲ 'ਚ ਵਿਸ਼ਵਾਸ ਕਰਦੇ ਹਨ।

ਚੀਨ ਘੱਟ ਜਾਂ ਵੱਧ ਸਰਕਾਰ ਵੱਲੋਂ ਅਗਵਾਈ ਕਰਨ ਦੇ ਉਸੇ ਦਰਸ਼ਨ 'ਤੇ ਚੱਲਦਾ ਹੈ। ਇਹ ਇਨਕਾਰ ਨਾ ਕਰਨ ਦੇ ਯੋਗ ਸੱਚ ਹੈ ਕਿ ਚੀਨੀ ਲੋਕ ਬਹੁਤ ਪ੍ਰਤਿਭਾਸ਼ਾਲੀ ਤੇ ਅਤਿਅੰਤ ਮਿਹਨਤੀ ਹਨ ਅਤੇ ਜੇ ਤੁਸੀਂ ਥਾਈਲੈਂਡ, ਮਲੇਸ਼ੀਆ ਤੇ ਸਿੰਗਾਪੁਰ ਵਰਗੇ ਦੱਖਣੀ-ਪੂਰਬੀ ਏਸ਼ੀਆਈ ਦੇਸ਼ਾਂ ਤੇ ਪੱਛਮੀ ਅਮਰੀਕਾ ਵਰਗੀਆਂ ਥਾਵਾਂ 'ਤੇ ਜਾਓ ਤਾਂ ਤੁਸੀਂ ਚੀਨੀ ਪਰਵਾਸੀਆਂ ਵਿੱਚ ਇਹ ਗੁਣ ਦੇਖੋਗੇ, ਪਰ ਕਮਿਊਨਿਸਟ ਸਰਕਾਰ ਤੇ ਇੱਕ ਆਗੂ ਦੇ ਸ਼ਾਸਨ ਨੇ ਹੀ ਉਨ੍ਹਾਂ ਦੀ ਆਧੁਨਿਕ ਸ਼ਕਤੀ ਦਾ ਰਾਹ ਸਾਫ ਕੀਤਾ। ਕਈ ਅਰਥਾਂ ਵਿੱਚ ਇਹ ਇੱਕ ਸੀਮਿਤ ਸ਼ਕਤੀ ਹੈ। ਆਜ਼ਾਦੀ ਦੀ ਘਾਟ ਦਾ ਅਰਥ ਇਹ ਹੈ ਕਿ ਚੀਨ ਵਿਸ਼ੇਸ਼ ਤੌਰ 'ਤੇ ਖੋਜਸ਼ੀਲ ਨਹੀਂ ਅਤੇ ਇਹੋ ਗੱਲ ਅਖੀਰ ਇਸ ਨੂੰ ਅਮਰੀਕਾ ਦਾ ਮੁਕਾਬਲਾ ਕਰਨ ਤੋਂ ਰੋਕੇਗੀ।

ਅਮਰੀਕਾ 'ਚ ਇਹ ਧਾਰਨਾ ਅਤੇ ਮਾਨਤਾ ਹੈ ਕਿ ਲੋਕ ਹੀ ਦੇਸ਼ ਨੂੰ ਬਣਾਉਂਦੇ ਹਨ ਅਤੇ ਉਹੀ ਉਸ ਨੂੰ ਮਹਾਨ ਬਣਾਉਂਦੇ ਹਨ। ਸਰਕਾਰ ਤੋਂ ਬੱਸ ਇੰਨਾ ਚਾਹੀਦਾ ਹੁੰਦਾ ਹੈ ਕਿ ਉਹ ਉਨ੍ਹਾਂ ਨੂੰ ਅਜਿਹਾ ਕਰਨ ਲਈ ਜਗ੍ਹਾ ਅਤੇ ਆਜ਼ਾਦੀ ਦੇਵੇ। ਅਮਰੀਕੀ ਸੰਵਿਧਾਨ ਦੀ ਪਹਿਲੀ ਸੋਧ 227 ਸਾਲ ਪਹਿਲਾਂ ਲਿਖੀ ਗਈ ਸੀ। ਇਸ ਵਿੱਚ ਦਰਜ ਹੈ ਕਿ ਸਰਕਾਰ ਕੋਈ ਵੀ ਅਜਿਹਾ ਕਾਨੂੰਨ ਨਹੀਂ ਬਣਾ ਸਕਦੀ, ਜੋ ਆਜ਼ਾਦੀ ਨਾਲ ਬੋਲਣ 'ਤੇ ਰੋਕ ਲਾਏ। ਜੇ ਤੁਸੀਂ ਹੈਰਾਨ ਹੋ ਕਿ ਇਸ ਦਾ ਕੀ ਮਤਲਬ ਹੈ ਤਾਂ ਇਸ ਦਾ ਅਰਥ ਇਹ ਹੈ ਕਿ ਅਮਰੀਕਾ ਵਿੱਚ ਕੋਈ ਵੀ ਦੇਸ਼ ਵਿਰੋਧੀ ਜਾਂ ਸ਼ਹਿਰੀ ਨਕਸਲੀ ਅਖਵਾਏ ਜਾਣ ਦੇ ਡਰ ਤੋਂ ਬਿਨਾਂ ਸਭ ਤੋਂ ਵੱਧ ਨਫਰਤ ਭਰੀਆਂ ਅਤੇ ਅਸ਼ਲੀਲ ਗੱਲਾਂ ਕਹਿ ਸਕਦਾ ਹੈ। ਆਧੁਨਿਕ ਪੋਰਨੋਗਰਾਫੀ ਪਲੇਅਬੁਆਏ ਅਤੇ ਪੇਂਟਹਾਊਸ ਵਰਗੇ ਰਸਾਲਿਆਂ ਰਾਹੀਂ ਬਾਹਰ ਆਉਂਦੀ ਹੈ, ਜਿਨ੍ਹਾਂ ਨੂੰ ਅਸ਼ਲੀਲਤਾ ਦੇ ਕਾਰਨ ਅਦਾਲਤ 'ਚ ਘਸੀਟਿਆ ਗਿਆ, ਪਰ ਪਹਿਲੀ ਸੋਧ ਦੇ ਕਾਰਨ ਉਹ ਕੇਸ ਜਿੱਤ ਗਏ। ਅਮਰੀਕੀ ਸਰਕਾਰਾਂ ਨੇ ਆਜ਼ਾਦੀ ਨਾਲ ਬੋਲਣ 'ਤੇ ਪਾਬੰਦੀ ਲਾਉਣ ਲਈ ਕਾਨੂੰਨ ਲਿਖਣਾ ਜਾਰੀ ਰੱਖਿਆ, ਪਰ ਉਨ੍ਹਾਂ ਦੀਆਂ ਅਦਾਲਤਾਂ ਨੇ ਬੁਲਾਰਿਆਂ ਦੇ ਅਧਿਕਾਰਾਂ ਨੂੰ ਬਣਾਈ ਰੱਖਿਆ, ਇਥੋਂ ਤੱਕ ਕਿ ਉਦੋਂ ਵੀ, ਜਦੋਂ ਭਾਸ਼ਣਾਂ ਨੂੰ ਪਸੰਦ ਨਹੀਂ ਕੀਤਾ ਗਿਆ ਜਾਂ ਅਸ਼ਲੀਲ ਜਾਂ ਕੱਟੜ ਸਨ। ਇਸੇ ਆਜ਼ਾਦੀ ਨੇ ਅਮਰੀਕਾ ਨੂੰ ਮਹਾਨ ਬਣਾਉਣ ਵਿੱਚ ਵੱਡੀ ਭੂਮਿਕਾ ਨਿਭਾਈ। ਅਸਲ 'ਚ ਪੱਛਮੀ ਜਗਤ ਦੇ ਇਤਿਹਾਸ ਵਿੱਚ ਜ਼ੋਰ ਵਿਅਕਤੀਆਂ ਦੀ ਆਜ਼ਾਦੀ ਤੇ ਪ੍ਰਸ਼ਾਸਨ ਦੇ ਵਿਰੋਧ ਕਰਨ ਦੇ ਅਧਿਕਾਰ ਤੇ ਸਮਾਜਕ ਬੌਧਿਕਤਾ 'ਤੇ ਰਿਹਾ ਹੈ। ਇਹ ਸ਼ੁਰੂਆਤ ਅਤੇ ਪ੍ਰਾਚੀਨ ਗ੍ਰੀਕਸ ਵੱਲ ਵਾਪਸ ਲੈ ਜਾਂਦਾ ਹੈ (ਭਾਰਤ 'ਚ ਇਸ ਨੂੰ ਯੂਨਾਨੀ ਜਾਂ ਯਵਨ ਕਿਹਾ ਜਾਂਦਾ ਹੈ)। ਸੁਕਰਾਤ ਨੂੰ ਲਗਭਗ 24000 ਸਾਲ ਪਹਿਲਾਂ ਇਸ ਕਾਰਨ ਮੌਤ ਦੀ ਸਜ਼ਾ ਦਿੱਤੀ ਗਈ ਸੀ ਕਿਉਂਕਿ ਉਸ ਨੇ ਏਥੇਨੀਅਨ ਕਿਸਮ ਦੀ ਸਰਕਾਰ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ। ਅਰਸਤੂ ਅਤੇ ਪਲੈਟੋ ਨੇ ਅਜਿਹੇ ਸਿਧਾਂਤ ਪੇਸ਼ ਕੀਤੇ, ਜਿਨ੍ਹਾਂ ਨੇ ਦੇਵਤਿਆਂ ਨੂੰ ਨਕਾਰਿਆ ਜਿਵੇਂ ਯੂਨਾਨੀ ਉਨ੍ਹਾਂ ਨੂੰ ਜਾਣਦੇ ਸਨ, ਪਰ ਨਾ ਸਿਰਫ ਉਨ੍ਹਾਂ ਨੂੰ ਕੰਮ ਕਰਨ ਦਿੱਤਾ ਗਿਆ, ਸਗੋਂ ਆਪਣੀ ਮੂਲ ਸੋਚ ਅਤੇ ਉਸ ਦੇ ਅਨਾਦਰ ਲਈ ਉਨ੍ਹਾਂ ਨੂੰ ਸ਼ਰਧਾ ਦਾ ਪਾਤਰ ਮੰਨਿਆ ਜਾਂਦਾ ਸੀ।

ਜੇ ਕੋਈ ਅਜਿਹਾ ਸਮਾਂ ਸੀ, ਜਦੋਂ ਪੱਛਮੀ ਜਗਤ 'ਚ ਪਤਨ ਦੇਖਿਆ ਗਿਆ ਤਾਂ ਉਹ ਉਦੋਂ ਸੀ, ਜਿਸ 'ਚ ਆਜ਼ਾਦ ਸੋਚ ਨੂੰ ਦਬਾਇਆ ਗਿਆ, ਜਿਵੇਂ ਅੱਜ ਭਾਰਤ ਵਿੱਚ ਵੀ ਕੀਤਾ ਜਾ ਰਿਹਾ ਹੈ। ਇਸ ਸਮੇਂ ਨੂੰ ਮੱਧ ਕਾਲ ਕਿਹਾ ਜਾਂਦਾ ਹੈ। ਸਾਮੰਤਵਾਦ, ਅਨਪੜ੍ਹਤਾ ਤੇ ਚਰਚ ਦੇ ਮਿਸ਼ਰਣ ਨੇ ਪਤਨ ਦੇ ਇਸ ਕਾਲ ਨੂੰ ਪੈਦਾ ਕੀਤਾ। ਇਸੇ ਸਮੇਂ 'ਚ ਬਗਦਾਦ ਅਤੇ ਦੱਖਣੀ ਸਪੇਨ 'ਚ ਇਸਲਾਮੀ ਰਾਜਿਆਂ ਨੇ ਸਿਖਲਾਈ ਅਤੇ ਬੋਲਣ ਦੀ ਆਜ਼ਾਦੀ ਦੀ ਕੀਮਤ ਜਾਣੀ ਅਤੇ ਉਹ ਮਹਾਨ ਸ਼ਕਤੀਆਂ ਬਣੇ। ਮਨੁੱਖੀ ਇਤਿਹਾਸ ਨੇ ਆਮ ਤੌਰ 'ਤੇ ਮਹਾਨਤਾ ਵੱਲ ਉਠਣ ਲਈ ਚੀਨ ਦੀ ਬਜਾਏ ਅਮਰੀਕੀ ਕਿਸਮ ਦੇ ਦੇਸ਼ ਦਾ ਸਮਰਥਨ ਕੀਤਾ। ਇਹ ਆਜ਼ਾਦੀ ਹੀ ਤਾਂ ਹੈ, ਜਿਸ ਨੇ ਮਹਾਨਤਾ ਪੈਦਾ ਕੀਤੀ, ਨਾ ਕਿ ਸਮਰੂਪਤਾ ਨੇ।

ਜਦੋਂ ਪਰਮਾਤਮਾ ਦੀ ਪ੍ਰਕਿਰਤੀ ਅਤੇ ਅਸਲੀਅਤ ਬਾਰੇ ਪ੍ਰਗਟਾਵੇ ਦੀ ਗੱਲ ਆਉਂਦੀ ਹੈ ਤਾਂ ਭਾਰਤ ਵਿੱਚ ਰਸਮੀ ਤੌਰ 'ਤੇ ਸਾਨੂੰ ਕਾਫੀ ਆਜ਼ਾਦੀ ਸੀ, ਪਰ ਜਦੋਂ ਦੇਸ਼ ਤੇ ਇਸ ਦੇ ਲੋਕਾਂ ਦੀ ਪ੍ਰਕਿਰਤੀ ਦੇ ਪ੍ਰਗਟਾਵੇ ਦੀ ਗੱਲ ਆਉਂਦੀ ਹੈ ਤਾਂ ਇਥੇ ਖਾਸ ਆਜ਼ਾਦੀ ਨਹੀਂ। ਬਹੁਤ ਸਾਰੀਆਂ ਚੀਜ਼ਾਂ 'ਤੇ ਸਰਕਾਰ ਤੇ ਸਮਾਜ ਦੋਵਾਂ ਵੱਲੋਂ ਸਹਿਣਸ਼ਕਤੀ ਦਾ ਪੱਧਰ ਨੀਵਾਂ ਹੈ। ਬਦਕਿਸਮਤੀ ਨਾਲ ਸਾਨੂੰ ਆਪਣੀਆਂ ਅਦਾਲਤਾਂ ਤੋਂ ਵਧੇਰੇ ਸਮਰਥਨ ਨਹੀਂ ਮਿ-ਲਆ, ਜਿਵੇਂ ਅਮਰੀਕੀ ਲੋਕਾਂ ਨੂੰ ਮਿਲਿਆ ਤੇ ਇਸ ਲਈ ਆਜ਼ਾਦ ਭਾਸ਼ਣ ਦਬਾਉਣ ਲਈ ਖਾਸ ਵਿਰੋਧ ਨਹੀਂ ਹੈ। ਇਸੇ ਕਾਰਨ ਜ਼ਿਆਦਾ ਭਾਰਤੀ ਮੰਨਦੇ ਹਨ ਕਿ ਕੁਝ ਚੀਜ਼ਾਂ ਕਹਿਣਾ ਨਾ ਸਿਰਫ ਗਲਤ ਹੈ, ਸਗੋਂ ਇਹ ਵੀ ਕਿ ਉਨ੍ਹਾਂ ਨੂੰ ਕਹਿਣ ਲਈ ਅਧਿਕਾਰ ਵੀ ਨਹੀਂ ਹੈ।

ਜਦੋਂ ਤੱਕ ਅਸੀਂ ਉਸ ਰਸਤੇ 'ਤੇ ਹੇਠਾਂ ਜਾ ਰਹੇ ਹਾਂ, ਅਸਲੀ ਮਹਾਨਤਾ ਇਸ ਦੇਸ਼ ਨੂੰ ਨਹੀਂ ਮਿਲੇਗੀ, ਇਸ ਗੱਲ ਦਾ ਕੋਈ ਫਰਕ ਨਹੀਂ ਪੈਂਦਾ ਕਿ ਸਿਖਰ 'ਤੇ ਬੈਠਾ ਵਿਅਕਤੀ ਭਾਵੇਂ ਕਿੰਨਾ ਵੀ ਪ੍ਰਤਿਭਾਸ਼ਾਲੀ ਹੈ।

UPPAL LAW
FREE CONSULTATION !
Avtar Uppal Manager
Aman Uppal BARRISTER, SOLICITOR

IMMIGRATION SERVICES :
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)

OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)

Prices are subject to Taxes, do not include Government fees and service by appointment only. Offer valid until 9/30/201

Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6

FIRST CHOICE FINANCIAL LIMITED
TRUCK LOANS

ਟੱਰਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ

ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing

- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada

For more Information Contact
Rajdeep: 647.707.4167
Office: 905.678.2424

Tri-City Professional Realty Inc., Brokerage
Number 1 Tri-City agent in Canada on basis of sales volume 2015

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777

31 Melanie Dr. Unit #4 Brampton, ON L6T 5H8
Avtar Singh Tiwana
Sales Rep

SOLD
$645,000
Darcel/Brandon Gate
ਬਹੁਤ ਹੀ ਸੋਹਣਾ 3+1 ਬੈਡਰੂਮ, 2 ਵਾਸ਼ਰੂਮ ਦਾ ਸੈਮੀ ਡਿਟੈਚ ਘਰ, ਨਵੇਂ ਫਰੰਟ ਡੋਰ, ਈਟ ਇਨ ਕਿਚਨ, ਕੈਲੀਫੌਰਨੀਆ ਸ਼ਟਰਜ਼, ਸਹੂਲਤਾਂ ਵਿੱਚ ਗਰਾਜ ਉਪਨਰ, ਫਰਨਿਸ, ਲੈਮੀਨੇਟਡ ਫਲੋਰ।

FOR SALE
$799,900
Chinguacousy/Sandalwood
5 ਬੈਡਰੂਮ + 3 ਵਾਸ਼ਰੂਮ ਦਾ ਬਹੁਤ ਹੀ ਸੋਹਣਾ ਸੈਮੀ ਡੀਟੈਚਡ, ਡਬਲ ਸਟੋਰੀ ਘਰ, ਹਾਰਡਵੁਡ ਫਲੋਰ, ਡਬਲ ਡੋਰ ਗਰਾਜ, ਸਕੂਲ, ਬੱਸ ਸਟਾਪ, ਜਿਮ ਆਦਿ ਸਹੂਲਤਾਂ ਦੇ ਨੇੜੇ।

FOR SALE
$3,249,000
Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।

FOR SALE
$1,129,900
Castlemore/Goreway
4 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਡਿਟੈਚਡ ਘਰ, 3500 ਸਕੇਅਰ ਫੁੱਟ, ਹਾਰਡਵੁਡ ਫਲੋਰ, ਮੇਨ ਫਲੋਰ ਨੂੰ ਡੇਨ, ਬੈਸਮੈਂਟ ਨੂੰ ਸੈਪਰੇਟ ਏਨਟਰੈਂਸ। ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਮਾਲ ਆਦਿ ਦੇ ਨੇੜੇ।

# ਸਾਬਕਾ ਵਿਧਾਇਕ ਦੇ ਕਾਰਿੰਦੇ ਨੂੰ ਗੋਲੀ ਮਾਰ ਕੇ 5.71 ਲੱਖ ਲੁੱਟੇ

ਦਸੂਹਾ (ਹੁਸ਼ਿਆਰਪੁਰ), 13 ਨਵੰਬਰ (ਪੋਸਟ ਬਿਊਰੋ)- ਸਾਬਕਾ ਵਿਧਾਇਕ ਸੁਖਜੀਤ ਕੌਰ ਸਾਹੀ ਦੇ ਕਾਰਿੰਦੇ ਦੇ ਲੱਤ ਵਿੱਚ ਗੋਲੀ ਮਾਰ ਕੇ ਕੱਲ੍ਹ ਮੋਟਰ ਸਾਈਕਲ ਸਵਾਰ ਲੁਟੇਰਿਆਂ ਨੇ 5.71 ਲੱਖ ਰੁਪਏ ਲੁੱਟ ਲਏ।

ਦਸੂਹਾ ਵਿੱਚ ਸਾਬਕਾ ਚੀਫ ਪਾਰਲੀਮੈਂਟਰੀ ਸੈਕਟਰੀ ਸੁਖਜੀਤ ਕੌਰ ਸਾਹੀ ਦਾ ਮੈਕਡੋਨਲਡ ਹੈ। ਇਸ ਦਾ ਕਾਰਿੰਦਾ ਸੁਖਦੀਪ ਸਿੰਘ ਕੱਲ੍ਹ ਦੁਪਹਿਰ 5.71 ਲੱਖ ਰੁਪਏ ਲੈ ਕੇ ਐਕਸਿਸ ਬੈਂਕ ਨੂੰ ਰਵਾਨਾ ਹੋਇਆ। ਜਦੋਂ ਉਹ ਜੀ ਟੀ ਰੋਡ 'ਤੇ ਪਹੁੰਚਿਆ ਤਾਂ ਵੇਰਕਾ ਮਿਲਕ ਪਲਾਂਟ ਨਾਲ ਪੁਲ 'ਤੇ ਪਿੱਛਿਓਂ ਆਏ ਮੋਟਰ ਸਾਈਕਲ ਸਵਾਰਾਂ ਨੇ ਉਸ ਨੂੰ ਟੱਕਰ ਮਾਰ ਦਿੱਤੀ। ਸੁਖਦੀਪ ਦੇ ਹੇਠਾਂ ਡਿੱਗਦੇ ਸਾਰ ਲੁਟੇਰਿਆਂ ਨੇ ਬੈਗ ਖੋਹਣ ਦੀ ਕੋਸ਼ਿਸ਼ ਕੀਤੀ। ਵਿਰੋਧ ਕਰਨ 'ਤੇ ਇੱਕ ਲੁਟੇਰੇ ਨੇ ਉਸ ਦੀ ਲੱਤ ਵਿੱਚ ਗੋਲੀ ਮਾਰ ਦਿੱਤੀ ਅਤੇ ਬੈਗ ਖੋਹ ਕੇ ਮੁਕੇਰੀਆਂ ਵੱਲ ਫਰਾਰ ਹੋ ਗਏ। ਜ਼ਖਮੀ ਸੁਖਦੀਪ ਨੂੰ ਲੋਕਾਂ ਨੇ ਸਰਕਾਰੀ ਹਸਪਤਾਲ ਦਸੂਹਾ ਵਿੱਚ ਭਰਤੀ ਕਰਾਇਆ। ਪੁਲਸ ਨੇ ਮੌਕੇ 'ਤੇ ਪਹੁੰਚ ਕੇ ਛਾਣਬੀਣ ਸ਼ੁਰੂ ਕਰ ਦਿੱਤੀ ਹੈ, ਪਰ ਦੇਰ ਸ਼ਾਮ ਤੱਕ ਲੁਟੇਰਿਆਂ ਦਾ ਕੋਈ ਸੁਰਾਗ ਨਹੀਂ ਲੱਗ ਸਕਿਆ।

ਇੱਕ ਹੋਰ ਖਬਰ ਅਨੁਸਾਰ ਕਸਬਾ ਬਾਘਾ ਪੁਰਾਣਾ ਦੇ ਮੁਦਕੀ ਰੋਡ ਉੱਤੇ ਕੱਲ੍ਹ ਬੈਂਕ ਤੋਂ ਪੈਸੇ ਲੈ ਕੇ ਜਾ ਰਹੇ ਮਨੀ ਚੇਂਜਰ ਦੇ ਕਾਰਿੰਦੇ ਤੋਂ ਇੱਕ ਲੁਟੇਰਾ ਐਕਟਿਵਾ ਸਮੇਤ ਪੰਜ ਲੱਖ ਰੁਪਏ ਲੁੱਟ ਕੇ ਲੈ ਗਿਆ। ਵਾਰਦਾਤ ਨੇੜੇ ਲੱਗੇ ਸੀ ਸੀ ਟੀ ਵੀ ਕੈਮਰੇ ਵਿੱਚ ਕੈਦ ਹੋ ਗਈ ਹੈ। ਸੇਤੀਆ ਮਨੀ ਚੇਂਜਰ ਦੇ ਮਾਲਕ ਸੁਰੇਸ਼ ਨੇ ਦੱਸਿਆ ਕਿ ਉਸ ਦੀ ਦੁਕਾਨ 'ਤੇ ਕੰਮ ਕਰਦੇ ਗੁਰਪ੍ਰਕਾਸ਼ ਨੂੰ ਮੁਦਕੀ ਰੋਡ ਸਥਿਤ ਐਕਸਿਸ ਬੈਂਕ ਤੋਂ ਨੌਂ ਲੱਖ ਰੁਪਏ ਕਢਵਾਉਣ ਈ ਭੇਜਿਆ ਸੀ। ਉਸ ਨੇ ਚਾਰ ਲੱਖ ਜੇਬ ਵਿੱਚ ਅਤੇ ਪੰਜ ਲੱਖ ਸਕੂਟੀ ਦੀ ਡਿੱਗੀ ਵਿੱਚ ਰੱਖ ਦਿੱਤੇ। ਪਹਿਲਾਂ ਤੋਂ ਲੁੱਟ ਦੀ ਤਾਕ ਵਿੱਚ ਖੜ੍ਹੇ ਵਿਅਕਤੀ ਨੇ ਕੁਝ ਦੂਰੀ 'ਤੇ ਗੁਰਪ੍ਰਕਾਸ਼ ਨੂੰ ਦਾਤਰ ਨਾਲ ਡਰਾ ਕੇ ਸਕੂਟੀ ਤੋਂ ਡਿਗਾ ਦਿੱਤਾ ਅਤੇ ਸਕੂਟੀ ਭਜਾ ਕੇ ਲੈ ਗਿਆ। ਡੀ ਐੱਸ ਪੀ ਰਣਜੋਧ ਸਿੰਘ ਨੇ ਦੱਸਿਆ ਕਿ ਪੂਰੇ ਸ਼ਹਿਰ ਵਿੱਚ ਨਾਕਾਬੰਦੀ ਕਰ ਕੇ ਦੋਸ਼ੀ ਦੀ ਤਲਾਸ਼ ਸ਼ੁਰੂ ਕਰ ਦਿੱਤੀ ਹੈ।

# ਬਾਦਲ ਸਰਕਾਰ ਵੱਲੋਂ ਸੀ ਬੀ ਆਈ ਨੂੰ ਦਿੱਤੇ ਬੇਅਦਬੀ ਕੇਸ ਵੀ ਵਾਪਸ ਲਏ ਜਾਣ ਲੱਗੇ




ਚੰਡੀਗੜ੍ਹ, 13 ਨਵੰਬਰ (ਪੋਸਟ ਬਿਊਰੋ)- ਪਿਛਲੀ ਬਾਦਲ ਸਰਕਾਰ ਵੱਲੋਂ ਬੇਅਦਬੀ ਦੇ ਕੇਸਾਂ ਲਈ ਸੀ ਬੀ ਆਈ ਨੂੰ ਦਿੱਤੀ ਜਾਂਚ ਵੀ ਮੌਜੂਦਾ ਸਰਕਾਰ ਨੇ ਇਸ ਕੇਂਦਰੀ ਏਜੰਸੀ ਤੋਂ ਵਾਪਸ ਲੈ ਲਈ ਹੈ।

ਅਕਾਲੀ-ਭਾਜਪਾ ਸਰਕਾਰ ਨੇ ਨਵੰਬਰ 2015 'ਚ ਬੇਅਦਬੀ ਬਾਰੇ ਫਰੀਦਕੋਟ ਦੇ ਬਾਜਾਖਾਨਾ ਥਾਣੇ ਵਿੱਚ ਦਰਜ ਤਿੰਨ ਕੇਸਾਂ ਦੀ ਜਾਂਚ ਸੀ ਬੀ ਆਈ ਨੂੰ ਸੌਂਪੀ ਸੀ, ਕੈਪਟਨ ਸਰਕਾਰ ਨੇ ਇਨ੍ਹਾਂ ਦੀ ਜਾਂਚ ਵੀ ਵਾਪਸ ਲੈ ਲਈ ਅਤੇ ਇਨ੍ਹਾਂ ਕੇਸਾਂ ਦੀ ਜਾਂਚ ਐਸ ਆਈ ਟੀ ਨੂੰ ਸੌਂਪੀ ਗਈ ਹੈ। ਬੁਰਜ ਜਵਾਹਰ ਸਿੰਘ ਵਾਲਾ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਵਿੱਤਰ ਸਰੂਪ ਚੋਰੀ ਹੋਣ, ਖਿੱਲਰੇ ਹੋਏ ਅੰਗ ਮਿਲਣ ਨਾਲ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਅਤੇ ਵਿਰੋਧ ਉਠਣ ਉਪਰੰਤ ਇਨ੍ਹਾਂ ਵਾਰਦਾਤਾਂ ਪਿੱਛੇ ਮਿਲੀਭੁਗਤ ਸਬੰਧੀ ਅਕਤੂਬਰ 2015 ਵਿੱਚ ਦਰਜ ਮਾਮਲਿਆਂ ਦੀ ਜਾਂਚ ਅਕਾਲੀ ਸਰਕਾਰ ਨੇ ਦੋ ਨਵੰਬਰ 2015 ਨੂੰ ਸੀ ਬੀ ਆਈ ਨੂੰ ਸੌਂਪ ਦਿੱਤੀ ਸੀ। ਇਨ੍ਹਾਂ ਤਿੰਨੇ ਕੇਸਾਂ ਦੀ ਜਾਂਚ ਸੀ ਬੀ ਆਈ ਨੂੰ ਦੇਣ ਸਬੰਧੀ ਨੋਟੀਫਿਕੇਸ਼ਨ ਨੂੰ ਡੀਨੋਟੀਫਾਈ ਕਰਨ ਲਈ ਮੌਜੂਦਾ ਸਰਕਾਰ ਨੇ ਇਸੇ ਸਾਲ ਛੇ ਸਤੰਬਰ ਨੂੰ ਨਵਾਂ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ। ਇਸ ਡੀਨੋਟੀਫੀਕੇਸ਼ਨ ਨਾਲ ਪੰਜਾਬ ਸਰਕਾਰ ਨੇ ਦਿੱਲੀ ਸਪੈਸ਼ਲ ਪੁਲਸ ਇਸਟੈਬਲਿਸ਼ਮੈਂਟ ਦੇ ਮੈਂਬਰਾਂ ਨੂੰ ਉਕਤ ਤਿੰਨੇ ਕੇਸਾਂ ਦੀ ਪੰਜਾਬ ਦੇ ਦਾਇਰੇ ਵਿੱਚ ਜਾਂਚ ਕਰਨ ਦੀ ਸ਼ਕਤੀ ਖਤਮ ਕਰਨ ਦਿੱਤੀ ਹੈ।

ਦੱਸਿਆ ਗਿਆ ਹੈ ਕਿ ਅਕਾਲੀ ਸਰਕਾਰ ਵੇਲੇ ਜਾਰੀ ਨੋਟੀਫਿਕੇਸ਼ਨ ਨੂੰ ਡੀਨੋਟੀਫਾਈ ਕਰਨ ਪਿੱਛੇ ਨਵੀਂ ਸਰਕਾਰ ਨੇ ਪੰਜਾਬ ਹਰਿਆਣਾ ਹਾਈ ਕੋਰਟ ਵਿੱਚ ਇਕ ਮਾਮਲੇ ਵਿੱਚ ਦਿੱਤੇ ਆਪਣੇ ਜਵਾਬ ਵਿੱਚ ਸਰਕਾਰ ਵੱਲੋਂ ਵਧੀਕ ਪ੍ਰਮੁੱਖ ਸਕੱਤਰ ਗ੍ਰਹਿ ਐਨ ਐਸ ਕਲਸੀ ਨੇ ਕਿਹਾ ਹੈ ਕਿ ਕਿਉਂਕਿ ਸੀ ਬੀ ਆਈ ਨੂੰ ਇਨ੍ਹਾਂ ਕੇਸਾਂ ਦੀ ਜਾਂਚ ਮਾਮਲਾ ਗੰਭੀਰ ਹੋਣ ਕਾਰਨ ਛੇਤੀ ਸਿੱਟੇ 'ਤੇ ਪੁੱਜਣ ਕਾਰਨ ਦਿੱਤੀ ਗਈ ਸੀ, ਤਿੰਨ ਸਾਲਾਂ ਵਿੱਚ ਸੀ ਬੀ ਆਈ ਨੇ ਕੋਈ ਰਿਪੋਰਟ ਪੇਸ਼ ਨਹੀਂ ਕੀਤੀ। ਪਿਛਲੇ ਸਾਲ ਇਕ ਅਪ੍ਰੈਲ ਨੂੰ ਜਸਟਿਸ ਰਣਜੀਤ ਸਿੰਘ ਕਮਿਸ਼ਨ ਬਣਾਇਆ ਸੀ, ਇਸ ਦੀ ਰਿਪੋਰਟ ਵਿੱਚ ਵੱਡੇ ਖੁਲਾਸੇ ਹੋਏ, ਜਿਸ 'ਤੇ ਪੰਜਾਬ ਵਿਧਾਨ ਸਭਾ ਵਿੱਚ ਚਰਚਾ ਵੇਲੇ ਮੈਂਬਰਾਂ ਨੇ ਵੇਖਿਆ ਕਿ ਸੀ ਬੀ ਆਈ ਤਿੰਨ ਸਾਲਾਂ ਵਿੱਚ ਕੁਝ ਨਹੀਂ ਕਰ ਸਕੀ, ਇਸ ਲਈ ਇਸ ਬਾਰੇ ਛੇਤੀ ਜਾਂਚ ਲਈ ਇਹ ਕੇਸ ਸੀ ਬੀ ਆਈ ਤੋਂ ਵਾਪਸ ਲੈ ਕੇ ਐਸ ਆਈ ਟੀ ਨੂੰ ਦਿੱਤੇ ਜਾਣ। ਇਸੇ ਕਾਰਨ ਅਕਾਲੀ ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ ਡੀਨੋਟੀਫਾਈ ਕੀਤਾ ਗਿਆ ਹੈ।

# ਇਤਿਹਾਸ ਨਾਲ ਛੇੜਛਾੜ ਕੇਸ ਵਿੱਚ ਸੋਨੀ ਤੇ ਡਾ. ਕਿਰਪਾਲ ਸਿੰਘ ਆਹਮੋ ਸਾਹਮਣੇ


ਐਸ ਏ ਐਸ ਨਗਰ (ਮੁਹਾਲੀ), 13 ਨਵੰਬਰ (ਪੋਸਟ ਬਿਊਰੋ)- ਪੰਜਾਬ ਸਕੂਲ ਸਿੱਖਿਆ ਬੋਰਡ ਦੀ ਬਾਰ੍ਹਵੀਂ ਜਮਾਤ ਦੀ ਇਤਿਹਾਸ ਦੀ ਕਿਤਾਬ 'ਚੋਂ ਸਿੱਖ ਗੁਰੂਆਂ ਅਤੇ ਪੰਜਾਬ ਦੇ ਇਤਿਹਾਸ ਨਾਲ ਸਬੰਧਤ ਅਹਿਮ ਚੈਪਟਰ ਗਾਇਬ ਹੋਣ ਬਾਰੇ ਸਿੱਖਿਆ ਮੰਤਰੀ ਓ ਪੀ ਸੋਨੀ ਅਤੇ ਇਤਿਹਾਸਕਾਰ ਡਾ. ਕਿਰਪਾਲ ਸਿੰਘ ਆਹਮੋ ਸਾਹਮਣੇ ਖੜੇ ਹਨ।

ਡਾ. ਕਿਰਪਾਲ ਸਿੰਘ ਨੇ ਸ਼੍ਰੋਮਣੀ ਕਮੇਟੀ ਨੂੰ ਪੱਤਰ ਲਿਖ ਕੇ ਆਪਣਾ ਪੱਖ ਰੱਖਿਆ ਹੈ ਅਤੇ ਸਿੱਖਿਆ ਮੰਤਰੀ ਓ ਪੀ ਸੋਨੀ ਨੇ ਚੁੱਪ ਤੋੜ ਕੇ ਸਾਰੇ ਵਿਵਾਦ ਲਈ ਇਤਿਹਾਸਕਾਰ ਡਾ. ਕਿਰਪਾਲ ਸਿੰਘ ਦੀ ਅਗਵਾਈ ਵਾਲੀ ਛੇ ਮੈਂਬਰੀ ਵਿਸ਼ੇਸ਼ ਕਮੇਟੀ ਨੂੰ ਜ਼ਿੰਮੇਵਾਰ ਕਿਹਾ ਹੈ। ਸਿੱਖਿਆ ਮੰਤਰੀ ਕੱਲ੍ਹ ਸਕੂਲ ਬੋਰਡ ਦੇ ਆਡੀਟੋਰੀਅਮ ਵਿੱਚ ਐਸ ਐਸ ਏ-ਰਮਸਾ ਅਤੇ ਹੋਰ ਸੁਸਾਇਟੀਆਂ ਤੋਂ ਸਿੱਖਿਆ ਵਿਭਾਗ ਵਿੱਚ ਰੈਗੂਲਰ ਹੋਏ ਟੀਚਰਾਂ ਨੂੰ ਨਿਯੁਕਤੀ ਪੱਤਰ ਵੰਡਣ ਮੌਕੇ ਸਮਾਰੋਹ ਦੇ ਮੁੱਖ ਮਹਿਮਾਨ ਵਜੋਂ ਆਏ ਸਨ। ਇਸ ਮੌਕੇ ਮੀਡੀਆ ਵੱਲੋਂ ਡਾ. ਕਿਰਪਾਲ ਸਿੰਘ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਲਿਖੀ ਚਿੱਠੀ ਬਾਰੇ ਪੁੱਛਣ 'ਤੇ ਸਿੱਖਿਆ ਮੰਤਰੀ ਨੇ ਕਿਹਾ ਕਿ ਬੇਸ਼ੱਕ ਉਨ੍ਹਾਂ ਨੇ ਛੇ ਮੈਂਬਰੀ ਕਮੇਟੀ ਨੂੰ ਜਲਦੀ ਕਿਤਾਬ ਦੀ ਪੜਚੋਲ ਕਰਨ ਨਮ੍ਹ ਕਿਹਾ ਸੀ, ਪਰ ਕਿਤਾਬ ਵਿਚਲੀਆਂ ਗਲਤੀਆਂ ਲਈ ਪੂਰੀ ਤਰ੍ਹਾਂ ਕਮੇਟੀ ਜ਼ਿੰਮੇਵਾਰ ਹੈ।

ਵਰਨਣ ਯੋਗ ਹੈ ਕਿ ਪ੍ਰੋ. ਕਿਰਪਾਲ ਸਿੰਘ ਨੇ ਐਸ ਜੀ ਪੀ ਸੀ ਨੂੰ ਪੱਤਰ ਲਿਖ ਕੇ ਦੱਸਿਆ ਕਿ ਉਨ੍ਹਾਂ ਨੂੰ ਸਿੱਖਿਆ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਛੇਤੀ ਚੈਪਟਰ ਲਿਖੇ ਜਾਣ, ਕਿਉਂਕਿ ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਹੋ ਰਿਹਾ ਹੈ।

ਇਤਿਹਾਸ ਦੀ ਵਿਵਾਦਤ ਕਿਤਾਬ ਸਬੰਧੀ ਮੀਡੀਆ ਦੇ ਸਵਾਲਾਂ ਤੋਂ ਭੜਕੇ ਸਿੱਖਿਆ ਮੰਤਰੀ ਸੋਨੀ ਨੇ ਸਮਾਗਮ ਦੀ ਸਮਾਪਤੀ ਤੋਂ ਬਾਅਦ ਵਾਪਸ ਜਾਣ ਵੇਲੇ ਸਕੂਲ ਬੋਰਡ ਦੇ ਚੇਅਰਮੈਨ ਮਨੋਹਰ ਕਾਂਤ ਕਲੋਹੀਆ ਨੂੰ ਵੀ ਕਾਫੀ ਝਾੜ ਪਾਈ ਕੀਤੀ। ਸਰਕਾਰੀ ਗੱਡੀ ਵਿੱਚ ਬੈਠਣ ਤੋਂ ਪਹਿਲਾਂ ਮੰਤਰੀ ਨੇ ਸਿੱਖਿਆ ਸਕੱਤਰ ਕ੍ਰਿਸ਼ਨ ਕੁਮਾਰ ਦੀ ਮੌਜੂਦਗੀ ਵਿੱਚ ਬੋਰਡ ਚੇਅਰਮੈਨ ਨੂੰ ਖਰੀਆਂ-ਖਰੀਆਂ ਸੁਣਾਈਆਂ।

# ਮਨਰੇਗਾ ਦੇ ਤਹਿਤ ਕੰਮ ਦੀ ਮੰਗ ਉੱਤੇ ਪੰਜਾਬ ਸਰਕਾਰ ਨੂੰ ਨੋਟਿਸ




ਚੰਡੀਗੜ੍ਹ, 13 ਨਵੰਬਰ (ਪੋਸਟ ਬਿਊਰੋ)- ਪੰਜਾਬ ਦੇ ਫਿਰੋਜ਼ਪੁਰ ਜ਼ਿਲ੍ਹੇ ਦੇ ਬੱਗਾ ਸਿੰਘ ਨੇ ਕੇਂਦਰ ਸਰਕਾਰ, ਪੰਜਾਬ ਸਰਕਾਰ, ਡਿਪਟੀ ਕਮਿਸ਼ਨਰ ਫਿਰੋਜ਼ਪੁਰ ਅਤੇ ਏ ਡੀ ਸੀ ਨੂੰ ਪਾਰਟੀ ਬਣਾਉਂਦੇ ਹੋਏ ਹਾਈ ਕੋਰਟ ਵਿੱਚ ਇੱਕ ਪਟੀਸ਼ਨ ਦਾਇਰ ਕਰ ਕੇ ਮੰਗ ਕੀਤੀ ਹੈ ਕਿ ਇਨ੍ਹਾਂ ਨੂੰ ਨਿਰਦੇਸ਼ ਦਿੱਤਾ ਜਾਵੇ ਕਿ ਮਨਰੇਗਾ ਫੰਡ ਦੁਰਵਰਤੋਂ ਦੀ ਜਾਂਚ ਕੀਤੀ ਜਾਵੇ ਅਤੇ ਦੋਸ਼ੀਆਂ ਖਿਲਾਫ ਕਾਨੂੰਨ ਤਹਿਤ ਸਖਤ ਕਾਰਵਾਈ ਕੀਤੀ ਜਾਵੇ। ਇਸ ਤੋਂ ਇਲਾਵਾ ਐਕਟ ਦੀਆਂ ਵਿਵਸਥਾਵਾਂ ਅਤੇ ਦਿਸ਼ਾ ਨਿਰਦੇਸ਼ਾਂ ਦੀ ਸਹੀ ਤਰੀਕੇ ਨਾਲ ਪਾਲਣਾ ਹੋਵੇ। ਜਾਂ ਤੈਅ ਸਮੇਂ 'ਚ ਕੰਮ ਪ੍ਰਦਾਨ ਕੀਤਾ ਜਾਵੇ ਜਾਂ ਫਿਰ ਬਿਨੈਕਾਰਾਂ ਨੂੰ ਨਿਯਮਾਂ ਤਹਿਤ ਬੇਰੁਜ਼ਗਾਰੀ ਭੱਤਾ ਮਿਲੇ। ਉਥੇ ਹੀ ਯੋਜਨਾ ਤਹਿਤ ਕਰਮਚਾਰੀਆਂ ਨੂੰ ਲੰਬਿਤ ਤਨਖਾਹ ਜਾਰੀ ਹੋਵੇ। ਇਹ ਪੈਸਾ ਗਲਤੀ ਕਰਨ ਵਾਲੇ ਜ਼ਿੰਮੇਵਾਰ ਕਰਮਚਾਰੀਆਂ ਦੀ ਜੇਬ ਤੋਂ ਵੀ ਵਸੂਲਿਆ ਜਾਵੇ।

ਮਿਲੀ ਜਾਣਕਾਰੀ ਅਨੁਸਾਰ ਇਸ ਪਟੀਸ਼ਨ 'ਚ ਕਿਹਾ ਗਿਆ ਹੈ ਕਿ ਸਾਲ 2005 ਵਿੱਚ ਕੇਂਦਰ ਸਰਕਾਰ ਨੇ ਮਹਾਤਮਾ ਗਾਂਧੀ ਨੈਸ਼ਨਲ ਰੂਰਲ ਇੰਪਲਾਈਮੈਂਟ ਗਾਰੰਟੀ, ਐਕਟ (ਮਨਰੇਗਾ) ਸ਼ੁਰੂ ਕੀਤਾ ਸੀ। ਪਟੀਸ਼ਨ ਕਰਤਾ ਐੱਸ ਸੀ ਕੈਟਾਗਰੀ ਨਾਲ ਸੰਬੰਧਤ ਹੈ ਅਤੇ ਕਰਮਚਾਰੀਆਂ ਦੇ ਅਧਿਕਾਰਾਂ ਲਈ ਲੜਦਾ ਰਿਹਾ ਹੈ। ਪਟੀਸ਼ਨ ਮੁਤਾਬਕ ਫਿਰੋਜ਼ਪੁਰ ਜ਼ਿਲ੍ਹੇ ਵਿੱਚ ਮਨਰੇਗਾ ਦੇ ਜ਼ਿਆਦਾਤਰ ਕਰਮਚਾਰੀ ਐੱਸ ਸੀ ਕੈਟਾਗਰੀ ਦੇ ਹਨ ਅਤੇ ਉਨ੍ਹਾਂ ਨੂੰ ਕੰਮ ਨਾ ਦੇ ਕੇ ਉਨ੍ਹਾਂ ਦਾ ਸ਼ੋਸ਼ਣ ਹੋ ਰਿਹਾ ਹੈ। ਜੇ ਉਨ੍ਹਾਂ ਨੂੰ ਕਮ ਮਿਲਦਾ ਹੈ ਤਾਂ ਅਦਾਇਗੀ ਦਾ ਭੁਗਤਾਨ ਨਹੀਂ ਹੋ ਰਿਹਾ। ਹਾਈ ਕੋਰਟ ਨੇ ਮਾਮਲੇ ਵਿੱਚ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰਦੇ ਹੋਏ 29 ਨਵੰਬਰ ਤੱਕ ਜਵਾਬ ਮੰਗਿਆ ਹੈ।

# ਸਾਬਕਾ ਕੇਂਦਰੀ ਮੰਤਰੀ ਹਰਮੋਹਨ ਧਵਨ ਆਪ ਪਾਰਟੀ ਨਾਲ ਜਾਣ ਲੱਗੇ

ਚੰਡੀਗੜ੍ਹ, 13 ਨਵੰਬਰ (ਪੋਸਟ ਬਿਊਰੋ)- ਸੀਨੀਅਰ ਭਾਜਪਾ ਆਗੂ ਹਰਮੋਹਨ ਧਵਨ ਨੇ ਪਾਰਟੀ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਜਾਣ ਦਾ ਫੈਸਲਾ ਕਰ ਲਿਆ ਹੈ, ਇਸ ਦਾ ਅਧਿਕਾਰਤ ਐਲਾਨ ਆਮ ਆਦਮੀ ਪਾਰਟੀ ਦੇ ਕੌਮੀ ਆਗੂ ਅਤੇ ਧਵਨ ਉਨ੍ਹਾਂ ਦੇ ਘਰ ਰੱਖੇ 18 ਨਵੰਬਰ ਦੇ ਪ੍ਰੋਗਰਾਮ 'ਚ ਕਰਨਗੇ।

ਉਂਜ ਇਸ ਬਾਰੇ ਕੱਲ੍ਹ ਆਮ ਆਦਮੀ ਪਾਰਟੀ ਨੇ ਰਸਮੀ ਐਲਾਨ ਕਰ ਦਿੱਤਾ ਹੈ। 18 ਨਵੰਬਰ ਨੂੰ ਹਰਮੋਹਨ ਧਵਨ ਆਮ ਆਦਮੀ ਪਾਰਟੀ ਦੇ ਵੱਡੇ ਨੇਤਾਵਾਂ ਦੀ ਹਾਜ਼ਰੀ 'ਚ ਝਾੜੂ ਚੁੱਕਣਗੇ। ਦਿਲਚਸਪ ਗੱਲ ਇਹ ਹੈ ਕਿ ਸਾਬਕਾ ਕੇਂਦਰੀ ਮੰਤਰੀ ਤੇ ਚੰਡੀਗੜ੍ਹ ਦੇ ਸਾਬਕਾ ਲੋਕ ਸਭਾ ਮੈਂਬਰ ਹਰਮੋਹਨ ਧਵਨ ਨੇ ਸੱਤਵੀਂ ਵਾਰ ਪਾਰਟੀ ਬਦਲਣੀ ਹੈ। ਉਹ ਸਾਬਕਾ ਪ੍ਰਧਾਨ ਮੰਤਰੀ ਚੰਦਰ ਸ਼ੇਖਰ ਦੀ ਚਾਰ ਮਹੀਨੇ ਚੱਲੀ ਸਰਕਾਰ 'ਚ ਮੰਤਰੀ ਰਹੇ ਤੇ ਸਿਆਸੀ ਵਜੂਦ ਬਚਾਉਣ ਲਈ ਪਾਰਟੀਆਂ ਬਦਲਦੇ ਰਹੇ ਹਨ। ਸਾਲ 2014 'ਚ ਲੋਕ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ ਵਿੱਚ ਆਏ, ਪਰ ਟਿਕਟ ਨਾ ਮਿਲੀ। ਕੇਂਦਰ ਵਿੱਚ ਭਾਜਪਾ ਸਰਕਾਰ ਬਣਨ ਦੇ ਬਾਅਦ ਰਾਜਪਾਲ ਬਣਾਉਣ ਦੀ ਚਰਚਾ ਰਹੀ, ਪਰ ਕੁਝ ਹੱਥ ਨਹੀਂ ਲੱਗਾ।

# ਨਿੱਜੀ ਖੰਡ ਮਿੱਲਾਂ ਪ੍ਰਤੀ ਸਰਕਾਰ ਦੇ ਢਿੱਲੇ ਵਿਹਾਰ ਦੇ ਬੱਦਲ ਗੰਨਾ ਕਿਸਾਨਾਂ ਉੱਤੇ ਮੰਡਰਾਉਣ ਲੱਗੇ



ਹੁਸ਼ਿਆਰਪੁਰ, 13 ਨਵੰਬਰ (ਪੋਸਟ ਬਿਊਰੋ)- ਨਿੱਜੀ ਖੰਡ ਮਿੱਲਾਂ ਵੱਲ ਸਰਕਾਰ ਦੇ ਢਿੱਲੇ ਵਿਹਾਰ ਵਾਲੇ ਬੱਦਲ ਗੰਨਾ ਕਿਸਾਨਾਂ 'ਤੇ ਮੰਡਰਾਉਣ ਲੱਗੇ ਹਨ, ਜਿਸ ਬਾਰੇ ਕਿਸਾਨਾਂ 'ਚ ਹਾਹਾਕਾਰ ਮਚੀ ਹੋਈ ਹੈ ਅਤੇ ਉਹ ਸਰਕਾਰ ਨੂੰ ਹਾਈਵੇਜ਼ ਜਾਮ ਕਰਨ ਦੀਆਂ ਚਿਤਾਵਨੀਆਂ ਦੇ ਰਹੇ ਹਨ। ਵਰਨਣ ਯੋਗ ਹੈ ਕਿ ਪੰਜਾਬ ਅੰਦਰ ਚੱਲ ਰਹੀਆਂ ਨਿੱਜੀ ਖੰਡ ਮਿੱਲਾਂ ਦੀ ਸਮਰੱਥਾ ਕੋਆਪਰੇਟਿਵ ਖੰਡ ਮਿੱਲਾਂ ਨਾਲੋਂ ਬਹੁਤ ਵੱਧ ਹੈ, ਜੋ ਲਗਭਗ ਅੱਸੀ ਫੀਸਦੀ ਗੰਨੇ ਦੀ ਪਿੜਾਈ ਕਰਦੀਆਂ ਹਨ, ਜਦ ਕਿ ਸਹਿਕਾਰੀ ਖੰਡ ਮਿੱਲਾਂ ਕਰੀਬ 20 ਫੀਸਦੀ ਗੰਨਾ ਪੀੜਦੀਆਂ ਹਨ।

ਪੰਜਾਬ ਸਰਕਾਰ ਵੱਲੋਂ ਕੋਆਪਰੇਟਿਵ ਖੰਡ ਮਿੱਲਾਂ ਨੂੰ ਚਲਾਉਣ ਦਾ ਉਪਰਾਲਾ ਕੀਤਾ ਜਾਂਦਾ ਹੈ, ਪਰ ਨਿੱਜੀ ਮਿੱਲਾਂ ਵਾਲੇ ਆਪਣੀਆਂ ਸ਼ਰਤਾਂ 'ਤੇ ਅੜੇ ਹੋਣ ਕਰ ਕੇ ਗੰਨਾ ਬਾਂਡ ਨਹੀਂ ਕਰ ਰਹੇ ਹਨ, ਜਿਨ੍ਹਾਂ ਦਾ ਸਰਕਾਰ ਵੱਲੋਂ ਸ਼ਿਕੰਜਾ ਨਹੀਂ ਕੱਸਿਆ ਜਾ ਰਿਹਾ। ਮਿੱਲਾਂ ਵਾਲੇ ਕਹਿੰਦੇ ਹਨ ਕਿ ਖੰਡ ਦਾ ਰੇਟ ਘੱਟ ਹੋਣ ਕਰ ਕੇ ਗੰਨੇ ਦੀ 310 ਰੁਪਏ ਪ੍ਰਤੀ ਕੁਇੰਟਲ ਅਦਾਇਗੀ ਉਹ ਨਹੀਂ ਕਰ ਸਕਦੇ, ਸਿਰਫ 275 ਰੁਪਏ ਦੇ ਸਕਦੇ ਹਨ, ਬਾਕੀ ਸਰਕਾਰ ਦੇਵੇ, ਜਿਵੇਂ ਕੋਆਪਰੇਟਿਵ ਖੰਡ ਮਿੱਲਾਂ ਨੂੰ ਦਿੱਤੀ ਜਾਂਦੀ ਹੈ। ਗੰਨੇ ਦਾ ਪਿੜਾਈ ਸੀਜ਼ਨ ਸਿਰ 'ਤੇ ਹੈ, ਪਰ ਸਰਕਾਰ ਇਸ ਬਾਰੇ ਅਜੇ ਚੁੱਪ ਹੈ, ਜਿਸ ਨੂੰ ਲੈ ਕੇ ਕਿਸਾਨਾਂ ਦੀਆਂ ਚਿੰਤਾ ਵਧ ਰਹੀਆਂ ਹਨ। ਜੇ ਸਰਕਾਰ ਨੇ ਇਸ ਬਾਰੇ ਖਾਮੋਸ਼ੀ ਨਾ ਤੋੜੀ ਤਾਂ ਉਸ ਨੂੰ ਕਿਸਾਨਾਂ ਦੇ ਗੁੱਸੇ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਕਿਉਂਕਿ ਇਸ ਸਾਲ ਗੰਨੇ ਦੀ ਫਸਲ ਪਿਛਲੇ ਸਾਲ ਨਾਲੋਂ ਘੱਟ ਵੱਧ ਹੈ।

ਨਿੱਜੀ ਖੰਡ ਮਿੱਲਾਂ ਵਾਲਿਆਂ ਦੇ ਰੁਖ ਨੂੰ ਦੇਖ ਕੇ ਕਿਸਾਨ ਮਿੰਨੀ ਖੰਡ ਮਿੱਲਾਂ ਵਜੋਂ ਜਾਣੇ ਜਾਂਦੇ ਗੁੜ ਬਣਾਉਣ ਵਾਲੇ ਵੇਲਣਿਆਂ 'ਤੇ ਘੱਟ ਰੇਟ 'ਤੇ ਆਪਣਾ ਗੰਨਾ ਵੇਚਣ ਨੂੰ ਮਜਬੂਰ ਹਨ। ਵੇਲਣਿਆਂ ਵਾਲੇ ਕਿਸਾਨਾਂ ਨੂੰ ਦੋਵਾਂ ਹੱਥਾਂ ਨਾਲ ਲੁੱਟ ਰਹੇ ਹਨ, ਜੋ ਕਿ ਪ੍ਰਤੀ ਕੁਇੰਟਲ 200 ਜਾਂ 220 ਰੁਪਏ ਤੋਂ ਵੱਧ ਰੇਟ ਨਹੀਂ ਦੇ ਰਹੇ।

# ਬਾਜਵਾ ਕਹਿੰਦੈ, ਕੈਪਟਨ ਸਰਕਾਰ ਆਸਾਂ ਉਤੇ ਖਰੀ ਨਹੀਂ ਉਤਰੀ



ਚੰਡੀਗੜ੍ਹ, 13 ਨਵੰਬਰ (ਪੋਸਟ ਬਿਊਰੋ)- ਰਾਜ ਸਭਾ ਮੈਂਬਰ ਅਤੇ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਇੱਕ ਵਾਰ ਫਿਰ ਆਪਣੀ ਹੀ ਸਰਕਾਰ ਨੂੰ ਕਟਹਿਰੇ ਵਿੱਚ ਖੜ੍ਹਾ ਕਰ ਦਿੱਤਾ ਹੈ। ਇੱਕ ਨਿਊਜ਼ ਚੈਨਲ ਨੂੰ ਦਿੱਤੀ ਇੰਟਰਵਿਊ ਵਿੱਚ ਉਨ੍ਹਾਂ ਕਿਹਾ, ਅਸੀਂ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਨਹੀਂ ਉਤਰ ਸਕੇ। ਉਨ੍ਹਾਂ ਨੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੀ ਕਾਰਜ ਪ੍ਰਣਾਲੀ 'ਤੇ ਸਵਾਲ ਉਠਾਉਂਦੇ ਹੋਏ ਕਿਹਾ ਕਿ ਮਨਪ੍ਰੀਤ ਸਿੰਘ ਚੋਣ ਐਲਾਨ ਪੱਤਰ ਕਮੇਟੀ ਦੇ ਮੁਖੀ ਸਨ। ਉਨ੍ਹਾਂ ਨੇ ਲੋਕਾਂ ਨੂੰ ਭਰੋਸਾ ਦਿੱਤਾ ਸੀ ਕਿ ਅਕਾਲੀ-ਭਾਜਪਾ ਸਰਕਾਰ ਦੇ ਮੰਤਰੀਆਂ ਤੇ ਨੇਤਾਵਾਂ ਵੱਲੋਂ ਦਸ ਸਾਲਾਂ ਵਿੱਚ ਫੈਲਾਏ ਭ੍ਰਿਸ਼ਟਾਚਾਰ ਦਾ ਬਿਓਰਾ ਲੋਕਾਂ ਨੂੰ ਦਿੱਤਾ ਜਾਏਗਾ, ਪਰ ਹਾਲੇ ਤੱਕ ਅਕਾਲੀ-ਭਾਜਪਾ ਨੇਤਾਵਾਂ ਦੇ ਬਾਰੇ ਵ੍ਹਾਈਟ ਪੇਪਰ ਨਹੀਂ ਬਣਾ ਸਕੇ। ਉਨ੍ਹਾਂ ਨੇ ਮਨਪ੍ਰੀਤ ਸਿੰਘ ਬਾਦਲ ਨੂੰ ਨਸੀਹਤ ਦਿੱਤੀ ਕਿ 25 ਤੋਂ 30 ਫੀਸਦੀ ਨੌਜਵਾਨਾਂ ਨੂੰ ਸਮਾਰਟਫੋਨ ਜ਼ਰੂਰ ਦੇਣੇ ਚਾਹੀਦੇ ਹਨ। ਵਾਅਦੇ ਨਿਭਾਉਣੇ ਹੀ ਪੈਣਗੇ।

ਬਾਜਵਾ ਨੇ ਮੰਨਿਆ ਕਿ ਉਨ੍ਹਾਂ ਨੇ ਕਾਂਗਰਸ ਲੀਡਰਸ਼ਿਪ ਵੱਲੋਂ ਭਰੋਸਾ ਦਿਵਾਉਣ ਦੇ ਬਾਅਦ ਪੰਜਾਬ ਦੇ ਸਰੋਤਾਂ ਨੂੰ ਲੁੱਟਣ ਵਾਲਿਆਂ ਨੂੰ ਜੇਲ੍ਹਾਂ ਵਿੱਚ ਭੇਜਣ ਦੀ ਗੱਲ ਕਹੀ ਸੀ। ਉਹ ਅੱਜ ਵੀ ਆਪਣੀ ਗੱਲ 'ਤੇ ਕਾਇਮ ਹਨ। ਬਾਦਲ ਪਿਤਾ-ਪੁੱਤਰ ਨੂੰ ਐੱਸ ਆਈ ਟੀ ਵੱਲੋਂ ਸੰਮਨ ਜਾਰੀ ਕਰਨ 'ਤੇ ਬਾਜਵਾ ਨੇ ਕਿਹਾ ਕਿ ਕੈਪਟਨ ਨੇ ਚੋਣਾਂ ਦੌਰਾਨ ਗੁਟਕਾ ਸਾਹਿਬ ਹੱਥ ਵਿੱਚ ਲੈ ਕੇ ਲੋਕਾਂ ਨੂੰ ਭਰੋਸਾ ਦਿੱਤਾ ਸੀ ਕਿ ਬੇਅਦਬੀ ਮਾਮਲਿਆਂ ਵਿੱਚ ਦੋਸ਼ੀਆਂ ਨੂੰ ਜੇਲ੍ਹ ਭੇਜਿਆ ਜਾਏਗਾ। ਸਮਾਂ ਆ ਗਿਆ ਹੈ ਕਿ ਦੋਸ਼ੀਆਂ ਨੂੰ ਸਲਾਖਾਂ ਦੇ ਪਿੱਛੇ ਭੇਜਿਆ ਜਾਏ।

ਇਸ ਦੌਰਾਨ ਬਾਜਵਾ ਨੇ ਕਿਹਾ ਕਿ 2019 ਦੀ ਚੋਣ ਜੰਗ ਦਿਲਚਸਪ ਹੋਵੇਗੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਭਾਜਪਾ ਪ੍ਰਧਾਨ ਅਮਿਤ ਸ਼ਾਹ ਕਿਸੇ ਵੀ ਹੱਦ ਤੱਕ ਜਾ ਸਕਦੇ ਹਨ। ਇਸ ਲਈ ਕਾਂਗਰਸ ਹਾਈ ਕਮਾਨ ਨੂੰ ਆਪਣੀਆਂ ਸਭ ਤੋਪਾਂ ਅਤੇ ਅਰਬੀ ਘੋੜੇ ਮੈਦਾਨ ਵਿੱਚ ਉਤਾਰਨੇ ਪੈਣਗੇ। ਉਨ੍ਹਾਂ ਨੇ ਕਿਹਾ ਕਿ ਜੇ ਰਾਹੁਲ ਗਾਂਧੀ ਨੇ ਉਨ੍ਹਾਂ ਨੂੰ ਇਸ਼ਾਰਾ ਕੀਤਾ ਤਾਂ ਉਹ ਵੀ ਚੋਣ ਲੜਨ ਲਈ ਤਿਆਰ ਹਨ।

# ਸਿਰਸੇ ਵਾਲਿਆਂ ਦੇ ਪ੍ਰੇਮੀ ਜਿੰਮੀ ਨੇ ਇਸ਼ਾਰਾ ਕਰ ਕੇ ਕਿਹਾ, ਉਥੇ ਸੁੱਟੇ ਸੀ ਪਾਵਨ ਬੀੜ ਦੇ ਅੰਗ




ਭਗਤਾ ਭਾਈਕਾ/ ਜਗਰਾਓਂ, 13 ਨਵੰਬਰ (ਪੋਸਟ ਬਿਊਰੋ)- ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲੇ ਕੁਝ ਡੇਰਾ ਪ੍ਰੇਮੀਆਂ ਨੂੰ ਕੱਲ੍ਹ ਐਸ ਆਈ ਟੀ ਪਿੰਡ ਗੁਰੂਸਰ ਤੇ ਭਗਤਾ ਭਾਈਕਾ ਲੈ ਕੇ ਆਈ ਅਤੇ ਜਾਂਚ ਕੀਤੀ।

ਐਸ ਆਈ ਟੀ ਵਿੱਚ ਸ਼ਾਮਲ ਇੰਸਪੈਕਟਰ ਦਲਵੀਰ ਸਿੰਘ ਦੀ ਅਗਵਾਈ ਹੇਠ ਡੇਰਾ ਪ੍ਰੇਮੀ ਜਤਿੰਦਰਵੀਰ ਅਰੋੜਾ ਉਰਫ ਜਿੰਮੀ, ਕੁਲਦੀਪ ਸਿੰਘ, ਦਲਜੀਤ ਸਿੰਘ ਤੇ ਸੁਖਮੰਦਰ ਸਿੰਘ ਨੂੰ ਪਹਿਲਾਂ ਦਿਆਲਪੁਰਾ ਥਾਣੇ ਲੈ ਕੇ ਆਈ, ਜਿਥੋਂ ਐਸ ਐਚ ਓ ਹਰਜੀਤ ਸਿੰਘ ਮਾਨ ਸਮੇਤ ਪੁਲਸ ਸਭ ਤੋਂ ਪਹਿਲਾਂ ਪਿੰਡ ਗੁਰੂਸਰ ਪੁੱਜੀ, ਜਿਥੇ ਗੁਰੂ ਗ੍ਰੰਥ ਸਾਹਿਬ ਦੇ ਅੰਗ ਖੰਡਿਤ ਕਰਕੇ ਸੁੱਟੇ ਗਏ ਸਨ। ਇਸ ਤੋਂ ਬਾਅਦ ਭਗਤਾ ਭਾਈਕਾ ਵਿੱਚ ਉਨ੍ਹਾਂ ਤਿੰਨ ਥਾਵਾਂ 'ਤੇ ਵੀ ਡੇਰਾ ਪ੍ਰੇਮੀਆਂ ਨੂੰ ਲਿਜਾਇਆ ਗਿਆ, ਜਿਥੇ ਗੁਟਕਾ ਸਾਹਿਬ ਦੀ ਬੇਅਦਬੀ ਕੀਤੀ ਗਈ ਸੀ। ਪਿੰਡ ਗੁਰੂਸਰ ਵਿੱਚ ਡੇਰਾ ਪ੍ਰੇਮੀਆਂ ਨੂੰ ਗੱਡੀ ਵਿੱਚੋਂ ਉਤਾਰਿਆ ਤਾਂ ਉਹ ਪੁਲਸ ਟੀਮ ਨੂੰ ਘਟਨਾ ਵਾਲੇ ਥਾਂ ਲੈ ਗਏ। ਇਥੇ ਡੇਰਾ ਪ੍ਰੇਮੀਆਂ ਨੇ ਇਸ਼ਾਰਾ ਕਰਕੇ ਕਿਹਾ ਕਿ ਇਥੇ ਗੁਰੂ ਦੇ ਅੰਗ ਸੁੱਟੇ ਸਨ। ਉਹ ਡੇਰਾ ਪ੍ਰੇਮੀ ਗੁਰੂ ਗ੍ਰੰਥ ਸਾਹਿਬ ਦੇ ਅੰਗ ਪਿੰਡ ਦੀ ਫਿਰਨੀ ਤੋਂ ਸੁੱਟਦੇ ਹੋਏ ਪਿੰਡ ਵਿੱਚ ਬਣੇ ਥੜ੍ਹੇ 'ਤੇ ਪਹੁੰਚ ਗਏ, ਜਿਥੇ ਬਾਕੀ ਬਚਦੇ ਅੰਗ ਉਨ੍ਹਾਂ ਪਾੜ ਕੇ ਥੜ੍ਹੇ ਉਪਰ ਸੁੱਟੇ ਸਨ। ਦੋਸ਼ੀਆਂ ਨੇ ਗੁਰੂ ਸਾਹਿਬ ਦੇ ਅੰਗ ਉਨ੍ਹਾਂ ਥਾਵਾਂ 'ਤੇ ਖਿਲਾਰੇ ਜਿਥੇ ਲੋਕਾਂ ਨੂੰ ਜਲਦੀ ਪਤਾ ਲੱਗ ਸਕੇ। ਐਸ ਐਸ ਪੀ ਡਾ. ਨਾਨਕ ਸਿੰਘ ਦਾ ਕਹਿਣਾ ਸੀ ਕਿ ਬੇਅਦਬੀ ਦੇ ਦੋਸ਼ ਹੇਠ ਗ੍ਰਿਫਤਾਰ ਕੀਤੇ ਗਏ ਡੇਰਾ ਪ੍ਰੇਮੀਆਂ ਨੂੰ ਘਟਨਾ ਸਥਾਨ 'ਤੇ ਲਿਆ ਕੇ ਪੁੱਛਗਿੱਛ ਕੀਤੀ ਗਈ ਹੈ ਕਿ ਉਨ੍ਹਾਂ ਕਿਸ ਤਰ੍ਹਾਂ ਜੁਰਮ ਕੀਤਾ ਹੈ।

JEYA
LOOKING FOR LONG/SHORT HAULS
Hiring Team Drivers & Single drivers
DEDICATED A/Z DRIVERS FOR USA/LOCAL CANADA
- Jeya Transport ਵਾਲਿਆਂ ਨੂੰ US/CANADA ਲਈ A/Z ਡਰਾਈਵਰਾਂ ਦੀ ਲੋੜ
- Texas ਅਤੇ Midwest ਦੇ ਡੈਡੀਕੇਟਡ ਰਨ
- 2016-18 ਦੇ Automatic ਅਤੇ Manual Cascadia ਦੇ ਟਰੱਕ
- ਚੰਗੀ ਜੋਬ ਅਤੇ ਵਧੀਆ ਤਨਖਾਹ, ਵਧੀਆ ਮਾਈਲਜ਼ ਪਿਕਅਪ ਅਤੇ ਡਰਾਪ ਇੱਕੋ ਥਾਂ ਤੇ
- ਸਿੰਗਲ ਡਰਾਇਵਰਾਂ ਨੂੰ 0.60 ਸੈਂਟ ਪਰ ਮਾਇਲ, ਟੀਮ ਡਰਾਇਵਰਾਂ ਨੂੰ 0.66 ਸੈਂਟ
- Looking For dedicated A/Z Drivers For USA/Local Canada
- Every Pick up and Drop off is in the same place
- Good Job, Per Mile 0.60 Cents for single drivers & 0.66 Cents for team drivers
- New Trucks And Trailers 2016-2018

ALSO HIRING OWNER OPERATORS




202-2386 Haines Rd., Mississauga ON.
Sakshi: 647-534-5770 | Riki: 647-963-7131
Office: 905-564-8851
Email: ramesh@jeyatransport.com/sakshi@jeyatransport.com

PLATINUM MORTGAGES
FOR ALL MORTGAGE NEEDS
QUICK MORTGAGE ARRANGEMENT
2ND MORTGAGE
- NO CREDIT CHECK
- NO APPLICATION FEE
- NO JOB INCOME VERIFICATION
- NO PROBLEM

1ST MORTGAGE Starting from 2.59 % OAC

SPECIAL RATES FOR REFINANCING
Professional & Quality Service Guaranteed




Kanwaljit S. Dhunna
Mortgage broker
416.301.1976
Email: kdhunna62@gmail.com
Lic # 11992 FSCO # M08002472

- 1st & 2nd Mortgages
- Refinancing & Renewal
- Line of Credit
- Debt Consolidation
- Self Employed
- Truck Loan
- Equipment Leasing
- Bad Credit

5 CHERRYCREST DR. #206 BRAMPTON L6P 3W4





## ਭਾਰਤ ਵਿੱਚ ਕਾਰ ਚਾਰਜਿੰਗ ਸਟੇਸ਼ਨ ਕੋਈ ਵੀ ਸ਼ੁਰੂ ਕਰ ਸਕੇਗਾ

ਨਵੀਂ ਦਿੱਲੀ, 13 ਨਵੰਬਰ (ਪੋਸਟ ਬਿਊਰੋ)- ਸਾਲ 2030 ਤੱਕ ਦੇਸ਼ ਦੀ ਸੜਕਾਂ 'ਤੇ ਪੈਸੇਂਜਰ ਕਾਰਾਂ ਵਿੱਚ ਬਿਜਲੀ ਨਾਲ ਚੱਲਣ ਵਾਲੀਆਂ ਕਾਰਾਂ ਦੀ ਗਿਣਤੀ 50 ਫੀਸਦੀ ਤੱਕ ਪਹੁੰਚਾਉਣ ਦਾ ਟੀਚਾ ਲੈ ਕੇ ਚੱਲ ਰਹੀ ਕੇਂਦਰ ਸਰਕਾਰ ਇਸ ਖੇਤਰ ਵਿੱਚ ਕ੍ਰਾਂਤੀਕਾਰੀ ਫੈਸਲਾ ਕਰਨ ਵਾਲੀ ਹੈ। ਇਸ ਹੇਠ ਕੁਝ ਆਸਾਨ ਨਿਯਮਾਂ ਅਤੇ ਸੁਰੱਖਿਆ ਸ਼ਰਤਾਂ ਦਾ ਪਾਲਣ ਕਰਨ ਲਈ ਤਿਆਰ ਹਰ ਵਿਅਕਤੀ ਇਲੈਕਟ੍ਰਿਕ ਕਾਰ ਚਾਰਜਿੰਗ ਯੂਨਿਟ ਲਾ ਸਕੇਗਾ। ਸਰਕਾਰ ਨੂੰ ਆਸ ਹੈ ਕਿ ਇਸ ਕਦਮ ਨਾਲ ਇਲੈਕਟ੍ਰਿਕ ਕਾਰ ਦੀ ਚਾਰਜਿੰਗ ਨਾਲ ਜੁੜੀਆਂ ਔਕੜਾਂ ਨੂੰ ਦੂਰ ਕੀਤਾ ਜਾ ਸਕੇਗਾ।

ਇਹ ਜਾਣਕਾਰੀ ਬਿਜਲੀ ਮੰਤਰੀ ਆਰ ਕੇ ਸਿੰਘ ਨੇ ਐਤਵਾਰ ਨੂੰ ਅੰਤਰਰਾਸ਼ਟਰੀ ਸੈਮੀਨਾਰ ਇੰਸਪਾਇਰ 2018 ਦਾ ਉਦਘਾਟਨ ਕਰਦੇ ਹੋਈ ਦਿੱਤੀ। ਉਨ੍ਹਾਂ ਨੇ ਦੱਸਿਆ ਸਰਕਾਰ ਵੱਲੋਂ ਇਲੈਕਟ੍ਰਿਕ ਵਾਹਨਾਂ ਦੀ ਚਾਰਜਿੰਗ ਸਹੂਲਤਾਂ ਲਾਏ ਜਾਣ ਬਾਰੇ ਇੱਕ ਨੋਟ ਤਿਆਰ ਕੀਤਾ ਗਿਆ ਹੈ। ਇਸ ਉਤੇ ਸਾਰੇ ਮੰਤਰਾਲਿਆਂ ਨਾਲ ਸਲਾਹ ਮਸ਼ਵਰਾ ਹੋ ਰਿਹਾ ਹੈ। ਇਸ ਦੇ ਤਹਿਤ ਜੋ ਨੀਤੀ ਬਣਾਈ ਜਾਏਗੀ, ਉਸ ਦਾ ਮਕਸਦ ਇਹ ਹੋਵੇਗਾ ਕਿ ਵਪਾਰਕ ਵਰਤੋਂ ਲਈ ਚਾਰਜਿੰਗ ਯੂਨਿਟ ਸ਼ੁਰੂ ਕਰਨ ਵਿੱਚ ਕਿਸੇ ਨੂੰ ਦਿੱਕਤ ਨਾ ਹੋਵੇ। ਇਸ ਦੇ ਲਈ ਲਾਇਸੈਂਸ ਦੀ ਲੋੜ ਨਹੀਂ ਹੋਵੇਗੀ ਬਲਕਿ ਤੈਅ ਸਰਕਾਰੀ ਨਿਯਮਾਂ ਦਾ ਪਾਲਣ ਕਰਨਾ ਹੋਵੇਗਾ। ਉਨ੍ਹਾਂ ਨੇ ਕਿਹਾ ਕਿ ਸਰਕਾਰੀ ਤੇਲ ਕੰਪਨੀਆਂ ਦੇ ਪੈਟਰੋਲ ਸਟੇਸ਼ਨਾਂ 'ਤੇ ਇਲੈਕਟ੍ਰਿਕ ਕਾਰ ਚਾਰਜਿੰਗ ਯੂਨਿਟ ਖੋਲ੍ਹਣ ਦੇ ਬਾਰੇ ਪੈਟਰੋਲੀਅਮ ਮੰਤਰਾਲੇ ਨਾਲ ਗੱਲ ਹੋ ਰਹੀ ਹੈ। ਚਾਰਜਿੰਗ ਸਟੇਸ਼ਨ 'ਤੇ ਨੀਤੀ ਆਯੋਗ ਵੱਲੋਂ ਗਠਿਤ ਕਮੇਟੀ ਦੀਆਂ ਸਿਫਾਰਸ਼ਾਂ ਦੇ ਆਧਾਰ 'ਤੇ ਇਹ ਨੋਟ ਤਿਆਰ ਕੀਤਾ ਗਿਆ ਹੈ। ਇਸ ਕਮੇਟੀ ਨੇ ਕਿਹਾ ਹੈ ਕਿ ਇਲੈਕਟ੍ਰੋਨਿਕ ਕਾਰਾਂ ਨੂੰ ਵਧਾਉਣ ਲਈ 'ਲਾਇਸੈਂਸ ਰਾਜ' ਨੂੰ ਘੱਟ ਤੋਂ ਘੱਟ ਰੱਖਣਾ ਹੋਵੇਗਾ। ਇਸ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਦੇਸ਼ ਵਿੱਚ ਭਾਰੀ ਗਿਣਤੀ ਵਿੱਚ ਚਾਰਜਿੰਗ ਸਟੇਸ਼ਨ ਸ਼ੁਰੂ ਕੀਤੇ ਬਗੈਰ ਲੋਕਾਂ ਨੂੰ ਇਲੈਕਟ੍ਰਿਕ ਕਾਰ ਖਰੀਦਣ ਲਈ ਤਿਆਰ ਨਹੀਂ ਕੀਤਾ ਜਾ ਸਕਦਾ।

# ਸੁਪਰੀਮ ਕੋਰਟ ਵੱਲੋਂ ਰਾਮ ਜਨਮ ਭੂਮੀ ਕੇਸ ਦੀ ਛੇਤੀ ਸੁਣਵਾਈ ਤੋਂ ਨਾਂਹ

ਨਵੀਂ ਦਿੱਲੀ, 13 ਨਵੰਬਰ (ਪੋਸਟ ਬਿਊਰੋ)- ਅਯੁੱਧਿਆ ਵਿੱਚ ਰਾਮ ਜਨਮ ਭੂਮੀ ਕੇਸ ਦੀ ਛੇਤੀ ਸੁਣਵਾਈ ਕਰਨ ਦੀ ਮੰਗ ਸੁਪਰੀਮ ਕੋਰਟ ਨੇ ਕੱਲ੍ਹ ਠੁਕਰਾ ਦਿੱਤੀ। ਕੋਰਟ ਨੇ ਮੰਗ ਰੱਦ ਕਰਦੇ ਹੋਏ ਕਿਹਾ ਕਿ ਉਹ ਪਹਿਲਾਂ ਇਸ ਬਾਰੇ ਹੁਕਮ ਦੇ ਚੁੱਕੀ ਹੈ। ਇਹ ਗੱਲ ਚੀਫ ਜਸਟਿਸ ਰੰਜਨ ਗੋਗੋਈ ਅਤੇ ਜਸਟਿਸ ਸੰਜੇ ਕਿਸ਼ਨ ਕੌਲ ਦੇ ਬੈਂਚ ਨੇ ਅਖਿਲ ਭਾਰਤ ਹਿੰਦੂ ਮਹਾਸਭਾ ਦੇ ਵਕੀਲ ਵਰੁਣ ਕੁਮਾਰ ਸਿਨਹਾ ਦੀ ਮੰਗ ਠੁਕਰਾਉਂਦੇ ਹੋਏ ਕਹੀ।

ਇਸ ਹੁਕਮ ਤੋਂ ਪਹਿਲਾਂ ਵਕੀਲ ਵਰੁਣ ਕੁਮਾਰ ਸਿਨਹਾ ਨੇ ਚੀਫ ਜਸਟਿਸ ਦੇ ਬੈਂਚ ਸਾਹਮਣੇ ਆਪਣੀ ਅਰਜ਼ੀ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਅਯੁੱਧਿਆ ਰਾਮ ਜਨਮ ਭੂਮੀ ਕੇਸ ਬਹੁਤ ਮਹੱਤ ਵਪੂਰਨ ਹੈ, ਇਸ ਲਈ ਕੋਰਟ ਇਸ ਉਤੇ ਜਨਵਰੀ ਦੇ ਪਹਿਲੇ ਹਫ਼ਤੇ ਤੋਂ ਪਹਿਲਾਂ ਸੁਣਵਾਈ ਕਰੇ। ਇਨ੍ਹਾਂ ਦਲੀਲਾਂ 'ਤੇ ਕੋਰਟ ਨੇ ਕਿਹਾ ਕਿ ਇਸ ਬਾਰੇ ਉਹ ਪਹਿਲਾਂ ਆਦੇਸ਼ ਦੇ ਚੁੱਕੀ ਹੈ, ਪਰ ਜਦੋਂ ਸਿਨਹਾ ਬਰਾਬਰ ਛੇਤੀ ਸੁਣਵਾਈ ਦੀ ਮੰਗ ਕਰਦੇ ਰਹੇ ਤਾਂ ਕੋਰਟ ਨੇ ਇਕ ਸ਼ਬਦ ਵਿਚ ਉਨ੍ਹਾਂ



ਦੀ ਮੰਗ ਰੱਦ ਕਰ ਦਿੱਤੀ। ਅਖਿਲ ਭਾਰਤ ਹਿੰਦੂ ਮਹਾਸਭਾ ਨੇ ਸੁਪਰੀਮ ਕੋਰਟ ਵਿਚ ਨਵੀਂ ਅਰਜ਼ੀ ਦਾਖ਼ਲ ਕੀਤੀ ਸੀ, ਜਿਸ ਵਿਚ ਕੋਰਟ ਤੋਂ ਰਾਮ ਜਨਮ ਭੂਮੀ ਕੇਸ ਦੀ ਛੇਤੀ ਸੁਣਵਾਈ ਦੀ ਬੇਨਤੀ ਕੀਤੀ ਗਈ ਸੀ। ਅਰਜ਼ੀ ਵਿਚ ਕੋਰਟ ਦੇ 2017 ਦੇ ਉਸ ਆਦੇਸ਼ ਦਾ ਹਵਾਲਾ ਵੀ ਨਾਲ ਦਿੱਤਾ ਗਿਆ ਸੀ, ਜਿਸ ਵਿਚ ਕੋਰਟ ਨੇ ਸਭ ਧਿਰਾਂ ਨੂੰ ਕੇਸ ਨਾਲ ਜੁੜੇ ਦਸਤਾਵੇਜ਼ਾਂ ਦੇ ਲੈਣ-ਦੇਣ ਦਾ ਕੰਮ ਪੂਰਾ ਕਰਕੇ ਇਸ ਬਾਰੇ ਨੂੰ 5 ਦਸੰਬਰ 2017 ਤੋਂ ਨਿਯਮਿਤ ਸੁਣਵਾਈ ਕਰਨ ਬਾਰੇ ਆਦੇਸ਼ ਦਿੱਤਾ ਸੀ। 29 ਅਕਤੂਬਰ ਨੂੰ ਕੋਰਟ ਨੇ ਰਾਮ ਜਨਮ ਭੂਮੀ ਕੇਸ ਦੀਆਂ ਸਾਰੀਆਂ ਅਪੀਲਾਂ ਨੂੰ ਜਨਵਰੀ ਦੇ ਪਹਿਲੇ ਹਫ਼ਤੇ ਵਿਚ ਸੁਣਵਾਈ ਦੀ ਤਰੀਕ ਤੈਅ ਕਰਨ ਲਈ ਲਾਉਣ ਦਾ ਆਦੇਸ਼ ਦੇ ਦਿੱਤਾ ਸੀ।

ਉੱਤਰ ਪ੍ਰਦੇਸ਼ ਸਰਕਾਰ ਵੱਲੋਂ ਪੇਸ਼ ਹੋਏ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਉਸੇ ਦਿਨ ਕੋਰਟ ਨੂੰ ਕਿਹਾ ਸੀ ਕਿ ਕੇਸ ਦੀ ਗੰਭੀਰਤਾ ਅਤੇ ਲੰਬੇ ਸਮੇਂ ਤੋਂ ਅਪੀਲਾਂ 'ਤੇ ਸੁਣਵਾਈ ਪੈਂਡਿੰਗ ਹੋਣ ਕਾਰਨ ਛੇਤੀ ਸੁਣਵਾਈ ਹੋਣੀ ਚਾਹੀਦੀ ਹੈ। ਉਨ੍ਹਾਂ ਦੀਵਾਲੀ ਦੀ ਛੁੱਟੀ ਦੇ ਤੁਰੰਤ ਬਾਅਦ ਸੁਣਵਾਈ ਕਰਨ ਦੀ ਬੇਨਤੀ ਕੀਤੀ ਸੀ। ਰਾਮ-ਲਲਾ ਦੇ ਵਕੀਲ ਸੀ ਐੱਸ ਵੈਦਨਾਥਨ ਨੇ ਵੀ ਕੋਰਟ ਨੂੰ ਨਵੰਬਰ ਵਿੱਚ ਸੁਣਵਾਈ ਦੀ ਬੇਨਤੀ ਕੀਤੀ, ਪਰ ਬੈਂਚ ਨੇ ਦੋਵਾਂ ਦੀ ਮੰਗ ਠੁਕਰਾ ਦਿੱਤੀ ਸੀ। ਕੋਰਟ ਨੇ ਕਿਹਾ ਕਿ ਹਾਲੇ ਉਹ ਸਿਰਫ਼ ਕੇਸ ਦੀ ਸੁਣਵਾਈ ਦੀ ਤਰੀਕ ਤੈਅ ਕਰਨ ਲਈ ਇਹ ਜਨਵਰੀ ਦੇ ਪਹਿਲੇ ਹਫ਼ਤੇ ਲਾਉਣ ਦਾ ਆਦੇਸ਼ ਦੇ ਰਹੇ ਹਨ। ਉਦੋਂ ਇਹ ਵੀ ਤੈਅ ਹੋਵੇਗਾ ਕਿ ਕਿਹੜਾ ਬੈਂਚ ਕੇਸ ਦੀ ਸੁਣਵਾਈ ਕਰੇਗਾ।

ਵਰਨਣ ਯੋਗ ਹੈ ਕਿ 27 ਸਤੰਬਰ ਨੂੰ ਸੁਪਰੀਮ ਕੋਰਟ ਨੇ 1994 ਦੇ ਇਸਮਾਈਲ ਫਾਰੂਖੀ ਕੇਸ ਦੌਰਾਨ ਮਸਜਿਦ ਨੂੰ ਇਸਲਾਮ ਦਾ ਅਹਿਮ ਅੰਗ ਨਾ ਮੰਨਣ ਦੇ ਅੰਸ਼ ਮੁੜ ਵਿਚਾਰ ਲਈ ਸੰਵਿਧਾਨਕ ਬੈਂਚ ਨੂੰ ਭੇਜਣ ਦੀ ਮੁਸਲਿਮ ਪੱਖ ਦੀ ਮੰਗ ਬਹੁਮਤ ਨਾਲ ਰੱਦ ਕਰ ਕੇ ਕਿਹਾ ਸੀ ਕਿ ਮੁੱਖ ਕੇਸ ਦੀ ਸੁਣਵਾਈ ਵਿਚ ਕਾਫੀ ਦੇਰ ਹੋ ਚੁੱਕੀ ਹੈ। ਮੁੱਖ ਕੇਸ ਦੀਆਂ ਅਪੀਲਾਂ ਨੂੰ 29 ਅਕਤੂਬਰ ਨੂੰ ਸੁਣਵਾਈ 'ਤੇ ਲਾਇਆ ਜਾਵੇ। ਇਹ ਫ਼ੈਸਲਾ ਪਿਛਲੇ ਚੀਫ ਜਸਟਿਸ ਦੀਪਕ ਮਿਸ਼ਰਾ, ਜਸਟਿਸ ਅਸ਼ੋਕ ਭੂਸ਼ਣ ਅਤੇ ਜਸਟਿਸ ਅਬਦੁੱਲ ਨਜ਼ੀਰ ਦੇ ਬੈਂਚ ਨੇ ਦਿੱਤਾ ਸੀ। ਇਲਾਹਾਬਾਦ ਹਾਈ ਕੋਰਟ ਨੇ ਅਯੁੱਧਿਆ ਰਾਮ ਜਨਮ ਭੂਮੀ ਕੇਸ ਵਿੱਚ 30 ਸਤੰਬਰ 2010 ਨੂੰ ਫ਼ੈਸਲਾ ਕਰਦੇ ਹੋਏ ਵਿਵਾਦਤ ਭੂਮੀ ਨੂੰ ਤਿੰਨ ਬਰਾਬਰ ਹਿੱਸਿਆਂ ਵਿਚ ਵੰਡਣ ਦਾ ਆਦੇਸ਼ ਦਿੱਤਾ ਸੀ।

# ਰਾਜਸਥਾਨ ਦੀ ਭਾਜਪਾ ਵਿੱਚ ਬਗਾਵਤ, ਵਿਧਾਇਕ ਅਸਤੀਫਾ ਦੇਣ ਲੱਗੇ

ਜੈਪੁਰ, 13 ਨਵੰਬਰ (ਪੋਸਟ ਬਿਊਰੋ)- ਰਾਜਸਥਾਨ ਵਿਚ ਭਾਜਪਾ ਨੇ 7 ਦਸੰਬਰ ਨੂੰ ਹੋ ਰਹੀਆਂ ਵਿਧਾਨ ਸਭਾ ਚੋਣਾਂ ਲਈ 131 ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਕੀਤੀ ਤਾਂ ਇਸ ਦੇ ਸਾਹਮਣੇ ਆਉਣ ਦੇ ਇਕ ਦਿਨ ਬਾਅਦ ਪਾਰਟੀ ਤੋਂ ਪੰਜ ਵਾਰ ਵਿਧਾਇਕ ਰਹੇ ਵਸੁੰਧਰਾ ਸਰਕਾਰ ਦੇ ਮੰਤਰੀ ਸੁਰਿੰਦਰ ਗੋਇਲ ਨੇ ਪਾਰਟੀ ਤੋਂ ਅਸਤੀਫਾ ਦੇ ਦਿੱਤਾ ਹੈ। ਇਹੀ ਨਹੀਂ ਉਨ੍ਹਾਂ ਦੇ ਅਸਤੀਫੇ ਦੇ ਨਾਲ 21 ਹੋਰ ਵਿਧਾਇਕਾਂ ਨੇ ਵੀ ਪਾਰਟੀ ਛੱਡਣ ਦੀ ਧਮਕੀ ਦੇ ਦਿੱਤੀ ਹੈ।



ਜਨ ਸਿਹਤ ਇੰਜੀਨੀਅਰਿੰਗ ਅਤੇ ਜਲ ਸਰੋਤ ਮੰਤਰੀ ਸੁਰਿੰਦਰ ਗੋਇਲ ਦੇ ਅਸਤੀਫਾ ਦੇਣ ਪਿੱਛੋਂ ਨਾਗੌਰ ਹਲਕੇ ਤੋਂ ਵਿਧਾਇਕ ਹਬੀਬੁਰ ਰਹਿਮਾਨ ਨੇ ਆਪਣਾ ਅਸਤੀਫਾ ਪਾਰਟੀ ਦੇ ਪ੍ਰਦੇਸ਼ ਪ੍ਰਧਾਨ ਨੂੰ ਈਮੇਲ ਕੀਤਾ ਹੈ। ਪਹਿਲੀ ਸੂਚੀ ਵਿਚ ਆਪਣਾ ਨਾਮ ਨਾ ਵੇਖਣ ਵਾਲੇ ਪਾਰਟੀ ਦੇ ਕਈ ਵਿਧਾਇਕ ਆਜ਼ਾਦ ਚੋਣ ਲੜਨ ਦੀ ਤਿਆਰੀ ਵਿਚ ਹਨ। ਪਾਰਟੀ ਨੇ ਵਿਧਾਨ ਸਭਾ ਚੋਣਾਂ ਲਈ 131 ਵਿਧਾਇਕਾਂ ਦੀ ਪਹਿਲੀ ਸੂਚੀ ਐਤਵਾਰ ਰਾਤ ਜਾਰੀ ਕੀਤੀ, ਜਿਸ ਵਿਚ ਆਪਣੇ ਮੌਜੂਦਾ ਵਿਧਾਇਕਾਂ ਵਿਚੋਂ 85 'ਤੇ ਮੁੜ ਭਰੋਸਾ ਜ਼ਾਹਰ ਕੀਤਾ ਅਤੇ 26 ਨੂੰ ਟਿਕਟ ਨਹੀਂ ਦਿੱਤੀ। ਰਹਿਮਾਨ ਨੇ ਕਿਹਾ, 'ਮੈਂ ਪਾਰਟੀ ਦੀ ਪ੍ਰਾਇਮਰੀ ਮੈਂਬਰਸ਼ਿਪ ਤੋਂ ਅਸਤੀਫਾ ਪਾਰਟੀ ਦੇ ਪ੍ਰਦੇਸ਼ ਪ੍ਰਧਾਨ ਨੂੰ ਭੇਜ ਦਿੱਤਾ ਹੈ। ਮੇਰਾ ਟਿਕਟ ਕੱਟਣ ਨਾਲ ਪਾਰਟੀ ਕਾਰਕੁੰਨਾਂ ਵਿਚ ਨਾਰਾਜ਼ਗੀ ਹੈ। ਇਸ ਲਈ ਮੈਂ ਇਹ ਫੈਸਲਾ ਕੀਤਾ ਹੈ।' ਉਨ੍ਹਾਂ ਕਿਹਾ ਕਿ ਉਹ ਦਿੱਲੀ ਵਿਚ ਹਨ ਤੇ ਆਪਣੇ ਸਮਰਥਕਾਂ ਨਾਲ ਚਰਚਾ ਦੇ ਬਾਅਦ ਭਵਿੱਖ ਦਾ ਫੈਸਲਾ ਕਰਨਗੇ।

ਰਾਮਗੰਜ ਹਲਕੇ ਤੋਂ ਪਾਰਟੀ ਦੀ ਵਿਧਾਇਕ ਚੰਦਰਕਾਂਤਾ ਮੇਘਵਾਲ ਨੇ ਵੀ ਆਜ਼ਾਦ ਉਮੀਦਵਾਰ ਵਜੋਂ ਚੋਣ ਲੜਨ ਦਾ ਐਲਾਨ ਕੀਤਾ ਤੇ ਕਿਹਾ, 'ਮੇਰੀ ਵਿਧਾਨ ਸਭਾ ਸੀਟ ਤੋਂ ਮੇਰੇ ਬਜਾਏ ਕਿਸੇ ਹੋਰ ਨੂੰ ਟਿਕਟ ਦੇ ਦਿੱਤਾ ਹੈ। ਮੈਨੂੰ ਨਹੀਂ ਪਤਾ ਕਿ ਪਾਰਟੀ ਨੇ ਏਦਾਂ ਕਿਉਂ ਕੀਤਾ। ਮੈਂ ਆਪਣੇ ਵਿਧਾਨ ਸਭਾ ਖੇਤਰ ਤੋਂ ਆਜ਼ਾਦ ਉਮੀਦਵਾਰ ਚੋਣ ਲੜਾਂਗੀ।' ਸੋਜਤ ਹਲਕੇ ਤੋਂ ਦੋ ਵਾਰ ਦੀ ਵਿਧਾਇਕ ਸੰਜਨਾ ਆਗਰੀ ਨੇ ਵੀ ਟਿਕਟ ਨਾ ਮਿਲਣ 'ਤੇ ਹੈਰਾਨੀ ਜ਼ਾਹਰ ਕੀਤੀ ਅਤੇ ਕਿਹਾ ਕਿ ਬੀਤੇ 15 ਸਾਲ ਵਿਚ ਅਨੁਸੂਚਿਤ ਜਾਤੀ ਦੇ ਰਵਾਇਤੀ ਵੋਟਰਾਂ ਨੂੰ ਭਾਜਪਾ ਨਾਲ ਜੋੜਨ ਲਈ ਉਨ੍ਹਾਂ ਸਖਤ ਮਿਹਨਤ ਕੀਤੀ ਤੇ ਪਾਰਟੀ ਨੇ ਗਲਤ ਫੈਸਲਾ ਲਿਆ ਹੈ। ਉਨ੍ਹਾਂ ਕਿਹਾ ਕਿ ਪਾਰਟੀ ਦੇ ਇਸ ਫੈਸਲੇ ਨਾਲ ਉਨ੍ਹਾਂ ਨੂੰ ਤੇ ਮੇਘਵਾਲ ਭਾਈਚਾਰੇ ਨੂੰ ਹੈਰਾਨੀ ਹੈ। ਉਨ੍ਹਾਂ ਕਿਹਾ ਕਿ ਉਹ ਟਿਕਟ ਲੈਣ ਦੀ ਕੋਸ਼ਿਸ਼ ਕਰੇਗੀ ਅਤੇ ਜੇ ਨਾ ਮਿਲੀ ਤਾਂ ਪਾਰਟੀ ਲਈ ਕੰਮ ਕਰਦੀ ਰਹੇਗੀ। ਡੂੰਗਰਪੁਰ ਦੇ ਭਾਜਪਾ ਵਿਧਾਇਕ ਦੇਵੇਂਦਰ ਕਟਾਰਾ ਨੇ ਕਿਹਾ ਹੈ ਕਿ ਉਹ ਪਾਰਟੀ ਕਾਰਕੁੰਨਾਂ ਨਾਲ ਚਰਚਾ ਦੇ ਬਾਅਦ ਸ਼ਾਮ ਤੱਕ ਕੋਈ ਫੈਸਲਾ ਲੈਣਗੇ।

# ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਵੱਡੀ ਅਦਲਾ-ਬਦਲੀ

ਨਵੀਂ ਦਿੱਲੀ, 13 ਨਵੰਬਰ (ਪੋਸਟ ਬਿਊਰੋ)- ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਭ੍ਰਿਸ਼ਟਾਚਾਰ 'ਤੇ ਲਗਾਮ ਕੱਸਣ ਲਈ ਇੱਕ ਵੱਡਾ ਫੈਸਲਾ ਲਿਆ ਹੈ। ਉਸ ਨੇ ਕੁਰੱਪਸ਼ਨ ਲਈ ਬਦਨਾਮ ਹੋ ਚੁੱਕੀ ਜਨਰਲ ਮੈਨੇਜਰ ਦੀ ਕੁਰਸੀ 'ਤੇ ਕੱਲ੍ਹ ਨਵੀਂ ਨਿਯੁਕਤੀ ਕਰ ਦਿੱਤਾ ਹੈ। ਕਮੇਟੀ ਦੇ ਸਭ ਤੋਂ ਸੀਨੀਅਰ ਅਧਿਕਾਰੀ ਰਹੇ ਧਰਮਿੰਦਰ ਸਿੰਘ ਨੂੰ ਨਵਾਂ ਜਨਰਲ ਮੈਨੇਜਰ ਬਣਾਇਆ ਗਿਆ ਹੈ। ਉਹ ਇਸ ਸਮੇਂ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਜਨਰਲ ਮੈਨੇਜਰ ਦੀ ਜ਼ਿੰਮੇਵਾਰੀ ਸੰਭਾਲ ਰਹੇ ਹਨ ਅਤੇ ਅੱਗੇ ਤੋਂ ਇਹ ਨਵੀਂ ਜ਼ਿੰਮੇਵਾਰੀ ਸੰਭਾਲਿਆ ਕਰਨਗੇ।

ਇਸ ਨਿਯੁਕਤੀ ਨਾਲ ਪੰਜ ਸਾਲ ਤੋਂ ਵੱਧ ਸਮੇਂ ਤੋਂ ਗੁਰਦੁਆਰਾ ਕਮੇਟੀ ਦੀ ਇਸ ਸੀਟ 'ਤੇ ਬੈਠੇ ਜਨਰਲ ਮੈਨੇਜਰ ਹਰਜੀਤ ਸਿੰਘ ਸੂਬੇਦਾਰ ਦਾ ਯੁੱਗ ਖਤਮ ਹੋ ਗਿਆ ਹੈ। ਸੂਬੇਦਾਰ 82 ਹਜ਼ਾਰ ਧਾਰਮਿਕ ਪੁਸਤਕ ਘਪਲੇ ਸਣੇ ਕਈ ਹੋਰ ਮਾਮਲਿਆਂ ਵਿੱਚ ਦੋਸ਼ੀ ਹੈ, ਜਿਸ ਦੇ ਕਾਰਨ ਕੁਝ ਦਿਨ ਪਹਿਲਾਂ ਉਸ ਨੂੰ ਸਸਪੈਂਡ ਕੀਤਾ ਗਿਆ ਸੀ। ਕਮੇਟੀਆਂ ਨੇ ਖਰਚਾ ਘਟਾਉਣ ਲਈ ਵੀ ਆਪਣੇ ਕਰਮਚਾਰੀਆਂ ਦੇ ਭੱਤੇ ਬੰਦ ਕਰ ਦਿੱਤੇ ਅਤੇ ਇਸ ਦੇ ਨਾਲ ਕਈ ਮੈਂਬਰਾਂ ਕੋਲ ਚੱਲ ਰਹੀਆਂ ਕਮੇਟੀਆਂ ਦੀਆਂ ਗੱਡੀਆਂ, ਡਰਾਈਵਰਾਂ, ਸੇਵਾਦਾਰਾਂ ਨੂੰ ਵੀ ਵਾਪਸ ਲੈਣ ਦੀ ਤਿਆਰੀ ਵਿੱਚ ਹੈ। ਇਸ ਦੌਰਾਨ ਦਿੱਲੀ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ ਕੇ ਅਤੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਵਿਚਾਲੇ ਛਿੜੀ ਜੰਗ ਖਤਮ ਕਰਾਉਣ ਅਤੇ ਦੂਰੀਆਂ ਘਟਾਉਣ ਲਈ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮਹਾਰਥੀ ਆਗੂਆਂ ਨੂੰ ਮੈਦਾਨ ਵਿੱਚ ਭੇਜਿਆ ਹੈ।

## ਓਵੈਸੀ ਨੇ ਕਿਹਾ:
# ਅਮਿਤ ਸ਼ਾਹ ਦਾ ਸਰ-ਨੇਮ ਫਾਰਸੀ ਹੈ, ਕੀ ਉਸ ਨੂੰ ਵੀ ਬਦਲਣਗੇ



ਹੈਦਰਾਬਾਦ, 13 ਨਵੰਬਰ (ਪੋਸਟ ਬਿਊਰੋ)- ਆਲ ਇੰਡੀਆ ਇਤਹਾਦੁਲ ਮੁਸਲਮੀਨ (ਏ ਆਈ ਐੱਮ ਆਈ ਐੱਮ) ਦੇ ਮੁਖੀ ਅਸਦਉਦੀਨ ਓਵੈਸੀ ਨੇ ਭਾਜਪਾ ਵਾਲੇ ਕੁਝ ਰਾਜਾਂ 'ਤੇ ਉਨ੍ਹਾਂ ਦੇ ਨਾਂਅ ਬਦਲਣ ਦੀ ਦੌੜ ਨੂੰ ਲੈ ਕੇ ਨਿਸ਼ਾਨਾ ਵਿੰਨ੍ਹਿਆ ਅਤੇ ਭਾਜਪਾ ਪ੍ਰਧਾਨ ਅਮਿਤ ਸ਼ਾਹ 'ਤੇ ਇਹ ਕਹਿੰਦੇ ਹੋਏ ਹਮਲਾ ਕੀਤਾ ਕਿ ਉਨ੍ਹਾਂ ਦਾ ਸਰ-ਨੇਮ ਇੱਕ ਫਾਰਸੀ ਸ਼ਬਦ ਹੈ ਅਤੇ ਜਾਨਣਾ ਚਾਹਿਆ ਕਿ ਕੀ ਉਸ ਨੂੰ ਵੀ ਬਦਲਿਆ ਜਾਏਗਾ।

ਓਵੈਸੀ ਸੱਤ ਦਸੰਬਰ ਨੂੰ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਐਤਵਾਰ ਸ਼ਾਮ ਇੱਕ ਚੋਣ ਰੈਲੀ ਨੂੰ ਸੰਬੋਧਨ ਕਰ ਰਹੇ ਸਨ। ਹੈਦਰਾਬਾਦ ਤੋਂ ਪਾਰਲੀਮੈਂਟ ਮੈਂਬਰ ਮੈਂਬਰ ਓਵੈਸੀ ਨੇ ਕਿਹਾ ਕਿ ਸ਼ਾਹ ਇੱਕ ਫਾਰਸੀ ਸ਼ਬਦ ਹੈ, ਕੀ ਉਹ ਉਸ ਨੂੰ ਬਦਲਣਗੇ ਜਾਂ ਨਹੀਂ, ਮੈਨੂੰ ਨਹੀਂ ਪਤਾ। ਭਾਜਪਾ ਦੇ ਚੋਣ ਐਲਾਨ ਪੱਤਰ ਵਿੱਚ ਹਰ ਸਾਲ ਇੱਕ ਲੱਖ ਗਾਵਾਂ ਮੁਫਤ ਵੰਡਣ ਦੇ ਪ੍ਰਸਤਾਵ 'ਤੇ ਓਵੈਸੀ ਨੇ ਸਵਾਲ ਕੀਤਾ ਕਿ ਕੀ ਭਾਜਪਾ ਉਨ੍ਹਾਂ ਨੂੰ ਵੀ ਇੱਕ ਗਾਂ ਦੇਵੇਗੀ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਦੇਣੀ ਪਵੇਗੀ ਅਤੇ ਇਹ ਮੇਰੀ ਜ਼ਿੰਮੇਵਾਰੀ ਹੈ ਕਿ ਮੈਂ ਉਸ ਦਾ ਸਨਮਾਨ ਕਰਾਂਗਾ, ਪਰ ਪਹਿਲਾਂ ਮੈਨੂੰ ਦੱਸੋ ਕਿ ਕੀ ਤੁਸੀਂ ਮੈਨੂੰ ਵੀ ਗਾਂ ਦਿਓਗੇ ਜਾਂ ਨਹੀਂ? ਓਵੈਸੀ ਨੇ ਕਿਹਾ ਕਿ ਉਨ੍ਹਾਂ ਨੂੰ ਪਤਾ ਲੱਗਾ ਹੈ ਕਿ ਗਾਂ ਰੋਜ਼ 16 ਕਿਲੋਗਰਾਮ ਚਾਰਾ ਖਾਂਦੀ ਹੈ। ਜੇ ਇੱਕ ਲੱਖ ਗਊਆਂ ਦਿੱਤੀਆਂ ਜਾਣ ਤਾਂ 16 ਕਿਲੋਗਰਾਮ ਚਾਰੇ ਦੀ ਰੋਜ਼ ਜ਼ਰੂਰਤ ਪਵੇਗੀ। ਉਨ੍ਹਾਂ ਨੇ ਸਵਾਲ ਕੀਤਾ ਕਿ ਇਸ ਦਾ ਇੰਤਜ਼ਾਮ ਕਿੱਥੋਂ ਹੋਵੇਗਾ।

# ਪੰਜਾਬ ਦੇ ਖਾੜਕੂਵਾਦ ਬਾਰੇ 1980-90 ਦੇ ਖੁਫੀਆ ਦਸਤਾਵੇਜ਼ ਚੋਰੀ

ਨੋਇਡਾ, 13 ਨਵੰਬਰ (ਪੋਸਟ ਬਿਊਰੋ)- ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਸੁਧੀਰ ਕੁਮਾਰ ਵਾਲੀਆ ਦੇ ਦਫਤਰ 'ਚੋਂ ਕੱਲ੍ਹ ਰਾਤ ਪੰਜਾਬ ਦੇ ਖਾੜਕੂਆਂ ਨਾਲ ਜੁੜੇ ਖੁਫੀਆ ਦਸਤਾਵੇਜ਼ ਚੋਰੀ ਹੋ ਗਏ ਹਨ। ਚੋਰਾਂ ਨੇ ਚਾਰ ਕੰਪਿਊਟਰਾਂ ਸਮੇਤ ਪੂਰਾ ਸਾਮਾਨ ਚੋਰੀ ਕਰ ਲਿਆ। ਕੰਪਿਊਟਰਾਂ 'ਚ 1980 ਤੋਂ 1990 ਦੌਰਾਨ ਪੰਜਾਬ ਪੁਲਸ ਵੱਲੋਂ ਮੁਕਾਬਲਿਆਂ 'ਚ ਮਾਰੇ ਗਏ 100 ਤੋਂ ਵੱਧ ਲੋਕਾਂ ਦੇ ਕੇਸਾਂ ਨਾਲ ਜੁੜਿਆ ਅਹਿਮ ਅਤੇ ਖੁਫੀਆ ਡਾਟਾ ਹੈ। ਖਾੜਕੂਆਂ ਨਾਲ ਸਬੰਧਤ ਇਕ ਲੱਖ ਤੋਂ ਵੱਧ ਸਫਿਆਂ ਦੀਆਂ ਫਾਈਲਾਂ ਹਨ। ਨਾਲ ਸੁਪਰੀਮ ਕੋਰਟ 'ਚ ਚੱਲ ਰਹੇ ਵੱਡੇ ਕੇਸਾਂ ਦਾ ਡਾਟਾ ਵੀ ਸ਼ਾਮਲ ਹੈ। ਕੋਤਵਾਲੀ ਸੈਕਟਰ-20 ਦੀ ਪੁਲਸ ਰਿਪੋਰਟ ਦਰਜ ਕਰਕੇ ਚੋਰਾਂ ਨੂੰ ਫੜਨ 'ਚ ਲੱਗ ਗਈ ਹੈ।

ਸੈਕਟਰ-93 ਇਕ ਵਿੱਚ ਏ ਟੀ ਐਸ ਵਿਲੇਜ ਸੁਸਾਇਟੀ ਵਿੱਚ ਰਹਿਣ ਵਾਲੇ ਸੁਧੀਰ ਕੁਮਾਰ ਵਾਲੀਆ ਸੁਪਰੀਮ ਕੋਰਟ ਦੇ ਏ-ਸ਼੍ਰੇਣੀ ਦੇ ਵਕੀਲ ਹਨ। ਉਹ ਰੋਟਰੀ ਕਲੱਬ ਆਫ ਨੋਇਡਾ ਦੇ ਮੁਖੀ ਹਨ ਅਤੇ ਪੰਜਾਬ ਦੇ ਵਧੀਕ ਐਡਵੋਕੇਟ ਜਨਰਲ ਰਹਿ ਚੁੱਕੇ ਹਨ। ਮੌਜੂਦਾ ਸਮੇਂ 'ਚ ਉਹ ਸੁਪਰੀਮ ਕੋਰਟ 'ਚ ਪ੍ਰੈਕਟਿਸ ਕਰਨ ਦੇ ਨਾਲ ਪੰਜਾਬ ਪੁਲਸ ਦੇ ਵਕੀਲ ਵੀ ਹਨ। ਉਨ੍ਹਾਂ ਦਾ ਸੈਕਟਰ-29 ਸਥਿਤ ਫਲੈਟ ਨੰਬਰ 855 ਵਿੱਚ ਦਫਤਰ ਹੈ। ਉਨ੍ਹਾਂ ਦੱਸਿਆ ਕਿ ਬੀਤੇ ਦਿਨੀਂ ਦਫਤਰ ਖੁੱਲ੍ਹਾ ਸੀ। ਸੁਪਰੀਮ ਕੋਰਟ 'ਚ ਦੀਵਾਲੀ ਦੀਆਂ ਛੁੱਟੀਆਂ ਸਨ। ਇਸ ਲਈ ਬੀਤੇ ਦਿਨੀਂ ਦਫਤਰ ਬੰਦ ਕਰਕੇ ਉਹ ਪੰਜਾਬ ਚਲੇ ਗਏ। ਕੱਲ੍ਹ ਸਵੇਰੇ ਉਹ ਦਫਤਰ ਪੁੱਜੇ ਤਾਂ ਦਰਵਾਜ਼ਾ ਖੁੱਲ੍ਹਾ ਮਿਲਿਆ। ਅੰਦਰ ਜਾ ਕੇ ਦੇਖਿਆ ਤਾਂ ਚਾਰ ਕੰਪਿਊਟਰ, ਸਮਾਰਟ ਟੀ ਵੀ, ਇਨਵਰਟਰ, ਰੇਡੀਓ ਤੇ ਦੀਵਾਲੀ 'ਚ ਮਿਲੇ ਮਹਿੰਗੇ ਤੋਹਫਿਆਂ ਸਮੇਤ ਸਾਰਾ ਸਾਮਾਨ ਗਾਇਬ ਸੀ।

ਵਾਲੀਆ ਨੇ ਦੱਸਿਆ ਕਿ ਉਹ ਪੰਜਾਬ ਪੁਲਸ ਨਾਲ ਸਬੰਧਤ ਕੇਸ ਦੇਖਦੇ ਹਨ। ਪੰਜਾਬ ਵਿੱਚ 1980 ਤੋਂ 1990 ਦੌਰਾਨ ਕਈ ਅੱਤਵਾਦੀ ਵਾਰਦਾਤਾਂ ਹੋਈਆਂ ਸਨ। ਇਸ ਦੌਰਾਨ ਪੰਜਾਬ ਪੁਲਸ ਨੇ 100 ਤੋਂ ਵੱਧ ਲੋਕਾਂ ਨੂੰ ਮੁਕਾਬਲਿਆਂ 'ਚ ਮਾਰਿਆ ਸੀ। ਇਨ੍ਹਾਂ ਦੇ ਕੁਝ ਕੇਸ ਅਦਾਲਤਾਂ 'ਚ ਚੱਲਦੇ ਹਨ। ਉਨ੍ਹਾਂ ਨਾਲ ਜੁੜੇ ਸਾਰੇ ਦਸਤਾਵੇਜ਼ ਕੰਪਿਊਟਰਾਂ ਵਿੱਚ ਸਨ। ਇਹ ਦਸਤਾਵੇਜ਼ ਕਾਫੀ ਖੁਫੀਆ ਤੇ ਅਹਿਮ ਹਨ। ਇਸ ਤੋਂ ਇਲਾਵਾ ਪੰਜਾਬ ਪੁਲਸ ਦੇ ਕਈ ਅਹਿਮ ਦਸਤਾਵੇਜ਼ ਵੀ ਕੰਪਿਊਟਰ 'ਚ ਹਨ ਅਤੇ ਖਾੜਕੂਆਂ ਨਾਲ ਜੁੜੀਆਂ ਫਾਈਲਾਂ ਚੋਰੀ ਹੋਣ ਕਾਰਨ ਪਰੇਸ਼ਾਨੀ ਹੋ ਸਕਦੀ ਹੈ।

# ਕੇਂਦਰੀ ਮੰਤਰੀ ਅਨੰਤ ਕੁਮਾਰ ਦਾ ਕੈਂਸਰ ਦੇ ਰੋਗ ਨਾਲ ਦੇਹਾਂਤ

ਬੈਂਗਲੁਰੂ, 13 ਨਵੰਬਰ (ਪੋਸਟ ਬਿਊਰੋ)- ਕੇਂਦਰ ਸਰਕਾਰ ਦੇ ਪਾਰਲੀਮੈਂਟਰੀ ਮਾਮਲਿਆਂ ਬਾਰੇ ਮੰਤਰੀ ਅਤੇ ਭਾਜਪਾ ਦੇ ਸੀਨੀਅਰ ਆਗੂ ਅਨੰਤ ਕੁਮਾਰ ਪਿਛਲੇ ਕਈ ਮਹੀਨਿਆਂ ਤੋਂ ਫੇਫੜਿਆਂ ਦੇ ਕੈਂਸਰ ਤੋਂ ਪੀੜਤ ਸਨ, ਕੱਲ੍ਹ ਤੜਕੇ ਉਨ੍ਹਾਂ ਦਾ ਇਕ ਨਿੱਜੀ ਹਸਪਤਾਲ ਵਿੱਚ ਦੇਹਾਂਤ ਹੋ ਗਿਆ। ਉਹ 59 ਸਾਲ ਦੇ ਸਨ। ਇਸ ਸੰਬੰਧ ਵਿੱਚ ਸ੍ਰੀ ਸ਼ੰਕਰਾ ਕੈਂਸਰ ਫਾਊਂਡੇਸ਼ਨ ਟਰੱਸਟ ਦੇ ਚੇਅਰਮੈਨ ਬੀ ਆਰ ਨਾਗਰਾਜ ਨੇ ਦੱਸਿਆ ਕਿ ਦੱਖਣੀ ਬੈਂਗਲੁਰੂ ਤੋਂ ਪਾਰਲੀਮੈਂਟ ਮੈਂਬਰ ਬੀਤੀ ਅਕਤੂਬਰ ਵਿੱਚ ਅਮਰੀਕਾ ਤੇ ਬ੍ਰਿਟੇਨ ਤੋਂ ਇਲਾਜ ਕਰਵਾ ਕੇ ਘਰ ਮੁੜੇ ਸਨ, ਉਨ੍ਹਾਂ ਨੇ ਕਰੀਬ ਦੋ ਵਜੇ ਆਖਰੀ ਸਾਹ



ਲਿਆ। ਉਹ ਆਪਣੇ ਪਿੱਛੇ ਪਤਨੀ ਤੇਜਸਵਿਨੀ ਤੇ ਦੋ ਬੇਟੀਆਂ ਐਸ਼ਵਰਿਆ ਅਤੇ ਵਿਜੇਤਾ ਛੱਡ ਗਏ ਹਨ। ਭਾਰਤੀ ਜਨਤਾ ਪਾਰਟੀ ਦੇ ਬੁਲਾਰੇ ਐਸ ਸ਼ਾਂਤਾਰਾਮ ਨੇ ਦੱਸਿਆ ਕਿ ਅਨੰਤ ਕੁਮਾਰ ਕਈ ਦਿਨਾਂ ਤੋਂ ਜੀਵਨ ਰੱਖਿਅਕ ਪ੍ਰਣਾਲੀ ਉੱਤੇ ਸਨ ਤੇ ਉਨ੍ਹਾਂ ਦੇ ਕਈ ਅੰਗਾਂ ਨੇ ਕੰਮ ਬੰਦ ਕਰ ਦਿੱਤਾ ਸੀ।


◆ Insurance ◆

Punjab Insurance Inc

- Super Visa Insurance
- Life Insurance
- Disability Insurance
- Critical illness Insurance
- Mortgage Insurance
- RRSP (Retirement Plan)
- RESP (Education Plan)
- Visitor Insurance
- Health and Dental Plans..
- Travel Insurance
- Segregated Funds, TFSA



Harpinder Kaur
Insurance Advisor
416.452.7373
harpinderkaur@punjabinsurance.ca
www.punjabinsurance.ca

DIXIE
Registered Private Career College
TRUCK & FORKLIFT DRIVING SCHOOL
CLASS A,Z & FORKLIFT TRAINING
Contact Us for Great Results, Early Road Tests & Flexible Timing
- Special Training For Nervous Drivers
- Lady Instructor Available
- One to One Training

Forklift $79
Air Brake
Truck Driving Course

◦ Counter Balance ◦ Order Picker
◦ Raymond Reach ◦ Walkie
◦ Cheery Picker

AIR BRAKES CLASSES EVERY WED - THURS & SAT - SUN

Off: 905-452-3633/905-671-3633
Call MANN 416.629.4454
30 Hale Road Unit 1, Brampton ON, L6W 4N9



BANKRUPTCY, PROPOSAL, R9.........
no problem!
we will fix your credit
TNG SUNRISE SERVICES INC.
Tarun Genda(Kumar)
Tel:905-781-5292
Cell: 416-305-1290
TNG
PROVIDE:
Mortgage, Refinancing, 1st, 2nd, 3rd, Mortgage.
Residential Variable & Fixed Rates,
Personal loans & Line of Credit
Private Funding on Car, Gold & Property
CREDIT REPAIR:
Fix your Credit, Bankruptcy, Proposal, Collections, R-9 and Late payments.
CREDIT CONSULTING:
We do Settlement, Filling Bankruptcy & Proposals
ACCOUNTING:
Tax File get Maximum refund for personal & Bussiness
email: tngservices1@hotmail.com
Golden gate plaza
100 Pertosa Drive, Suite 211
Brampton, ON. L6X 0H9

ਫਰਾਂਸ ਦੇ ਰਾਸ਼ਟਰਪਤੀ ਨੇ ਕਿਹਾ:

# ਨਫਰਤ, ਉਕਸਾਊ ਕੰਟੈਂਟ ਸਾਈਬਰ ਸਪੇਸ ਤੋਂ ਹਟਾਉਣਾ ਹੋਵੇਗਾ



ਪੈਰਿਸ, 13 ਨਵੰਬਰ (ਪੋਸਟ ਬਿਊਰੋ)- ਯੂਰਪੀ ਦੇਸ਼ਾਂ ਵਿੱਚ ਟੈਕ ਅਤੇ ਇੰਟਰਨੈਟ ਕੰਪਨੀਆਂ ਨੂੰ ਸਾਈਟ ਉੱਤੇ ਨਫਰਤ ਫੈਲਾਉਣ ਵਾਲਾ ਜਾਂ ਅੱਤਵਾਦ ਦਾ ਸਮਰਥਨ ਤੇ ਉਸ ਨੂੰ ਹੱਲਾਸ਼ੇਰੀ ਦੇਣ ਵਾਲਾ ਕਿਸੇ ਵੀ ਤਰ੍ਹਾਂ ਦਾ ਕੰਟੈਂਟ ਹੋਵੇ, ਉਸ ਨੂੰ ਹਟਾਉਣਾ ਪਵੇਗਾ। ਸਾਈਬਰ ਹਮਲੇ, ਹੇਟ ਸਪੀਚ, ਆਨਲਾਈਨ ਸੈਂਸਰਸ਼ਿਪ ਤੇ ਡੇਟਾ ਲੀਕ ਵਰਗੇ ਖਤਰੇ ਤੋਂ ਸੁਰੱਖਿਆ ਲਈ ਯੂਨੈਸਕੋ ਇੰਟਰਨੈਟ ਗਵਰਨੈਂਸ ਫੋਰਮ ਅਤੇ ਫਰਾਂਸੀਸੀ ਰਾਸ਼ਟਰਪਤੀ ਇਮੈਨੂਅਲ ਮੈਕਰੋਂ ਨੇ ਟੈਕ ਮਾਹਰਾਂ ਦੇ ਨਾਲ ਮਿਲ ਕੇ ਇੰਟਰਨੈਟ ਨੂੰ ਰੈਗੂਲੇਟ ਕਰਨ ਦੀ ਇਹ ਪਹਿਲ ਕੀਤੀ ਹੈ। ਇਸ ਐਲਾਨ ਪੱਤਰ ਨੂੰ 'ਪੈਰਿਸ ਕਾਲ ਫਾਰ ਟਰੱਸਟ ਐਂਡ ਸਕਿਓਰਿਟੀ ਇਨ ਸਾਇਬਰ ਸਪੇਸ' ਸਿਰਲੇਖ ਨਾਲ ਲਾਂਚ ਕੀਤਾ ਗਿਆ ਹੈ।

ਇਸ ਐਲਾਨ ਪੱਤਰ ਵਿੱਚ ਟੈਕ ਕੰਪਨੀਆਂ ਅਤੇ ਸਰਕਾਰਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਚੋਣਾਂ ਦੌਰਾਨ ਦਖਲ ਤੇ ਟ੍ਰੇਡ ਸੀਕ੍ਰੇਟ ਦੀ ਚੋਰੀ ਵਰਗੀਆਂ ਚੀਜ਼ਾਂ ਨੂੰ ਰੋਕਣ ਲਈ ਸੁਰੱਖਿਆ ਮਜ਼ਬੂਤ ਕਰਨ। ਉਂਝ 'ਪੈਰਿਸ ਕਾਲ' ਦੀ ਪਹਿਲ ਟੈਕ ਕੰਪਨੀਆਂ ਨੇ ਕੀਤੀ ਸੀ, ਪਰ ਫਰਾਂਸ ਦੇ ਅਧਿਕਾਰੀਆਂ ਨੇ ਇਸ ਨੂੰ ਦੋਬਾਰਾ ਡਰਾਫਟ ਕੀਤਾ ਤੇ ਇਸ ਵਿੱਚ ਯੂ ਐੱਨ ਮਾਹਰਾਂ ਦੀ ਮਦਦ ਲਈ ਹੈ। ਪੈਰਿਸ ਕਾਲ ਦਾ ਇਹ ਦਸਤਾਵੇਜ਼ ਸਾਇਬਰ ਸਪੇਸ ਵਿੱਚ ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਕਾਨੂੰਨਾਂ ਨੂੰ ਲਾਗੂ ਕਰਨ ਦੀ ਪੁਸ਼ਟੀ ਕਰਦਾ ਹੈ। ਗੂਗਲ-ਫੇਸਬੁਕ ਵੀ ਇਸ 'ਤੇ ਸਾਈਨ ਲਈ ਤਿਆਰ ਹਨ। ਟੈਕ ਦਿੱਗਜ ਮਾਈਕਰੋਸਾਫਟ ਵੀ ਯੋਗਦਾਨ ਦੇ ਰਹੀ ਹੈ। ਐਲਾਨ ਪੱਤਰ 'ਤੇ ਯੂਰਪ ਦੇ ਸਾਰੇ ਦੇਸ਼ਾਂ ਨੇ ਸਾਈਨ ਕੀਤੇ ਹਨ। ਪੈਰਿਸ ਕਾਲ 'ਤੇ ਕੰਮ ਕਰ ਰਹੇ ਮਾਹਰਾਂ ਦਾ ਕਹਿਣਾ ਹੈ ਕਿ ਸਾਇਬਰ ਸਪੇਸ 'ਤੇ ਅਜੇ ਜ਼ਿਆਦਾ ਕੰਟੋਰਲ ਨਿੱਜੀ ਕੰਪਨੀਆਂ ਦਾ ਹੈ, ਜਦ ਅੱਧੀ ਤੋਂ ਵੱਧ ਮਨੁੱਖਤਾ ਆਨਲਾਈਨ ਹੈ ਤਾਂ ਇੰਟਰਨੈੱਟ ਨੂੰ ਆਰਗੇਨਾਈਜ਼ ਕਰਨ ਦੀ ਜ਼ਰੂਰਤ ਹੈ। ਫਰੀ, ਓਪਨ ਅਤੇ ਸੁਰੱਖਿਅਤ ਇੰਟਰਨੈਟ ਦੇ ਨਾਲ ਕਈ ਖਤਰੇ ਹਨ। ਇਨ੍ਹਾਂ ਨੂੰ ਪਹਿਲੋਂ ਸਮਝ ਕੇ ਸੁਰੱਖਿਆ ਦੇ ਉਪਾਅ ਕਰਨੇ ਜ਼ਰੂਰੀ ਹਨ।

# ਨੀਦਰਲੈਂਡ ਨੇ ਪਾਕਿਸਤਾਨ ਵਿੱਚ ਵੀਜ਼ੇ ਦੇਣ ਦਾ ਕੰਮ ਰੋਕਿਆ



ਇਸਲਾਮਾਬਾਦ, 13 ਨਵੰਬਰ (ਪੋਸਟ ਬਿਊਰੋ)- ਕੱਟੜਪੰਥੀਆਂ ਨੂੰ ਪਾਲਣ ਦਾ ਅੱਡਾ ਬਣੇ ਪਾਕਿਸਤਾਨ ਨੂੰ ਨੀਦਰਲੈਂਡ ਨੇ ਵੱਡਾ ਝਟਕਾ ਦਿੱਤਾ ਹੈ। ਯੂਰਪੀ ਦੇਸ਼ ਨੇ ਪਾਕਿਸਤਾਨ ਵਿੱਚ ਆਪਣੇ ਦੂਤਘਰ ਤੋਂ ਵੀਜ਼ਾ ਦੇਣ ਤੇ ਪਾਸਪੋਰਟ ਸਰਵਿਸ ਨਾਲ ਜੁੜੇ ਕੰਮ ਅਸਥਾਈ ਰੂਪ ਵਿੱਚ ਬੰਦ ਕਰ ਦਿੱਤੇ ਹਨ, ਪਰ ਨੀਦਰਲੈਂਡ ਨੇ ਇਸਲਾਮਾਬਾਦ ਦਾ ਦੂਤਘਰ ਬੰਦ ਕਰਨ ਦੀ ਚਰਚਾ ਨੂੰ ਰੱਦ ਕੀਤਾ ਹੈ। ਧਰਮ ਨਿੰਦਾ ਮਾਮਲੇ ਵਿੱਚ ਈਸਾਈ ਮਹਿਲਾ ਆਸੀਆ ਬੀਬੀ ਦੀ ਪੈਰਵੀ ਕਰਨ ਵਾਲੇ ਵਕੀਲ ਨੂੰ ਪਨਾਹ ਦੇਣ ਦੇ ਕਾਰਨ ਨੀਦਰਲੈਂਡ ਪਾਕਿਸਤਾਨੀ ਕੱਟੜਪੰਥੀਆਂ ਦੇ ਨਿਸ਼ਾਨੇ 'ਤੇ ਆ ਗਿਆ ਹੈ।

ਹੇਠਲੀ ਅਦਾਲਤ ਤੋਂ ਅੱਠ ਸਾਲ ਪਹਿਲਾਂ ਮੌਤ ਦੀ ਸਜ਼ਾ ਯਾਫਤਾ ਆਸੀਆ ਨੂੰ 31 ਅਕਤੂਬਰ ਨੂੰ ਸੁਪਰੀਮ ਕੋਰਟ ਨੇ ਦੋਸ਼ ਮੁਕਤ ਕਰ ਦਿੱਤਾ ਸੀ। ਇਸ ਫੈਸਲੇ ਨਾਲ ਪਾਕਿ-ਸਤਾਨ ਵਿੱਚ ਕੱਟੜਪੰਥੀ ਭੜਕ ਪਏ ਹਨ। ਆਸੀਆ ਬੀਬੀ ਦੇ ਕੇਸ ਦੀ ਸੁਪਰੀਮ ਕੋਰਟ ਵਿੱਚ ਪੈਰਵੀ ਕਰਨ ਵਾਲੇ ਵਕੀਲ ਸੈਫੁਲ ਮੁਲੁਕ ਫੈਸਲਾ ਆਉਣ ਪਿੱਛੋਂ ਨੀਦਰਲੈਂਡ ਚਲੇ ਗਏ ਸਨ। ਉਥੇ ਉਨ੍ਹਾਂ ਨੇ ਆਪਣੇ ਤੇ ਪਰਵਾਰ ਦੀ ਜਾਨ ਨੂੰ ਖਤਰਾ ਦੱਸਿਆ ਸੀ। ਡਚ ਸਰਕਾਰ ਨੇ ਬਿਆਨ ਜਾਰੀ ਕਰ ਕੇ ਕਿਹਾ ਕਿ ਧਮਕੀਆਂ ਦੇ ਕਾਰਨ ਪਾਕਿਸਤਾਨ ਵਿੱਚ ਦੂਤਘਰ ਦੀ ਸੁਰੱਖਿਆ ਵਧਾ ਦਿੱਤੀ ਗਈ ਤੇ ਉਥੋਂ ਜਾਰੀ ਹੋਣ ਵਾਲੇ ਵੀਜ਼ਾ ਤੇ ਹੋਰ ਸਹੂਲਤਾਂ ਨੂੰ ਹਾਲੇ ਰੋਕ ਦਿੱਤਾ ਗਿਆ ਹੈ। ਪਾਕਿਸਤਾਨ ਦੇ ਜੋ ਹਾਲਾਤ ਹਨ, ਉਹ ਕੰਟਰੋਲ ਤੋਂ ਬਾਹਰ ਹਨ। ਇਸ ਲਈ ਅਸਥਾਈ ਤੌਰ 'ਤੇ ਇਹ ਫੈਸਲਾ ਲਿਆ ਗਿਆ ਹੈ।

ਪੰਜ ਬੱਚਿਆਂ ਦੀ ਮਾਂ ਆਸੀਆ ਬੀਬੀ ਫਿਲਹਾਲ ਕਿੱਥੇ ਹੈ, ਇਹ ਸਪੱਸ਼ਟ ਨਹੀਂ ਹੈ। ਪਾਕਿਸਤਾਨ ਦੇ ਗ੍ਰਹਿ ਮੰਤਰੀ ਨੇ ਭਰੋਸਾ ਦਿੱਤਾ ਹੈ ਕਿ ਆਸੀਆ ਦੀ ਸੁਰੱਖਿਆ ਦਾ ਸਰਕਾਰ ਪੂਰਾ ਧਿਆਨ ਰੱਖ ਰਹੀ ਹੈ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਸ ਟਰੂਡੋ ਨੇ ਕਿਹਾ ਹੈ ਕਿ ਪਾਕਿਸਤਾਨੀ ਮਹਿਲਾ ਆਸੀਆ ਬੀਬੀ ਤੇ ਉਸਦੇ ਪਰਵਾਰ ਨੂੰ ਆਪਣੇ ਦੇਸ਼ ਵਿੱਚ ਪਨਾਹ ਦੇਣ ਲਈ ਉਨ੍ਹਾਂ ਦੀ ਸਰਕਾਰ ਪਾਕਿਸਤਾਨ ਨਾਲ ਗੱਲ ਕਰ ਰਹੀ ਹੈ। ਆਸੀਆ ਦੇ ਪਤੀ ਨੇ ਟਰੂਡੋ ਤੋਂ ਕੈਨੇਡਾ ਵਿੱਚ ਪਨਾਹ ਦੇਣ ਦੀ ਅਪੀਲ ਕੀਤੀ ਹੈ। ਪਾਕਿਸਤਾਨ ਵਿੱਚ ਆਸੀਆ ਸਮੇਤ ਪੂਰਾ ਪਰਵਾਰ ਕੱਟੜਪੰਥੀਆਂ ਦੇ ਨਿਸ਼ਾਨੇ 'ਤੇ ਹੈ।

## ਅਮਰੀਕਾ ਨੇ ਰੋਹਿੰਗਿਆ ਦੀ ਸਨਮਾਨਤ ਵਾਪਸੀ ਦੀ ਮੰਗ ਉਠਾਈ

ਵਾਸ਼ਿੰਗਟਨ, 13 ਨਵੰਬਰ (ਪੋਸਟ ਬਿਊਰੋ)- ਅਮਰੀਕਾ ਨੇ ਬੰਗਲਾ ਦੇਸ਼ ਵਿੱਚੋਂ ਰੋਹਿੰਗਿਆ ਮੁਸਲਿਮ ਸ਼ਰਨਾਰਥੀਆਂ ਦੀ ਮਿਆਂਮਾਰ ਵਿੱਚ ਸਵੈ ਇੱਛੁਕ ਤੇ ਸਨਮਾਨਤ ਵਾਪਸੀ ਦੀ ਮੰਗ ਚੁੱਕੀ ਹੈ। ਉਸ ਨੇ ਕਿਹਾ ਕਿ ਇਹ ਯਕੀਨੀ ਹੋਣਾ ਚਾਹੀਦਾ ਕਿ ਉਨ੍ਹਾਂ ਨੂੰ ਸਾਰੀਆਂ ਗਤੀਵਿਧੀਆਂ ਦੀ ਆਜ਼ਾਦੀ ਹੋਵੇ ਅਤੇ ਉਹ ਕੈਂਪਾਂ ਤੱਕ ਸੀਮਿਤ ਨਾ ਰਹਿਣ। ਬੰਗਲਾ ਦੇਸ਼ ਅਤੇ ਮਿਆਂਮਾਰ ਵਿਚਾਲੇ ਪਿਛਲੇ ਮਹੀਨੇ ਲੱਖਾਂ ਰੋਹਿੰ-ਗਆ ਮੁਸਲਿਮ ਲੋਕਾਂ ਦੀ ਅੱਧ ਨਵੰਬਰ ਵਿੱਚ ਦੇਸ਼ ਵਾਪਸੀ ਲਈ ਸਹਿਮਤੀ ਬਣੀ ਸੀ। ਇਹ ਰੋਹਿੰਗਿਆ ਸ਼ਰਨਾਰਥੀ ਮਿਆਂਮਾਰ ਫੌਜ ਵੱਲੋਂ ਚਲਾਈ ਗਈ ਮੁਹਿੰਮ ਦੇ ਬਾਅਦ ਆਪਣਾ ਦੇਸ਼ ਛੱਡ ਕੇ ਬੰਗਲਾ ਦੇਸ਼ ਵੱਲ ਚਲੇ ਗਏ ਸਨ। ਸਮਝੌਤੇ ਦੇ ਤਹਿਤ ਪਹਿਲੇ ਜਥੇ ਵਿੱਚ ਬੰਗਲਾ ਦੇਸ਼ ਤੋਂ 2000 ਰੋਹਿੰਗਿਆ ਮੁਸਲਮਾਨ ਮਿਆਂਮਾਰ ਜਾਣਗੇ। ਇਸ ਦੇ ਬਾਅਦ ਦੂਸਰਾ ਜਥਾ ਜਾਵੇਗਾ। ਅਮਰੀਕੀ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਅਸੀਂ ਦੋਵਾਂ ਸਰਕਾਰਾਂ ਦੇ ਉਚ ਅਧਿਕਾਰੀਆਂ ਨੂੰ ਸਮੇਂ ਤੋਂ ਪਹਿਲਾ ਰੋਹਿੰਗਿਆਂ ਦੀ ਵਾਪਸੀ ਬਾਰੇ ਆਪਣੀਆਂ ਚਿੰਤਾਵਾਂ ਤੋਂ ਜਾਣੂੰ ਕਰਵਾ ਦਿੱਤਾ ਹੈ। ਅਮਰੀਕਾ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਕਿ ਰੋਹਿੰਗਿਆ ਸ਼ਰਨਾਰਥੀਆਂ ਦੀ ਵਾਪਸੀ ਅੰਤਰਰਾਸ਼ਟਰੀ ਨਿਯਮਾਂ ਅਨੁਸਾਰ ਸਵੈ ਇੱਛੁਕ, ਸੁਰੱਖਿਅਤ ਅਤੇ ਸਨਮਾਨਿਤ ਤਰੀਕੇ ਨਾਲ ਹੋਵੇ।

# ਬਲਾਤਕਾਰ ਦੇ ਦੋਸ਼ ਕਾਰਨ ਰੋਨਾਲਡੋ ਨੂੰ ਪੁਰਤਗਾਲ ਟੀਮ 'ਚ ਜਗ੍ਹਾ ਨਹੀਂ ਮਿਲੀ



ਪੁਰਤਗਾਲ, 13 ਨਵੰਬਰ (ਪੋਸਟ ਬਿਊਰੋ)- ਬਲਾਤਕਾਰ ਦੇ ਦੋਸ਼ ਹੇਠ ਆਏ ਪੁਰਤਗਾਲ ਦੇ ਫੁੱਟਬਾਲਰ ਕ੍ਰਿਸਟੀਆਨੋ ਰੋਨਾਲਡੋ ਦੀ ਪੁਰਤਗਾਲ ਟੀਮ ਤੋਂ ਦੂਰੀ ਜਾਰੀ ਹੈ। ਪੁਰਤਗਾਲ ਟੀਮ ਦੇ ਕੋਚ ਨੇ ਯੂ ਐਫ ਨੇਸ਼ੰਸ ਲੀਗ 'ਚ ਇਟਲੀ ਅਤੇ ਪੋਲੈਂਡ ਖਿਲਾਫ ਆਪਣੀ ਟੀਮ ਦਾ ਐਲਾਨ ਕੀਤਾ ਤਾਂ ਆਸ ਮੁਤਾਬਕ ਰੋਨਾਲਡੋ ਦਾ ਨਾਂਅ ਉਸ ਵਿੱਚ ਨਹੀਂ।

ਰੋਨਾਲਡੋ ਨੂੰ ਇਸ ਤੋਂ ਪਹਿਲਾਂ ਵੀ ਟੀਮ 'ਚੋਂ ਬਾਹਰ ਕੀਤਾ ਗਿਆ ਸੀ ਅਤੇ ਮੰਨਿਆ ਜਾ ਰਿਹਾ ਸੀ ਕਿ ਜਦੋਂ ਤੱਕ ਉਹ ਬਲਤਾਕਾਰ ਦੇ ਦੋਸ਼ 'ਚੋਂ ਬਰੀ ਨਹੀਂ ਹੁੰਦੇ, ਉਦੋਂ ਤੱਕ ਟੀਮ 'ਚ ਜਗ੍ਹਾ ਨਹੀਂ ਮਿਲ ਸਕੇਗੀ। ਪੁਰਤਗਾਲ ਦੀ ਟੀਮ 17 ਨਵੰਬਰ ਨੂੰ ਮਿਲਾਨ 'ਚ ਇਟਲੀ ਦਾ ਸਾਹਮਣਾ ਕਰਨੇਗੀ ਅਤੇ ਤਿੰਨ ਦਿਨਾਂ ਬਾਅਦ ਆਪਣੇ ਘਰ 'ਚ ਪੋਲੈਂਡ ਦਾ ਸਾਹਮਣੇ ਕਰੇਗੀ। ਇਨ੍ਹਾਂ ਮੁਕਾਬਲਿਆਂ ਲਈ ਟੀਮ ਦਾ ਐਲਾਨ ਕਰਦੇ ਸਮੇਂ ਪੁਰਤਗਾਲ ਦੇ ਕੋਚ ਸੰਤੋਸ ਦਾ ਕਹਿਣਾ ਸੀ, ਇਸ ਸਮੇਂ ਤਾਂ ਮੈਂ ਬੱਸ ਇੰਨਾ ਕਹਿ ਸਕਦਾ ਹਾਂ ਕਿ ਉਨ੍ਹਾਂ ਨੂੰ ਬੇਲਨ ਓ ਡਚੋਰ ਖਿਤਾਬ ਮਿਲਣਾ ਚਾਹੀਦਾ ਹੈ ਜਿਸ ਦੇ ਉਹ ਹੱਕਦਾਰ ਹਨ। ਰੋਨਾਲਡੋ 'ਤੇ ਇੱਕ 34 ਸਾਲ ਦੀ ਅਮਰੀਕੀ ਮਾਡਲ ਨੇ ਸਾਲ 2009 ਵਿੱਚ ਬਲਾਤਕਾਰ ਦਾ ਦੋਸ਼ ਲਗਾਇਆ ਹੈ। ਇਹ ਘਟਨਾ ਲਾਸਲ ਵੇਗਾਸ ਦੀ ਹੈ। ਰੋਨਾਲਡੋ ਦਾ ਕਹਿਣਾ ਹੈ ਕਿ ਉਸ ਰਾਤ ਜੋ ਹੋਇਆ ਉਹ ਆਪਸੀ ਸਹਿਮਤੀ ਨਾਲ ਹੋਇਆ ਸੀ। ਲਾਸ ਵੇਗਾਸ ਪੁਲਸ ਨੇ ਇਸ ਮਾਮਲੇ ਦੀ ਜਾਂਚ ਫਿਰ ਤੋਂ ਸ਼ੁਰੂ ਕਰ ਦਿੱਤੀ ਹੈ।

## ਲੈਬ 'ਚ ਬਣਿਆ ਟਿਸ਼ੂ ਵੀ ਦਿਲ ਵਾਂਗ ਧੜਕਿਆ

ਬਰਲਿਨ, 13 ਨਵੰਬਰ (ਪੋਸਟ ਬਿਊਰੋ)- ਮੈਡੀਕਲ ਖੇਤਰ 'ਚ ਵਿਗਿਆਨੀਆਂ ਨੇ ਨਵੀਂ ਪ੍ਰਾਪਤੀ ਕੀਤੀ ਹੈ। ਜਰਮਨੀ ਦੇ ਹੈਮਬਰਗ ਵਿਖੇ ਯੂਨੀਵਰਸਿਟੀ ਮੈਡੀਕਲ ਸੈਂਟਰ ਦੇ ਖੋਜੀਆਂ ਨੇ ਲੈਬ 'ਚ ਅਜਿਹਾ ਟਿਸ਼ੂ ਬਣਾਇਆ ਹੈ, ਜੋ ਮਨੁੱਖੀ ਦਿਲ ਵਾਂਗ ਧੜਕਦਾ ਹੈ। ਇਸ ਵਿੱਚ ਜੀਨ ਨੂੰ ਪਛਾਨਣਾ ਸੰਭਵ ਹੈ ਤੇ ਇਸ 'ਤੇ ਦਵਾਈਆਂ ਦਾ ਅਸਰ ਵੀ ਹੁੰਦਾ ਹੈ। ਖੋਜ ਕਰਤਾ ਮਾਰਟਾ ਲੇਮ ਨੇ ਕਿਹਾ ਕਿ ਇਸ ਟਿਸ਼ੂ ਦੀ ਮਦਦ ਨਾਲ ਲੈਬ ਵਿੱਚ ਦਿਲ ਦੀ ਧੜਕਣ 'ਚ ਬੇਨਿਯਮੀ ਦੀ ਬਿਮਾਰੀ ਦਾ ਨਮੂਨਾ ਬਣਾਉਣਾ ਅਤੇ ਉਸ ਦਾ ਇਲਾਜ ਲੱਭਣਾ ਸੰਭਵ ਹੋ ਸਕਦਾ ਹੈ। ਇਹ ਤਜਰਬਾ ਸਫਲ ਰਿਹਾ ਤਾਂ ਦੁਨੀਆ ਭਰ ਵਿੱਚ ਤਿੰਨ ਕਰੋੜ ਤੋਂ ਵੱਧ ਲੋਕਾਂ ਦੀ ਜਾਨ ਬਚਾਈ ਜਾ ਸਕਦੀ ਹੈ। ਲੈਬ 'ਚ ਵਿਕਸਿਤ ਇਹ ਟਿਸ਼ੂ ਮਨੁੱਖੀ ਦਿਲ ਦੇ ਉੱਪਰੀ ਹਿੱਸੇ ਦੇ ਟਿਸ਼ੂਆਂ ਵਰਗਾ ਹੈ। ਵਿਗਿਆਨੀ ਇਸ ਨੂੰ ਹੋਰ ਜ਼ਿਆਦਾ ਅਸਲ ਵਰਗਾ ਬਣਾਉਣ ਵਾਸਤੇ ਕੰਮ ਕਰ ਰਹੇ ਹਨ। ਲੈਬ 'ਚ ਬਣਾਏ ਟਿਸ਼ੂ ਦਾ ਅਸਲੀ ਦਿਲ ਵਾਂਗ ਧੜਕਣਾ ਦਿਲ ਨਾਲ ਜੁੜੀਆਂ ਬਿਮਾਰੀਆਂ ਦੇ ਇਲਾਜ ਦਾ ਨਵਾਂ ਰਸਤਾ ਦੇ ਸਕਦਾ ਹੈ। ਇਸ ਖੋਜ ਨਾਲ ਜੁੜੇ ਪ੍ਰੋਫੈਸਰ ਥਾਮਸ ਏਸ਼ੇਨਹੇਗਨ ਨੇ 24 ਸਾਲ ਪਹਿਲਾਂ 3ਡੀ ਮਸਲਜ਼ ਬਣਾਉਣ ਵਿੱਚ ਸਫਲਤਾ ਹਾਸਲ ਕੀਤੀ ਸੀ। ਉਸ ਸਮੇਂ ਉਨ੍ਹਾਂ ਮੁਰਗੀ ਦੇ ਦਿਲ ਦੇ ਟਿਸ਼ੂਆਂ 'ਤੇ ਤਜਰਬਾ ਕੀਤਾ ਸੀ। ਉਦੋਂ ਤੋਂ ਪ੍ਰੋਫੈਸਰ ਏਸ਼ੇਨਹੇਗਨ ਤੇ ਉਨ੍ਹਾਂ ਦੇ ਸਾਥੀ ਚੂਹਿਆਂ ਅਤੇ ਮਨੁੱਖਾਂ ਉੱਤੇ ਇਸ ਨੂੰ ਆਜ਼ਮਾ ਰਹੇ ਹਨ। ਇਸ ਵਾਰੀ ਉਨ੍ਹਾਂ ਨੇ ਲੈਬ 'ਚ ਇਹ ਧੜਕਣ ਵਾਲਾ ਟਿਸ਼ੂ ਬਣਾਇਆ ਹੈ। ਵਿਗਿਆਨੀਆਂ ਦਾ ਕਹਿਣਾ ਹੈ ਕਿ ਧੜਕਣ ਵਾਲਾ ਟਿਸ਼ੂ ਵਿਕਸਿਤ ਕਰਨ ਦਾ ਇਹ ਅਰਥ ਬਿਲਕੁਲ ਨਹੀਂ ਕਿ ਲੈਬ 'ਚ ਪੂਰਾ ਮਨੁੱਖੀ ਦਿਲ ਬਣਾ ਲਿਆ ਹੈ।

## ਸਾਫਟਬੈਂਕ ਕਾਰਪ 21 ਅਰਬ ਡਾਲਰ ਦਾ ਵੱਡਾ ਆਈ ਪੀ ਓ ਪੇਸ਼ ਕਰਨ ਲੱਗੀ



ਟੋਕੀਓ, 13 ਨਵੰਬਰ (ਪੋਸਟ ਬਿਊਰੋ)- ਜਾਪਾਨ ਦੇ ਸਾਫਟਬੈਂਕ ਗਰੁੱਪ ਕਾਰਪ ਨੇ ਆਪਣੀ ਟੈਲੀਕਾਮ ਕੰਪਨੀ ਸਾਫਟਬੈਂਕ ਕਾਰਪ ਦਾ ਇਕ ਵੱਡਾ ਮੁੱਢਲਾ ਪਬਲਿਕ ਆਫਰ (ਆਈ ਪੀ ਓ) ਲਿਆਉਣ ਦੀ ਤਿਆਰੀ ਕੀਤੀ ਹੈ। ਇਹ ਆਈ ਪੀ ਓ 2.4 ਲੱਖ ਕਰੋੜ ਯੇਨ (2104 ਅਰਬ ਡਾਲਰ) ਦਾ ਹੋਵ-ਗਾ। ਇਸ ਗਰੁੱਪ ਨੂੰ ਆਈ ਪੀ ਓ ਲਿਆਉਣ ਦੀ ਮਨਜ਼ੂਰੀ ਮਿਲ ਗਈ ਹੈ। ਇਹ ਦੁਨੀਆ ਦੇ ਸਭ ਤੋਂ ਵੱਡੇ ਆਈ ਪੀ ਓ ਵਿੱਚੋਂ ਇਕ ਹੋਵੇਗਾ। ਇਸ ਦੇ ਨਾਲ ਇਹ ਜਾਪਾਨ 'ਚ ਅੱਜ ਤੱਕ ਦਾ ਸਭ ਤੋਂ ਵੱਡਾ ਆਈ ਪੀ ਓ ਹੋ ਸਕਦਾ ਹੈ। ਇਸ ਤੋਂ ਮਿਲੀ ਰਕਮ ਨਾਲ ਸਮੂਹ ਨੂੰ ਕਰਜ਼ਾ ਮੋੜਨ 'ਚ ਮਦਦ ਮਿਲੇਗੀ ਅਤੇ ਕੰਪਨੀ ਨੂੰ ਨਵੇਂ ਦੌਰ ਦੇ ਇਨੋਵੇਸ਼ਨ 'ਚ ਨਿਵੇਸ਼ ਕਰਨ ਲਈ ਵਾਧੂ ਪੂੰਜੀ ਮਿਲ ਜਾਵੇਗੀ।

ਇਸ ਗਰੁੱਪ ਨੇ ਛੋਟੇ ਗੇਮਿੰਗ ਸਟਾਰ-ਟਅਪ ਤੋਂ ਲੈ ਕੇ ਐਪ ਆਧਾਰਿਤ ਟੈਕਸੀ ਸੇਵਾ ਕੰਪਨੀ ਉਬਰ ਟੈਕਨਾਲੋਜੀ ਇੰਕ ਅਤੇ ਈ-ਕਾਮਰਸ ਕੰਪਨੀ ਅਲੀਬਾਬਾ ਗਰੁੱਪ ਹੋਲਡਿੰਗ ਲਿਮਟਿਡ ਤੱਕ ਕਈ ਇਨੋਵੇਟਿਵ ਕਾਰੋਬਾਰਾਂ 'ਚ ਨਿਵੇਸ਼ ਕੀਤਾ ਹੋਇਆ ਹੈ। ਜਾਪਾਨ ਦੇ ਵਿੱਤ ਮੰਤਰਾਲੇ 'ਚ ਕੱਲ੍ਹ ਆਈ ਇਕ ਸੂਚਨਾ ਮੁਤਾਬਕ ਆਈ ਪੀ ਓ ਤਹਿਤ ਸਾਫਟਬੈਂਕ ਕਾਰਪ ਦੇ 1.6 ਅਰਬ ਸ਼ੇਅਰ ਅਨੁਮਾਨਿਤ 1500 ਯੇਨ (13 ਹਜ਼ਾਰ) ਪ੍ਰਤੀ ਸ਼ੇਅਰ ਦੀ ਦਰ ਨਾਲ ਵਿਕਰੀ ਦੇ ਲਈ ਪੇਸ਼ ਕੀਤੇ ਜਾਣਗੇ। ਆਈ ਪੀ ਓ ਵਿੱਚ ਜੇ ਵੱਧ ਸ਼ੇਅਰਾਂ ਲਈ ਬੋਲੀ ਹਾਸਲ ਹੋਈ ਤਾਂ ਆਫਰ ਦਾ ਆਕਾਰ 240.6 ਅਰਬ ਯੇਨ ਹੋਰ ਵਧਾਇਆ ਜਾ ਸਕਦਾ ਹੈ, ਜਿਸ ਨਾਲ ਆਫਰ ਦਾ ਆਕਾਰ 25 ਅਰਬ ਡਾਲਰ ਤੱਕ ਪੁੱਜ ਸਕਦਾ ਹੈ। ਅੱਜ ਤੱਕ ਦੇ ਸਭ ਤੋਂ ਵੱਡੇ ਆਈ ਪੀ ਓ ਵਿੱਚ 2014 'ਚ ਅਲੀਬਾਬਾ ਨੇ ਲਗਭਗ 25 ਅਰਬ ਡਾਲਰ ਦੀ ਰਕਮ ਜੁਟਾਈ ਸੀ। ਆਈ ਪੀ ਓ ਦੀ ਕੀਮਤ 10 ਦਸੰਬਰ ਨੂੰ ਤੈਅ ਹੋਵੇਗੀ ਤੇ ਸਾਫਟਬੈਂਕ ਕਾਰਪ 19 ਦਸੰਬਰ ਨੂੰ ਟੋਕੀਓ ਸਟਾਕ ਐਕਸਚੇਂਜ 'ਤੇ ਲਗਭਗ 7.18 ਲੱਖ ਕਰੋੜ ਯੇਨ ਦੇ ਸ਼ੁਰੂ ਦੇ ਬਾਜ਼ਾਰ ਕੀਮਤ 'ਤੇ ਸੂਚੀਬੱਧ ਹੋਵੇਗੀ।

## ਖਸ਼ੋਗੀ ਦੇ ਕਾਤਲਾਂ ਨੂੰ ਜਵਾਬਦੇਹ ਠਹਿਰਾਇਆ ਜਾਵੇਗਾ

ਵਾਸ਼ਿੰਗਟਨ, 13 ਨਵੰਬਰ (ਪੋਸਟ ਬਿਊਰੋ)- ਅਮਰੀਕੀ ਵਿਦੇਸ਼ ਮੰਤਰੀ ਮਾਈਕ ਪੋਂਪੀਓ ਨੇ ਕੱਲ੍ਹ ਸਾਊਦੀ ਅਰਬ ਦੇ ਕਰਾਊਨ ਪ੍ਰਿੰਸ ਮੁਹੰਮਦ ਬਿਨ ਸਲਮਾਨ ਨੂੰ ਕਿਹਾ ਕਿ ਸਾਊਦੀ ਪੱਤਰਕਾਰ ਜਮਾਲ ਖਸ਼ੋਗੀ ਦੇ ਕਤਲ ਵਿੱਚ ਸ਼ਾਮਲ ਸਾਰੇ ਲੋਕਾਂ ਨੂੰ ਅਮਰੀਕਾ ਵੱਲੋਂ ਜਵਾਬਦੇਹ ਠਹਿਰਾਇਆ ਜਾਵੇਗਾ।

ਫੋਨ 'ਤੇ ਹੋਈ ਵਿਸਥਾਰਤ ਗੱਲਬਾਤ ਵਿੱਚ ਦੋਵਾਂ ਵਿਚਾਲੇ ਯਮਨ ਵਿੱਚ ਚੱਲਦੇ ਸੰਘਰਸ਼ ਬਾਰੇ ਵੀ ਚਰਚਾ ਹੋਈ। ਵਰਨਣ ਯੋਗ ਹੈ ਕਿ ਅਮਰੀਕਾ ਵਿੱਚ ਰਹਿੰਦੇ ਸਾਊਦੀ ਅਰਬ ਦੇ ਪੱਤਰਕਾਰ ਜਮਾਲ ਖਸ਼ੋਗੀ ਦੀ ਦੋ ਅਕਤੂਬਰ ਨੂੰ ਤੁਰਕੀ ਦੇ ਇਸਤਾਂਬੁਲ ਵਿੱਚ ਸਾਊਦੀ ਅਰਬ ਦੇ ਵਪਾਰ ਕੌਂਸਲੇਟ ਵਿੱਚ ਹੱਤਿਆ ਕਰ ਦਿੱਤੀ ਗਈ ਸੀ। ਸਾਊਦੀ ਕਰਾਊਨ ਪ੍ਰਿੰਸ ਉੱਤੇ ਹੱਤਿਆ ਦੀ ਸਾਜ਼ਿਸ਼ ਰਚਣ ਦਾ ਦੋਸ਼ ਲਾਇਆ ਜਾ ਰਿਹਾ ਹੈ। ਇਸ ਘਟਨਾ ਨਾਲ ਅਮਰੀਕਾ ਅਤੇ ਸਾਊਦੀ ਅਰਬ ਦੇ ਵਿਚਾਲੇ ਦਹਾਕਿਆਂ ਪੁਰਾਣੇ ਸੰਬੰਧ ਵਿੱਚ ਤਣਾਅ ਆ ਗਿਆ ਹੈ।

A/Z Drivers Needed/ਡਰਾਈਵਰਾਂ ਦੀ ਲੋੜ
- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers No Waiting at All
- Highest Pay Rate Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- Always Home At Weekends
- Can Work From Brampton, Woodstock or London
- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week
"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"
New Drivers Are Also Welcome, We Give Paid Training With Full Time Job
For Further Information Contact: 6476253344

Honesty, Reliability, Commitment
HomeLife SilverCity Realty Inc. Brokerage
"Open House Until Sold"
Hira Randhawa
Broker
○ 1 yr Home Warranty
○ Furniture & Home Appliances
○ Get 40% Discount on Brand Name
○ Free Evaluation & Lowest Commission
www.hirarandhawa.com | hirarandhawa@yahoo.ca
For all your Needs Call: 416.319.0551 or 905.913.8585
SAVE SAVE SAVE ....$$$$$$
Super Visa Insurance
On affordable rates, pay in installments, full refund on early cancellation.
RESP
Act immediately to get 15% Extra govt. grant of Year 2018
Visitor/Travel/Life/ Disability/Funeral Insurance

MICHELIN Hankook Continental ROADLUX BFGoodrich AEOLUS
BEST TRUCK REPAIR & TIRE CENTRE
ਟਰੱਕਾਂ ਦੇ ਟਾਇਰਾਂ ਤੇ ਇੰਜਣ /ਬੰਕ ਹੀਟਰ ਦੀ ਭਾਰੀ ਸੇਲ
We also Specialize in Engine, Transmission, Differential Rebuild, Safety Inspection & All Kinds of Electric Work
SPECIAL ON TRUCK ALIGNMENT BRAND NEW MACHINES 2018
Chevron Delo
Special OIL CHANGE Rates
Brake & Drum - On Special Sale!
-Made in U.S
4 CAT Batteries $500 on Special Sale
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
7 ਦਿਨ ਖੁੱਲ੍ਹਾ
1715 Sismet Rd, Mississauga | Call Ranjit: 416.624.8351 | Tel: 905.625.0055

## ਐਸ ਡੀ ਐਮ 23 ਸਾਲਾ ਨੌਕਰੀ ਵਿੱਚ 19 ਸਾਲ ਅੰਮ੍ਰਿਤਸਰ ਕਿਵੇਂ ਟਿਕੇ ਰਹੇ: ਹਾਈ ਕੋਰਟ



ਚੰਡੀਗੜ੍ਹ, 13 ਨਵੰਬਰ (ਪੋਸਟ ਬਿਊਰੋ)- ਅੰਮ੍ਰਿਤਸਰ ਦੇ ਐਸ ਡੀ ਐਮ ਰਾਜੇਸ਼ ਕੁਮਾਰ ਸ਼ਰਮਾ 'ਤੇ ਭ੍ਰਿਸ਼ਟਾਚਾਰ ਵਰਗੇ ਗੰਭੀਰ ਕੇਸਾਂ ਵਿੱਚ ਐਫ ਆਈ ਆਰ ਦਰਜ ਹੈ। ਵਿਭਾਗੀ ਜਾਂਚ ਵਿੱਚ ਦੋਸ਼ੀ ਕਰਾਰ ਦਿੱਤੇ ਗਏ ਅਤੇ ਭਗੌੜੇ ਹਨ। ਫਿਰ ਵੀ 23 ਸਾਲਾ ਸਰਵਿਸ ਵਿੱਚ 19 ਸਾਲ ਅੰਮ੍ਰਿਤਸਰ ਕਿਵੇਂ ਰਹੇ। ਇਹ ਕਹਿੰਦੇ ਹੋਏ ਪੰਜਾਬ ਹਰਿਆਣਾ ਹਾਈ ਕੋਰਟ ਨੇ ਪੰਜਾਬ ਦੇ ਮੁੱਖ ਸਕੱਤਰ ਨੂੰ 48 ਘੰਟੇ ਵਿੱਚ ਇਸ ਦਾ ਜਵਾਬ ਦਾਖਲ ਕਰਨ ਦਾ ਹੁਕਮ ਦਿੱਤਾ ਹੈ।

ਇਸ ਬਾਰੇ ਲੋਕ ਭਲਾਈ ਇਨਸਾਫ ਵੈਲਫੇਅਰ ਸੁਸਾਇਟੀ ਵੱਲੋਂ ਐਡਵੋਕੇਟ ਐਚ ਐਸ ਢਾਂਡੀ ਨੇ ਪਟੀਸ਼ਨ ਦਾਖਲ ਕਰਦੇ ਹੋਏ ਦੱਸਿਆ ਕਿ 1995 ਵਿੱਚ ਰਾਜੇਸ਼ ਕੁਮਾਰ ਸ਼ਰਮਾ ਨੇ ਤਹਿਸੀਲਦਾਰ ਦੀ ਨਿਯੁਕਤੀ ਲਈ ਸੀ। ਨਿਯੁਕਤੀ ਦੇ ਬਾਅਦ ਤੋਂ ਉਨ੍ਹਾਂ ਖਿਲਾਫ ਲਗਾਤਾਰ ਸ਼ਿਕਾਇਤਾਂ ਆਉਂਦੀਆਂ ਰਹੀਆਂ। ਇਸ ਦੌਰਾਨ ਜਦ ਪ੍ਰਮੋਸ਼ਨ ਦਾ ਸਮਾਂ ਆਇਆ ਤਾਂ ਜਿਸ ਟੀਮ ਨੂੰ ਇਸ ਦੀ ਜ਼ਿੰਮੇਵਾਰੀ ਦਿੱਤੀ ਗਈ, ਉਸ ਨੇ ਸਿਫਾਰਸ਼ਾਂ ਵਿੱਚ ਪ੍ਰਮੋਸ਼ਨ ਲਈ ਉਨ੍ਹਾਂ ਨੂੰ ਯੋਗ ਨਹੀਂ ਮੰਨਿਆ। ਵਿਭਾਗ ਵੱਲੋਂ ਕੀਤੀ ਜਾਂਚ ਵਿੱਚ ਉਨ੍ਹਾਂ ਖਿਲਾਫ ਕਾਰਵਾਈ ਦੀ ਸਿਫਾਰਸ਼ ਕੀਤੀ ਗਈ, ਪਰ ਇਸ ਦੇ ਉਲਟ ਇਕ ਮਹੀਨੇ ਬਾਅਦ ਫੈਸਲਾ ਬਦਲਦੇ ਹੋਏ ਉਨ੍ਹਾਂ ਨੂੰ 2013 ਵਿੱਚ ਐਸ ਡੀ ਐਮ ਵਜੋਂ ਪ੍ਰਮੋਸ਼ਨ ਦੇ ਦਿੱਤਾ ਗਿਆ। ਉਨ੍ਹਾਂ ਖਿਲਾਫ ਅਜੇ ਤੱਕ ਕੋਈ ਕਦਮ ਨਹੀਂ ਚੁੱਕਿਆ ਗਿਆ। ਇਸ ਅਕਸ ਵਾਲੇ ਵਿਅਕਤੀ ਨੂੰ ਇਸ ਅਹੁਦੇ 'ਤੇ ਬਣੇ ਰਹਿਣ ਦਾ ਅਧਿਕਾਰ ਨਹੀਂ ਹੈ। ਪਟੀਸ਼ਨਰ ਨੇ ਹਾਈ ਕੋਰਟ ਵਿੱਚ ਅਪੀਲ ਕੀਤੀ ਕਿ ਅਜਿਹੇ ਵਿੱਚ ਉਹ ਪੰਜਾਬ ਸਰਕਾਰ ਨੂੰ ਹੁਕਮ ਦੇਵੇ ਕਿ ਰਾਜੇਸ਼ ਕੁਮਾਰ ਨੂੰ ਉਨ੍ਹਾਂ ਦੇ ਅਹੁਦੇ ਤੋਂ ਹਟਾਇਆ ਜਾਵੇ।

# ਜੈਟ ਏਅਰਵੇਜ਼ ਨੂੰ 1,261 ਕਰੋੜ ਰੁਪਏ ਦਾ ਘਾਟਾ ਪਿਆ



ਜਲੰਧਰ, 13 ਨਵੰਬਰ (ਪੋਸਟ ਬਿਊਰੋ)- ਨਿੱਜੀ ਹਵਾਬਾਜ਼ੀ ਕੰਪਨੀ ਜੈਟ ਏਅਰਵੇਜ਼ ਨੂੰ ਚਾਲੂ ਸਾਲ ਦੀ ਦੂਸਰੀ ਤਿਮਾਹੀ ਵਿੱਚ 1,261 ਕਰੋੜ ਰੁਪਏ ਦਾ ਘਾਟਾ ਹੋਇਆ ਹੈ। ਇਸ ਨਾਲ ਪਿਛਲੇ ਵਿੱਤ ਸਾਲ ਦੀ ਜੁਲਾਈ ਸਤੰਬਰ ਮਿਆਦ ਵਿੱਚ ਕੰਪਨੀ ਨੇ 71 ਕਰੋੜ ਰੁਪਏ ਦਾ ਲਾਭ ਕਮਾਇਆ ਸੀ।

ਕੀਤੀ ਗਈ ਸਮੀਖਿਆ ਵਿੱਚ ਜੈਟ ਏਅਰਵੇਜ਼ ਦੇ ਨਾਲ ਕੰਪਨੀ ਇੰਡੀਗੋ ਨੂੰ ਵੀ 652.13 ਕਰੋੜ ਘਾਟਾ ਹੋਇਆ ਹੈ। ਇਸ ਤੋਂ ਪਿਛਲੇ ਵਿੱਤ ਸਾਲ ਦੀ ਬਰਾਬਰ ਤਿਮਾਹੀ 'ਚ ਉਸ ਨੂੰ 551.56 ਕਰੋੜ ਰੁਪਏ ਦਾ ਲਾਭ ਹੋਇਆ ਸੀ।

ਹਵਾਬਾਜ਼ੀ ਕੰਪਨੀਆਂ ਈਂਧਨ ਦੀ ਉਚੀ ਲਾਗਤ, ਰੁਪਏ ਵਿੱਚ ਗਿਰਾਵਟ ਅਤੇ ਬਾਜ਼ਾਰ ਦੀ ਮੁਕਾਬਲੇਬਾਜ਼ੀ ਨਾਲ ਜੂਝ ਰਹੀਆਂ ਹਨ। ਇਸ ਨਾਲ ਉਨ੍ਹਾਂ ਦੀ ਚਲਾਉਣ ਦੀ ਲਾਗਤ ਵਧੀ ਹੈ। ਨਕਦੀ ਦੀ ਕਮੀ ਦਾ ਸਾਹਮਣਾ ਕਰ ਰਹੀ ਜੈਟ ਏਅਰਵੇਜ਼ ਨੂੰ ਇਕੱਲੇ ਆਧਾਰ 'ਤੇ 1,297.46 ਕਰੋੜ ਰੁਪਏ ਸ਼ੁੱਧ ਘਾਟਾ ਹੋਇਆ ਹੈ। ਇਸ ਤੋਂ ਪਿਛਲੇ ਵਿੱਤ ਸਾਲ ਦੀ ਇਸ ਮਿਆਦ ਵਿੱਚ ਕੰਪਨੀ ਨੂੰ 49.63 ਕਰੋੜ ਰੁਪਏ ਦਾ ਸਿੰਗਲ ਸ਼ੁੱਧ ਲਾਭ ਹੋਇਆ ਸੀ। ਨਕਦੀ ਦੀ ਕਮੀ ਨਾਲ ਕੰਪਨੀ ਨੂੰ ਆਪਣੇ ਸਟਾਫ ਦੀ ਤਨਖਾਹ ਸਮੇਂ 'ਤੇ ਦੇਣ ਵਿੱਚ ਮੁਸ਼ਕਿਲ ਆ ਰਹੀ ਹੈ।

ਕੰਪਨੀ ਨੇ ਇਕ ਬਿਆਨ ਵਿੱਚ ਦੱਸਿਆ ਕਿ ਸਮੀਖਿਆ ਵਿੱਚ ਉਸ ਦੀ ਕੁੱਲ ਵਿਕਰੀ 6,363 ਕਰੋੜ ਰੁਪਏ ਰਹੀ ਜੋ ਪਿਛਲੇ ਵਿੱਤ ਸਾਲ ਦੀ ਬਰਾਬਰ ਤਿਮਾਹੀ ਦੀ 5952 ਕਰੋੜ ਰੁਪਏ ਦੀ ਆਮਦਨ ਤੋਂ 6.9 ਪ੍ਰਤੀਸ਼ਤ ਵੱਧ ਹੈ। ਕੱਚੇ ਤੇਲ ਦੀਆਂ ਕੀਮਤਾਂ ਵਧਣ ਨਾਲ ਕੰਪਨੀ ਦੇ ਤੇਲ 'ਤੇ ਖਰਚ ਵਿੱਚ ਵਾਧਾ ਦਰਜ ਕੀਤਾ ਗਿਆ ਹੈ। ਸਮੀਖਿਆ ਵਿੱਚ ਕੰਪਨੀ ਦਾ ਤੇਲ 'ਤੇ ਖਰਚ 58.6 ਪ੍ਰਤੀਸ਼ਤ ਵਧ ਕੇ 2,419.76 ਕਰੋੜ ਰੁਪਏ ਰਿਹਾ, ਜੋ ਇਸ ਤੋਂ ਪਿਛਲੇ ਵਿੱਤ ਸਾਲ ਦੀ ਇਸੇ ਮਿਆਦ ਵਿੱਚ 1,525.66 ਕਰੋੜ ਰੁਪਏ ਸੀ। ਕੰਪਨੀ ਦੇ ਮੁੱਖ ਕਾਰਜਕਾਰੀ ਵਿਨੈ ਦੂਬੇ ਨੇ ਕਿਹਾ ਕਿ ਉਨ੍ਹਾਂ ਦਾ ਸਪੱਸ਼ਟ ਟੀਚਾ ਲਾਭ ਕਮਾਉਣ 'ਤੇ ਹੈ। ਅਸੀਂ ਅਜੇ ਬਦਲਾਅ ਦੇ ਦੌਰ ਦੇ ਦਰਮਿਆਨ ਹਾਂ। ਉਹ ਆਪਣੇ ਸਾਰੇ ਸਹਿਯੋਗੀਆਂ ਨਾਲ ਜੁੜੇ ਹਨ ਜੋ ਘਰੇਲੂ ਹਵਾਬਾਜ਼ੀ ਖੇਤਰ ਦੀਆਂ ਚੁਣੌਤੀਆਂ ਨੂੰ ਸਮਝਦੇ ਹਨ ਅਤੇ ਸਹਿਯੋਗੀ ਬਣੇ ਹੋਏ ਹਨ।

## ਨਾਥੇਵਾਲਾ ਵਿੱਚ ਨਕਾਬਪੋਸ਼ਾਂ ਵੱਲੋਂ ਫਾਇਰਿੰਗ 'ਚ ਇਕ ਹਲਾਕ

ਮੋਗਾ, 13 ਨਵੰਬਰ (ਪੋਸਟ ਬਿਊਰੋ)- ਥਾਣਾ ਬਾਘਾ ਪੁਰਾਣਾ ਦੇ ਪਿੰਡ ਨਾਥੇਵਾਲਾ ਵਿਖੇ ਦੇਰ ਸ਼ਾਮ ਮੋਟਰ ਸਾਈਕਲ ਉਤੇ ਸਵਾਰ ਤਿੰਨ ਨਕਾਬਪੋਸ਼ਾਂ ਵੱਲੋਂ ਅੰਨ੍ਹੇਵਾਹ ਫਾਇਰਿੰਗ ਕਰਨ ਨਾਲ ਇਕ ਵਿਅਕਤੀ ਮਾਰਿਆ ਗਿਆ ਅਤੇ ਇਕ ਜ਼ਖਮੀ ਹੋ ਗਿਆ। ਹਮਲਾਵਰ ਮੌਕੇ ਤੋਂ ਫਰਾਰ ਹੋ ਗਏ। ਘਟਨਾ ਕਾਰਨ ਖੇਤਰ ਵਿੱਚ ਦਹਿਸ਼ਤ ਦਾ ਮਾਹੌਲ ਹੈ।

ਜ਼ਿਲਾ ਪੁਲਸ ਮੁਖੀ ਗੁਲਨੀਤ ਸਿੰਘ ਖੁਰਾਣਾ ਨੇ ਇਸ ਘਟਨਾ ਦੀ ਪੁਸ਼ਟੀ ਕਰਦੇ ਹੋਏ ਕਿਹਾ ਕਿ ਸੀਨੀਅਰ ਪੁਲਸ ਅਧਿਕਾਰੀ ਮੌਕੇ ਉਤੇ ਪਹੁੰਚੇ ਹੋਏ ਹਨ। ਮਿਲੀ ਜਾਣਕਾਰੀ ਮੁਤਾਬਕ ਪਿੰਡ ਨਾਥੇਵਾਲਾ ਦੀ ਤਿੰਨ ਕੋਨੀ ਉਤੇ ਆਮ ਲੋਕ ਸੱਥ ਦੇ ਰੂਪ 'ਚ ਇਕੱਠੇ ਹੋ ਕੇ ਤਾਸ਼ ਵਗੈਰਾ ਖੇਡਦੇ ਹਨ। ਇਥੇ ਦੇਰ ਸ਼ਾਮ ਨੂੰ ਨਕਾਬਪੋਸ਼ ਮੋਟਰ ਸਾਈਕਲ ਸਵਾਰਾਂ ਨੇ ਗੋਲੀਆਂ ਚਲਾਈਆਂ। ਪੁਲਸ ਦੇ ਮੁਤਾਬਕ ਗੋਲੀਬਾਰੀ ਵਿੱਚ ਅਵਤਾਰ ਸਿੰਘ ਉਰਫ ਗੋਲੂ ਪੁੱਤਰ ਬਲਦੇਵ ਸਿੰਘ ਨੂੰ ਪੰਜ ਗੋਲੀਆਂ ਲੱਗੀਆਂ ਤੇ ਅਵਤਾਰ ਸਿੰਘ ਪੁੱਤਰ ਹਰਨੇਕ ਸਿੰਘ ਨੂੰ ਵੀ ਗੋਲੀ ਲੱਗੀ। ਮੌਕੇ 'ਤੇ ਮੌਜੂਦ ਲੋਕਾਂ ਵੱਲੋਂ ਦੋਵਾਂ ਨੂੰ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਤੇ ਹਸਪਤਾਲ ਫਰੀਦਕੋਟ ਵਿਖੇ ਲਿਆਂਦਾ ਜਾ ਰਿਹਾ ਸੀ ਤਾਂ ਰਾਹ ਵਿੱਚ ਅਵਤਾਰ ਸਿੰਘ ਉਰਫ ਗੋਲੂ ਦੀ ਮੌਤ ਹੋ ਗਈ। ਥਾਣਾ ਬਾਘਾ ਪੁਰਾਣਾ ਮੁਖੀ ਇੰਸਪੈਕਟਰ ਜਸਵੰਤ ਸਿੰਘ ਨੇ ਅਵਤਾਰ ਸਿੰਘ ਗੋਲੂ ਦੀ ਮੌਤ ਹੋਣ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਪੁਲਸ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕਰ ਰਹੀ ਹੈ।

A/Z DRIVERS/OWNER OPERATORS NEEDED
FOR LOCAL & USA
Earn upto $21 to $32/hr

- USA owner operators 0.95 cent/mile + Fuel
- USA company drivers 0.60 cent/ mile
- Canada owner Operators 0.85 cent/mile + Fuel
- Canada company Drivers 0.50 cent.mile

Skylark Logistics Inc.



Sam Mann: 416-617-2405
Mr. Kyla: 519-821-7999 ext.222

## ਗੁਰੂਗਰਾਮ ਵਿੱਚ ਬਲਾਤਕਾਰ ਪਿੱਛੋਂ ਤਿੰਨ ਸਾਲਾ ਬੱਚੀ ਦੀ ਹੱਤਿਆ



ਗੁਰੂਗਰਾਮ, 13 ਨਵੰਬਰ (ਪੋਸਟ ਬਿਊਰੋ)- ਦਿੱਲੀ ਦੇ ਨਿਰਭਯਾ ਕਾਂਡ ਵਰਗੀ ਹੈਵਾਨੀਅਤ ਦੀ ਘਟਨਾ ਗੁਰੂਗਰਾਮ ਵਿੱਚ ਸਾਹਮਣੇ ਆਈ ਹੈ। ਇੱਕ ਨੌਜਵਾਨ ਨੇ ਤਿੰਨ ਸਾਲਾ ਬੱਚੀ ਦਾ ਅਗਵਾ ਕਰ ਕੇ ਉਸ ਨਾਲ ਬਲਾਤਕਾਰ ਕੀਤਾ। ਦਰਿੰਦੇ ਨੇ ਹੈਵਾਨੀਅਤ ਦੀਆਂ ਹੱਦਾਂ ਪਾਰ ਕਰ ਕੇ ਮਾਸੂਮ ਦੇ ਸੰਵੇਦਨਸ਼ੀਲ ਅੰਗ ਵਿੱਚ ਲੱਕੜੀ ਪਾ ਦਿੱਤੀ ਤੇ ਇੱਟ ਨਾਲ ਵਾਰ ਕਰ ਕੇ ਉਸ ਦੀ ਹੱਤਿਆ ਕਰ ਦਿੱਤੀ। ਖੂਨ ਵੱਧ ਵਗਣ ਕਾਰਨ ਬੱਚੀ ਨੇ ਦਮ ਤੋੜ ਦਿੱਤਾ। ਪੁਲਸ ਨੇ ਦੋਸ਼ੀ ਨੌਜਵਾਨ ਦੇ ਖਿਲਾਫ ਮਾਮਲਾ ਦਰਜ ਕਰ ਕੇ ਤਲਾਸ਼ ਸ਼ੁਰੂ ਕਰ ਦਿੱਤੀ ਹੈ। ਪੀੜਤ ਪਰਵਾਰ ਮੂਲ ਰੂਪ ਤੋਂ ਪੱਛਮੀ ਬੰਗਾਲ ਦਾ ਹੈ।

ਰੌਂਗਟੇ ਖੜ੍ਹੇ ਕਰ ਦੇਣ ਵਾਲੀ ਵਾਰਦਾਤ ਇਥੋਂ ਦੇ ਸੈਕਟਰ 65 ਥਾਣਾ ਖੇਤਰ ਵਿੱਚ ਹੋਈ। ਬੱਚੀ ਆਪਣੇ ਮਾਂ ਬਾਪ ਦੇ ਨਾਲ ਸੈਕਟਰ 66 ਦੀਆਂ ਝੁੱਗੀਆਂ ਵਿੱਚ ਰਹਿੰਦੀ ਸੀ। ਐਤਵਾਰ ਸਵੇਰੇ ਕਰੀਬ ਸਾਢੇ 11 ਵਜੇ ਤੋਂ ਬੱਚੀ ਝੁੱਗੀ ਦੇ ਬਾਹਰੋਂ ਲਾਪਤਾ ਹੋ ਗਈ। ਦੇਰ ਸ਼ਾਮ ਤੱਕ ਬੱਚੀ ਨਾ ਆਈ ਤਾਂ ਆਸਪਾਸ ਦੇ ਇਲਾਕੇ ਵਿੱਚ ਬੱਚੀ ਨੂੰ ਲੱਭਿਆ, ਪਰ ਉਹ ਨਹੀਂ ਮਿਲੀ। ਇਸ ਪਿੱਛੋਂ ਬੱਚੀ ਦੇ ਮਾਤਾ-ਪਿਤਾ ਥੱਕ ਹਾਰ ਕੇ ਸੌਂ ਗਏ। ਬੱਚੀ ਦੀ ਮਾਂ ਨੇ ਦੱਸਿਆ ਕਿ ਸਵੇਰੇ ਇੱਕ ਵਾਰ ਫਿਰ ਤਲਾਸ਼ ਸ਼ੁਰੂ ਕੀਤੀ ਤਾਂ ਝੁੱਗੀ ਤੋਂ ਕੁਝ ਕਦਮਾਂ ਦੀ ਦੂਰੀ 'ਤੇ ਬਣੇ ਪਸ਼ੂਆਂ ਦੇ ਵਾੜੇ ਵਿੱਚ ਲਹੂ ਲੁਹਾਨ ਲਾਸ਼ ਮਿਲੀ।

ਬੱਚੀ ਦੀ ਮਾਂ ਦੀ ਸ਼ਿਕਾਇਤ 'ਤੇ ਉਤਰ ਪ੍ਰਦੇਸ਼ ਦੇ ਜ਼ਿਲ੍ਹਾ ਮਹੋਬਾ ਦੇ ਪਿੰਡ ਗੰਜ ਦੇ ਸੁਨੀਲ (20) ਉੱਤੇ ਮਾਮਲਾ ਦਰਜ ਕੀਤਾ ਗਿਆ ਹੈ। ਬੱਚੀ ਦੇ ਪਿਤਾ ਨੇੜੇ ਦੀ ਇੱਕ ਕੰਸਟ੍ਰਕਸ਼ਨ ਸਾਈਟ 'ਤੇ ਮਜ਼ਦੂਰੀ ਕਰਦੇ ਹਨ। ਉਸ ਦੀ ਮਾਂ ਘਰਾਂ ਵਿੱਚ ਸਫਾਈ ਦਾ ਕੰਮ ਕਰਦੀ ਹੈ। ਸਵੇਰੇ ਬੱਚੀ ਦੇ ਪਿਤਾ ਕੰਮ 'ਤੇ ਚਲੇ ਗਏ। ਘਟਨਾ ਦੇ ਸਮੇਂ ਮਾਂ ਕੰਮ ਤੋਂ ਵਾਪਸ ਆਈ ਸੀ ਅਤੇ ਘਰੇਲੂ ਕੰਮ ਵਿੱਚ ਲੱਗ ਗਈ। ਪੁਲਸ ਮੁਤਾਬਕ ਦੋਸ਼ੀ ਸੁਨੀਲ ਪੰਜ ਦਿਨ ਪਹਿਲਾਂ ਹੀ ਇਸ ਝੁੱਗੀ ਵਿੱਚ ਆਇਆ ਸੀ। ਉਸ ਦੀਆਂ ਦੋ ਭੈਣਾਂ ਆਸਪਾਸ ਦੀਆਂ ਝੁੱਗੀਆਂ ਵਿੱਚ ਪਹਿਲਾਂ ਤੋਂ ਰਹਿ ਰਹੀਆਂ ਹਨ। ਉਹ ਦੋਵੇਂ ਵੀ ਕੋਠੀਆਂ ਵਿੱਚ ਸਫਾਈ ਦਾ ਕੰਮ ਕਰਦੀਆਂ ਹਨ। ਸੁਨੀਲ ਵੀ ਇਨ੍ਹਾਂ ਕੋਲ ਰਹਿ ਕੇ ਕੰਮ ਦੀ ਤਲਾਸ਼ ਕਰਨ ਆਇਆ ਸੀ।



# Matrimonial

ਰਿਸ਼ਤੇ ਹੀ ਰਿਸ਼ਤੇ

Starting at just $10

ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਉਮਰ 29 ਸਾਲ, ਕੱਦ 6'2", MCOM, MBA & PGDCA ਅੰਮ੍ਰਿਤਧਾਰੀ ਵਿਜ਼ੀਟਰ ਵੀਜ਼ੇ ਤੇ ਆਏ ਲੜਕੇ ਲਈ PR/Citizen/Student ਲੜਕੀ ਦੀ ਲੋੜ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-643-4154

ਜੱਟ ਸਿੱਖ ਲੜਕਾ, ਉਮਰ 40 ਸਾਲ, ਕੱਦ 5'5", ਫਰਾਂਸ ਸਿਟੀਜ਼ਨ, ਇਕ 19 ਸਾਲਾਂ ਦੀ ਧੀ, ਪਤਨੀ ਦੀ ਮੌਤ ਨੂੰ 3 ਸਾਲ ਹੋ ਗਏ ਹਨ, ਕੈਨੇਡੀਅਨ PR ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 437-770-4806

Khatriboy 5'-7", Age 30 yrs, M.sc. in Mechanical eng. PR in Canada ਲਈ WorkPermit ਜਾਂ PR ਹੋਈ ਪੜ੍ਹੀ ਲਿਖੀ ਲੜਕੀ ਦੀ ਜਰੂਰਤ ਹੈ। – CASTE NO-BAR. For more info. Call 416-917-8804

ਜੱਟ ਸਿੱਖ ਭੁੱਲਰ ਲੜਕਾ, ਉੱਮਰ 35 ਸਾਲ, ਕੱਦ 6'1", ਕੈਨੇਡੀਅਨ ਸਿਟੀਜਨ ਲਈ ਲੜਕੀ ਦੀ ਲੋੜ ਹੈ। ਲੜਕਾ ਸੈਟਲਡ ਹੈ ਅਤੇ ਵਧੀਆ ਨੌਕਰੀ ਕਰ ਰਿਹਾ ਹੈ। ਪਹਿਲ ਮਾਲਵੇ ਜਿਲ੍ਹੇ ਨੂੰ ਦਿੱਤੀ ਜਾਵੇਗੀ। ਕਾਲ ਕਰੋ: 905-672-6641 F

ਜੱਟ ਸਿੱਖ ਸੰਘਾ, ਇਕਲੋਤਾ ਲੜਕਾ, ਵੈਸ਼ਨੂੰ, ਉਮਰ 24 ਸਾਲ, ਕੱਦ 5'-7", ਰੰਗ ਗੋਰਾ, B.sc Computer Science, 30 Acre ਜ਼ਮੀਨ, **District** ਮੋਗਾ ਲਈ ਕੈਨੇਡੀਅਨ ਲੜਕੀ ਦੀ ਲੋੜ ਹੈ।
ਸੰਪਰਕ ਕਰੋ :- 647-631-9445 ਕੈਪਟਨ ਇਕਬਾਲ ਸਿੰਘ ਵਿਰਕ

Jat Sikh Boy, 23, 6'3", vegetarian, student in Canada. Canadian PR or Citizen preferred.
For more details kindly contact 216-556-2080.

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਉਮਰ 26 ਸਾਲ, ਕੱਦ 5'-10", Computer ਡਿਪਲੋਮਾ, ਵੀਜ਼ਿਟਰ ਵੀਜ਼ੇ ਤੇ ਆਏ ਲੜਕੇ ਲਈ P.R ਜਾਂ citizen ਲੜਕੀ ਦੀ ਲੋੜ ਹੈ। ਲੜਕੇ ਦੀਆਂ ਭੈਣਾ ਕੈਨੇਡਾ ਵਿੱਚ ਸੈਟਲਡ ਹਨ। ਮਾਂ ਪਿਉ Super Visa ਤੇ ਹਨ। ਕਿਰਪਾ ਕਰਕੇ ਸੰਪਰਕ ਕਰੋ- 647-721-4039

ਸਿੱਖ ਲੜਕਾ (TULI, KHATRI), ਉਮਰ 24 ਸਾਲ, ਕੱਦ 5'5, ਅੰਮ੍ਰਿਤਧਾਰੀ, ਪਟਿਆਲਾ, IELTS 6 Band, Diploma ITI Plumbing one year course, CTI Plumbing, Well Known business man's Son ਲਈ ਕੈਨੇਡੀਅਨ PR/Citizen ਲੜਕੀ ਦੀ ਲੋੜ ਹੈ। ਸੰਪਰਕ ਕਰੋ: 647-762-5375 । 905-455-8152

ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'11", ਨਸ਼ਿਆਂ ਤੋ ਦੂਰ, ਬੀ.ਏ ਪਾਸ ਲਈ ਕਨੇਡੀਅਨ ਪੀ ਆਰ ਜਾਂ ਵੀਜ਼ਿਟਰ ਲੜਕੀ ਦੀ ਲੋੜ ਹੈ, ਸਟੂਡੈਂਟ ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +647 339 0864

ਉਮਰ 28 ਸਾਲ, ਕੱਦ 5'9", ਚੰਗੀ ਜੋਬ ਲਈ ਕੈਨੇਡੀਅਨ ਇਮੀਗਰੇਂਟ ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-524-6505

ਧਾਲੀਵਾਲ ਜੱਟ ਸਿੱਖ ਲੜਕਾ, ਵਿਜ਼ਟਰ ਵੀਜ਼ਾ, 27 ਸਾਲ, ਲਈ ਲੜਕੀ ਦੀ ਲੋੜ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ- 647-237-5343, 647-688-4149

ਦਿੱਲੀ ਵਿਚ ਨਜਮੇ ਤੇ ਦਿੱਲੀ ਯੂਨੀਵਰਸਿਟੀ ਤੋਂ ਗਰੈਜੂਏਟ 47 ਸਾਲਾ ਦੇ ਜਵਾਨ ਲੜਕੇ ਲਈ ਇਕ ਸਿਹਤਮੰਦ ਜੀਵਨ ਸਾਥਣ ਉਮਰ ਲਗ ਭਗ 40 ਸਾਲ ਦੀ ਲੋੜ ਹੈ। ਲੜਕੇ ਦੇ ਦਿੱਲੀ, ਨਿਊਯਾਰਕ ਤੇ ਬਰੈਂਪਟਨ ਵਿਚ ਆਪਣੇ ਰਿਹਾਇਸ਼ੀ ਘਰ ਹਨ। ਨਿਊਯਾਰਕ ਮੈਨਹਟਨ ਵਿਚ ਆਪਣਾ ਮੋਬਾਈਲ ਤੇ ਇਲੈਕਟਰੌਨਿਕ ਦਾ ਕਾਰੋਬਾਰ ਹੈ। ਲੜਕੀ ਕੰਮ ਕਰਦੀ, ਕੈਨੇਡਾ ਦੀ ਪੀ ਆਰ, ਨੈਤਿਕਤਾ ਭਰਪੂਰ, ਹਿੰਦੂ ਜਾਂ ਸਿੱਖ ਪਰਵਾਰ ਵਿਚੋਂ ਹੋਣੀ ਚਾਹੀਦੀ ਹੈ।
ਵਧੇਰੀ ਜਾਣਕਾਰੀ ਲਈ 516-620-0565 ਤੇ ਫੋਨ ਕਰੋ।

ਜੱਟ ਸਿੱਖ ਹੋਠੀ ਲੜਕਾ, ਉਮਰ 28 ਸਾਲ, ਲਈ ਕੈਨੇਡੀਅਨ ਸਿਟੀਜ਼ਨ / ਪੀ-ਆਰ / ਵਰਕ ਪਰਮਿਟ / ਬਿਨਾਂ ਬੱਚੇ ਤੋ ਤਲਾਕਸ਼ੁਦਾ ਲੜਕੀ ਦੀ ਜ਼ਰੂਰਤ ਹੈ। ਸਟੂਡੈਂਟ ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਲੜਕਾ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਇਆ ਹੋਇਆ ਹੈ। ਵਿਆਹ ਜਲਦੀ!! ਸੰਪਰਕ: 647-463-8060

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ Born 1993, ਕੱਦ 5'2", Post Graduate in Canada & GNM Nursing india ਲਈ ਲੜਕੇ ਦੀ ਲੋੜ ਹੈ। ਲੜਕੀ Canada ਵਿੱਚ ਆਪਣੇ ਪਰਿਵਾਰ ਨਾਲ ਰਹਿ ਰਹੀ ਹੈ। ਸਿਰਫ ਉਹੀ ਸੰਪਰਕ ਕਰਨ ਜੋ ਕਿ ਲੜਕੀ ਦੇ ਚਾਚੇ ਦੀ ਲੜਕੀ Born 1991, ਕੱਦ 5'6", GNM Nursing india & Nanny Passed ਨੂੰ ਕੈਨੇਡੀਅਨ ਲੜਕੇ ਦਾ ਰਿਸ਼ਤਾ ਕਰਵਾ ਸਕਣ. Ontario/Malwa ਨੂੰ ਪਹਿਲ ਦਿੱਤੀ ਜਾਵੇਗੀ.
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-965-4916 | 647-548-5959

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸ਼ੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ **PR** ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

ਜੱਟ ਸਿੱਖ ਲੜਕੀ, ਉਮਰ 33 ਸਾਲ, ਇਕ ਬੱਚੀ ਸਾਢੇ 3 ਸਾਲ, ਲਈ ਲੜਕੇ ਦੀ ਲੋੜ ਹੈ। ਲੜਕੀ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਈ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 647-239-4939, 734-377-4076

Looking for a Gursikh Boy Settled in Canada/US for Widowed girl (With a Son aged 6 Yrs), November 1981 born, Height 5'2"having a PR and permanent Job in Canada. Elder sister settled in USA. Contact +1 510-634-8364 (US), +91 9871991724 (WhatsApp/Call)

Tonk Kshatriya parents seeking a suitable match for their Canadian born girl, 34 yrs old, 5'3" tall, educated in accounting. The boy should be hindu punjabi, attractive, athletic, vegetarian, educated. Plz send biodata with recent pictures.
E -mail: matri.response2018@gmail. com

Looking for Canadian Smart match for Ramdasia girl in India, BDS 5-4 November 1990 born.working as lecturer in pvt dental college.father class 1 officer,mother govt job, grand father retired captain from army. Contact +91 9646609228, +91 7973001402.

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990, ਕੱਦ 5'4", ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ, ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 । 416-509-7252

ਜੱਟ ਸਿੱਖ ਲੜਕੀ ਉਮਰ 28 ਸਾਲ, ਕੱਦ 5'4", B.SC Nursing, Diploma, ਕੈਨੇਡਾ Express Entry ਰਾਹੀ PR ਅਪਲਾਈ ਲਈ pr ਜਾਂ Work permit ਤੇ ਪੜੇ-ਲਿਖੇ ਲੜਕੇ ਦੀ ਲੋੜ ਹੈ। ਲੁਧਿਆਣਾ ਜਿਲ੍ਹੇ ਨੂੰ ਪਹਿਲ।
ਸੰਪਰਕ ਕਰੋ: 647-616-4244, 647-328-1601 ਜਾਂ
Whatsapp- 700-90-60-269

Beautiful Sikh Tonk Kshatriya Girl (M. Pharma) Dec 1988 5'4" working as Asst. Professor belongs to educated family from Amritsar seeks suitable match and well settled Sikh boy in Canada. Parents are in Canada on visitor visa.
Contact 647-624-7733 gpspreet@gmail.com

Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202

Check our Free E-paper at: www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ



YOUR AD HERE
Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202



Auto | Home | Business
"ਵਾਜਿਬ ਰੇਟ ਤੇ ਵਧੀਆ ਕਵਰੇਜ"
- Unbeatable Prices
- Good Rates
- Huge Discounts on Various Insurances

Harmanjeet Kaur | 905.602.1629
LUCKY INSURANCE BROKERS LIMITED | 1550 South Gateway Road, Suite #230 Mississauga, ON L4W 5G6

A/Z CITY DRIVER WANTED
INNOVATION Transportation
- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour
- 7 Days Work
- All Shifts Available

Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

Cell n Tell Distribution Inc.
1-401 Traders Blvd E, Mississauga, ON
Requires F/T Permanent Position, "Cellular Telephone Technician" to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.
- $29 per hr
- Experience: 3-5 years
- Education has to be secondary high school or equivalent experience

Email Resume at umar.w@cellntell.com

STARLANE PAINTING
Residential • Commercial • Industrial
- Hotel • Motel • Exterior
- Interior • Spray Painting
- Office Painting • Drywall Fixing

ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ



416.230.4000 • 647.409.1092
www.STARLANEPAINTING.com
ਹਰਜੀਤ ਢਨੋਆ

# ਕਹਾਣੀ- ਉਹ ਔਰਤ

-ਅਨੇਮਨ ਸਿੰਘ

ਆਖਰ ਉਹ ਔਰਤ ਕੌਣ ਸੀ।

ਇਹ ਸਵਾਲ ਮੇਰੇ ਅੰਦਰ ਕਿੰਨੇ ਚਿਰ ਤੋਂ ਅਟਕਿਆ ਚਲਿਆ ਆ ਰਿਹਾ ਸੀ, ਪਰ ਇਸ ਦਾ ਹੱਲ ਮੈਨੂੰ ਨਹੀਂ ਸੀ ਮਿਲ ਰਿਹਾ। ਆਪਣੇ ਕੰਨੀਓਂ ਮੈਂ ਕਾਫੀ ਕਨਸੋਅ ਲਈ, ਪਤਾ ਵੀ ਕਰਨਾ ਚਾਹਿਆ, ਪਰ ਉਸ ਔਰਤ ਬਾਰੇ ਮੈਨੂੰ ਕੋਈ ਜਾਣਕਾਰੀ ਹਾਸਲ ਨਹੀਂ ਹੋਈ ਸੀ।

ਪਿਛਲੇ ਇਕ ਮਹੀਨੇ 'ਚ ਮੇਰਾ ਇਸ ਹਸਪਤਾਲ 'ਚ ਪੰਜਵਾਂ ਚੱਕਰ ਸੀ। ਇਨ੍ਹਾਂ ਪੰਜ ਚੱਕਰਾਂ 'ਚ ਵੀ ਮੇਰੇ ਹੱਥ ਕੁਝ ਨਹੀਂ ਲੱਗਾ। ਮੈਂ ਜਿੰਨਾ ਉਸ ਔਰਤ ਬਾਰੇ ਜਾਣਨ ਦੀ ਕੋਸ਼ਿਸ਼ ਕਰਦਾ ਸਾਂ, ਉਹ ਉਨੀ ਹੀ ਬੁਝਾਰਤ ਬਣਦੀ ਜਾ ਰਹੀ ਸੀ। ਮੈਨੂੰ ਯਾਦ ਹੈ ਜਦੋਂ ਮੈਂ ਉਸ ਨੂੰ ਪਹਿਲੀ ਵਾਰ ਦੇਖਿਆ ਸੀ। ਦੇਖਿਆ ਵੀ ਕਿੱਥੇ, ਉਸ ਦੇ ਹੁਕਮੀ ਲਹਿਜੇ ਨੇ ਮੇਰਾ ਧਿਆਨ ਉਸ ਵੱਲ ਕੇਂਦਰਿਤ ਕਰ ਦਿੱਤਾ ਸੀ; 'ਨੀਂ ਕੁੜੀਏ! ਸਿਰ 'ਤੇ ਚੁੰਨੀ ਲੈ। ਦੇਖ ਕਿਵੇਂ ਸਿਰ ਨੰਗਾ ਕੀਤਾ ਹੋਇਆ ਏ। ਠੰਢ ਲੱਗ ਜੂ ਜੇ ਤੈਨੂੰ ਠੰਢ ਲੱਗ ਗਈ ਤਾਂ ਜਵਾਕ ਬਿਮਾਰ ਹੋਜੂ ਫੇਰ ਵਿਲਕੀ ਜਾਉਗੇ!' ਉਹ ਬਿਨਾਂ ਸਾਹ ਰੋਕੇ ਬੋਲੀ ਜਾ ਰਹੀ ਸੀ। ਮੈਂ ਪਲਟ ਕੇ ਗਹੁ ਨਾਲ ਉਸ ਵੱਲ ਦੇਖਿਆ, ਉਹ ਅੱਧਖੜ ਉਮਰ ਦੀ ਔਰਤ ਸੀ। ਕੋਈ ਪੰਜਾਹ ਪਚਵੰਜਾ ਸਾਲਾਂ ਦੀ। ਮਧਰਾ ਕੱਦ ਤੇ ਭਾਰੀ ਦੇਹ। ਪੱਕਾ ਤਵੇ ਵਰਗਾ ਰੰਗ। ਉਹ ਦੇਖਣ ਤੇ ਬੋਲਚਾਲ ਤੋਂ ਮੈਨੂੰ ਭੱਦੀ ਜਾਪੀ ਸੀ। ਆਖਰ ਉਹ ਇਸ ਤਰ੍ਹਾਂ ਇੰਨਾ ਰੁੱਖਾ ਕਿਉਂ ਬੋਲਦੀ ਸੀ। ਉਸ ਦੇ ਚਿਹਰੇ ਅਤੇ ਪਹਿਰਾਵੇ ਤੋਂ ਵੀ ਉਹ ਮੈਨੂੰ ਨਰਸ ਨਹੀਂ ਸੀ ਲੱਗ ਰਹੀ। ਹੋ ਸਕਦੈ ਦਰਜਾ ਚਾਰ ਕਰਮਚਾਰੀ ਹੋਵੇ। ਮੇਰਾ ਮਨ ਅਨੁਮਾਨ ਲਗਾ ਰਿਹਾ ਸੀ।

'ਹੈਅ! ਆਹ ਦੇਖ ਲੋ ਕਿੰਨਾ ਗੰਦ ਪਾਇਆ ਪਿਆ ਏ!' ਉਸ ਨੇ ਇਕ ਬੈਡ ਦੇ ਦੁਆਲੇ ਖਿੰਡੇ ਪਏ ਫਾਲਤੂ ਸਾਮਾਨ ਵੱਲ ਦੇਖ ਕੇ ਕਿਹਾ। ਫਿਰ ਉਹ ਕਮਰੇ ਦੇ ਐਨ ਵਿਚਕਾਰ ਆ ਖੜੀ ਹੋਈ। ਜਿਵੇਂ ਸਕੂਲ ਦੇ ਕਲਾਸਰੂਮ 'ਚ ਅਧਿਆਪਕ ਬੱਚਿਆਂ ਨੂੰ ਕੋਈ ਸਾਂਝੀ ਗੱਲ ਸਮਝਾਉਣ ਲਈ ਉਨ੍ਹਾਂ ਦੇ ਬੈਂਚਾਂ ਦੇ ਕੋਲ ਆ ਕਹਿਣ ਲੱਗ ਪਿਆ ਹੋਵੇ, 'ਤੁਸੀਂ ਸਾਰੇ ਜਣੇ ਆਪੋ ਆਪਣੇ ਬੈਡਾਂ ਕੋਲ ਇਕ-ਇਕ ਕੂੜਾਦਾਨ ਕਿਉਂ ਨੀਂ ਖਰੀਦ ਕੇ ਰੱਖ ਲੈਂਦੇ। ਦਸ ਵੀਹ ਰੁਪਏ ਦੀ ਤਾਂ ਗੱਲ ਹੈ, ਕੋਈ ਬਹੁਤਾ ਫਰਕ ਨਹੀਂ ਪੈਣਾ। ਜਿਥੇ ਇੰਨੇ ਲੱਗੀ ਜਾਂਦੇ ਨੇ, ਉਥੇ ਨੀਹ ਰੁਪਏ ਨਾਲ ਵੀ ਕੁਝ ਨ੍ਹੀਂ ਹੁੰਦਾ। ਤੁਹਾਡਾ ਹੀ ਫਾਇਦਾ ਏ, ਜਿੰਨਾ ਕੁਝ ਮਰਜ਼ੀ ਸੁੱਟੀ ਜਾਇਓ ਗੰਦ ਮੰਦ ਉਸ 'ਚ। ਘੱਟੋ-ਘੱਟ ਕਮਰਾ ਤਾਂ ਸਾਫ ਹੀ ਰਹੂਗਾ।'

ਇਹ ਕਹਿ ਕੇ ਉਹ ਬੈਡ ਕੋਲ ਜਾ ਖੜੀ ਹੋਈ। ਮੈਂ ਦੇਖਿਆ, ਉਸ ਬੈਡ ਕੋਲ ਕਾਫੀ ਕੂੜਾ ਕਰਕਟ ਖਿਲਰਿਆ ਸੀ। ਉਹ ਝੁਕ ਕੇ ਕੂੜੇ ਨੂੰ ਇਕੱਠਾ ਕਰਨ ਲੱਗੀ ਤਾਂ ਉਸ ਨੂੰ ਅਜਿਹਾ ਕਰਦਿਆਂ ਦੇਖ ਉਸ ਬੈਡ ਕੋਲ ਬੈਠੀ ਇਕ ਹੋਰ ਔਰਤ ਬੋਲੀ, 'ਨਾ ਨਾ ਭੈਣੇ, ਤੂੰ ਕਾਹਨੂੰ ਮਾਰਦੀ ਏ ਕੂੜੇ 'ਚ ਹੱਥ, ਮੈਂ ਆਪੇ ਸਾਫ ਕਰ ਦੇਊਗੀ।' ਉਹ ਲੇਲ੍ਹੜੀਆਂ ਕੱਢਣ ਲੱਗੀ, ਪਰ ਉਸ ਦੇ ਮਨ 'ਤੇ ਕੋਈ ਅਸਰ ਨਹੀਂ ਸੀ ਹੋਇਆ।

'ਲੈ ਤੂੰ ਕਰ ਦੇਵੇਂਗੀ..। ਜੇ ਕਰਨਾ ਹੁੰਦਾ ਤਾਂ ਪਹਿਲਾਂ ਗੰਦ ਖਿਲਾਰਦੇ ਹੀ ਕਿਉਂ?' ਉਸ ਨੇ ਬੁੜਬੁੜ ਕਰਦਿਆਂ ਸਾਰਾ ਕੂੜਾ ਇਕੱਠਾ ਕਰ ਇਕ ਪੌਲੀਥੀਨ 'ਚ ਪਾਇਆ ਤੇ ਫੁਸਫੁਸ ਕਰਦੀ ਕਮਰੇ 'ਚੋਂ ਬਾਹਰ ਨਿਕਲ ਗਈ।

ਮੈਂ ਉਸ ਨੂੰ ਜਾਂਦੇ ਦੇਖਦਾ ਰਹਿ ਗਿਆ ਸਾਂ।

*****

ਹਸਪਤਾਲ 'ਚ ਜੇ ਕੋਈ ਸਭ ਤੋਂ ਔਖਾ ਕੰਮ ਹੁੰਦਾ ਹੈ ਤਾਂ ਉਹ ਮਰੀਜ਼ ਕੋਲ ਬੈਠਣਾ ਹੁੰਦਾ ਹੈ। ਉਹ ਵੀ ਉਸ ਸਮੇਂ ਜਦੋਂ ਮਰੀਜ਼ ਚੁੱਪ ਚਾਪ ਮੌਨ ਬੈਡ 'ਤੇ ਲੇਟਿਆ ਪਿਆ ਹੋਵੇ ਤੇ ਤੁਸੀਂ ਬਿਨਾਂ ਕੁਝ ਬੋਲੇ ਉਸ ਵੱਲ ਜਾਂ ਕਮਰੇ ਵੱਲ ਦੇਖਦੇ ਉਸ ਦੇ ਜਲਦ ਤੰਦਰੁਸਤ ਹੋਣ ਦੀ ਦੁਆ ਕਰਦੇ ਰਹੋ।

ਵੱਡੇ ਹਸਪਤਾਲ ਦਾ ਇਹ ਜੱਚਾ ਬੱਚਾ ਵਾਰਡ ਦਾ ਇਕ ਵੱਡ ਆਕਾਰੀ ਕਮਰਾ ਸੀ। ਕੁੱਲ ਦਸ ਬੈਡ ਕਮਰੇ 'ਚ ਦੋ ਕਤਾਰਾਂ 'ਚ ਲੱਗੇ ਹੋਏ ਸਨ। ਇਕ ਕਤਾਰ 'ਚ ਪੰਜ-ਪੰਜ। ਇਨ੍ਹਾਂ ਤੋਂ ਇਲਾਵਾ ਚਾਰ ਪੰਜ ਸਟੂਲ ਸਨ ਜਾਂ ਫਿਰ ਇਕ ਅੱਧ ਕੁਰਸੀ। ਜਿਸ 'ਤੇ ਮਰੀਜ਼ ਨੂੰ ਮਿਲਣ ਆਇਆ ਬੈਠ ਜਾਂਦਾ ਸੀ। ਬੈਡਾਂ 'ਤੇ ਜਣਨੀਆਂ ਲੇਟੀਆਂ ਸਨ ਤੇ ਇਨ੍ਹਾਂ 'ਚੋਂ ਜ਼ਿਆਦਾ ਦੇ ਨਵਜਨਮੇ ਬੱਚੇ ਐਮਰਜੈਂਸੀ ਰੂਮ ਦੀਆਂ ਮਸ਼ੀਨਾਂ 'ਚ ਪਏ ਜ਼ਿੰਦਗੀ ਮੌਤ ਵਿਚਾਲੇ ਜੰਗ ਲੜ ਰਹੇ ਸਨ। ਇਸੇ ਤਰ੍ਹਾਂ ਦੀ ਇਕ ਮੌਨ ਜੰਗ ਬੱਚਿਆਂ ਦੇ ਪਰਵਾਰ ਵਾਲਿਆਂ ਦੇ ਮਨਾਂ ਅੰਦਰ ਵੀ ਲੜੀ ਜਾ ਰਹੀ ਸੀ। ਕਿਸੇ ਦਾ ਛੇ ਮਹੀਨਿਆਂ ਦਾ ਬੱਚਾ ਮਸ਼ੀਨਾਂ 'ਚ ਪਿਆ ਸੀ ਤੇ ਕਿਸੇ ਦਾ ਸੱਤ ਮਹੀਨਿਆਂ ਦਾ। ਕਿਸੇ ਦੇ ਫੇਫੜੇ ਕਮਜ਼ੋਰ ਸਨ। ਕਿਸੇ ਦੇ ਦਿਮਾਗ ਦਾ ਵਿਕਾਸ ਅਧੂਰਾ ਸੀ। ਕਿਸੇ ਦਾ ਭਾਰ ਘੱਟ ਸੀ ਤੇ ਕਿਸੇ ਦੇ ਸੈਲ ਵਧੇ ਸਨ। ਇਸ ਤਰ੍ਹਾਂ ਦੀ ਕਸ਼ਮਕਸ਼ 'ਚੋਂ ਤਕਰੀਬਨ ਸਾਰੇ ਮਰੀਜ਼ਾਂ ਦੇ ਪਰਵਾਰਕ ਮੈਂਬਰ ਲੰਘ ਰਹੇ ਸਨ। ਜੇ ਇਕ ਮਰੀਜ਼ ਨੂੰ ਛੁੱਟੀ ਮਿਲ ਜਾਂਦੀ ਤਾਂ ਉਸ ਤੋਂ ਪਹਿਲਾਂ ਕੋਈ ਹੋਰ ਮਰੀਜ਼ ਬੈਡ 'ਤੇ ਆ ਨਰਸਾਂ ਲਿਟਾ ਦਿੰਦੀਆਂ ਸਨ। ਇਸ ਤਰ੍ਹਾਂ ਇਕ ਉਦਾਸੀ ਸਾਰਿਆਂ ਦੇ ਚਿਹਰਿਆਂ 'ਤੇ ਛਾਈ ਰਹਿੰਦੀ, ਪਰ ਜੇ ਕੋਈ ਇੰਨੇ ਸੰਨਾਟੇ 'ਚ ਵੀ ਚੁੱਪ ਨਹੀਂ ਰਹਿੰਦਾ ਸੀ ਤਾਂ ਇਹ ਉਹੋ ਔਰਤ ਹੀ ਸੀ।

ਦੁਪਹਿਰ ਦੇ 12 ਵੱਜਦੇ ਤਾਂ ਹਸਪਤਾਲ ਦੇ ਸਾਹਮਣੇ ਕਾਲਜ ਦਾ ਵੱਡਾ ਘੰਟਾ ਘਰ ਖੜਕਣ ਲੱਗਦਾ, ਜਿਸ ਨੂੰ ਸੁਣ ਕੇ ਮੁੱਖ ਗੇਟ ਕੋਲ ਮਰੀਜ਼ਾਂ ਨੂੰ ਮਿਲਣ ਵਾਲਿਆਂ ਦਾ ਤਾਂਤਾ ਲੱਗ ਜਾਂਦਾ। ਇਕ ਭੀੜ ਅੰਦਰ ਘੁਸਣ ਲਈ ਹੱਥ ਪੈਰ ਮਾਰਨ ਲੱਗਦੀ ਜਿਸ ਨੂੰ ਹਸਪਤਾਲ ਦੀ ਸਕਿਉਰਿਟੀ ਵੱਲੋਂ ਕਾਫੀ ਸਮੇਂ ਤੋਂ ਅੰਦਰ ਜਾਣੋਂ ਰੋਕਿਆ ਗਿਆ ਹੁੰਦਾ ਸੀ। ਮੇਰਾ ਆਉਣਾ ਵੀ ਜ਼ਿਆਦਾਤਰ ਇਸੇ ਵੇਲੇ ਹੁੰਦਾ ਕਿਉਂਕਿ ਇਸ ਤੋਂ ਪਹਿਲਾਂ ਡਾਕਟਰਾਂ ਵੱਲੋਂ ਮਰੀਜ਼ਾਂ ਦੇ ਚੈਕਅੱਪ ਕਰਨ ਦਾ ਸਮਾਂ ਸੀ। ਅਜਿਹੇ ਸਮੇਂ 'ਚ ਮਰੀਜ਼ ਦਾ ਹਾਲ ਚਾਲ ਪੁੱਛਣ ਆਉਣ ਵਾਲਿਆਂ ਦੀ ਅੰਦਰ ਦੀ ਮਨਾਹੀ ਸੀ।

******

ਵਾਰਡ 'ਚ ਉਸ ਦਾ ਦੂਜਾ ਗੇੜਾ ਸੀ। ਉਹ ਸਾਰਾ ਦਿਨ ਵਾਰੋ ਵਾਰੀ ਵਾਰਡਾਂ 'ਚ ਚੱਕਰ ਕੱਟਦੀ ਰਹਿੰਦੀ। ਕਿਤੇ ਕੋਈ ਫਜ਼ੂਲ ਦਾ ਕੁਝ ਵੇਖਦੀ ਜਾਂ ਕਮੀ ਨਜ਼ਰ ਆਉਂਦੀ ਤਾਂ ਝੱਟ ਦੂਰ ਕਰ ਦਿੰਦੀ। ਦਾਖਲ ਮਰੀਜ਼ਾਂ 'ਤੇ ਉਨ੍ਹਾਂ ਦੇ ਨਾਲ ਵਾਲਿਆਂ ਲਈ ਉਹ ਪਰਾਈ ਨਹੀਂ, ਜਾਣੂੰ ਹੋ ਗਈ। ਨਵੀਆਂ ਜਣਨੀਆਂ 'ਚੋਂ ਕੋਈ ਉਸ ਨੂੰ ਆਂਟੀ ਆਖ ਬੁਲਾਉਂਦੀ। ਤੇ ਕੋਈ ਮਾਸੀ, ਕੋਈ ਚਾਚੀ ਜਾਂ ਕੋਈ ਅੰਬੋ ਆਖ ਉਸ ਨੂੰ ਸੰਬੋਧਨ ਕਰਦੀ। ਜਿਵੇਂ ਇਕ ਰਿਸ਼ਤਾ ਸਾਰਿਆਂ ਨੇ ਉਸ ਨਾਲ ਜੋੜ ਲਿਆ ਸੀ। ਇਸੇ ਰਿਸ਼ਤੇ ਦੇ ਮੋਹ 'ਚ ਭਿੱਜੀ ਉਹ ਸਭ ਨੂੰ ਘੂਰ ਵੀ ਲੈਂਦੀ ਤੇ ਰੋਸਾ ਗਿਲਾ ਵੀ ਕਰ ਛੱਡਦੀ। ਜੇ ਕੋਈ ਉਣਤਾਈ ਨਜ਼ਰ ਆਉਂਦੀ ਤਾਂ ਅਗਲੇ ਨੂੰ ਇਸ ਗਲਤੀ ਬਾਰੇ ਝੱਟ ਡਾਂਟ ਝਿੜਕ ਵੀ ਲੈਂਦੀ ਸੀ।

ਮੈਨੂੰ ਉਸ ਬਾਰੇ ਕਾਫੀ ਕੁਝ ਮੇਰੀ ਸੱਸ ਨੇ ਦੱਸਿਆ। ਮੇਰੀ ਸਾਲੇਹਾਰ ਦੇ ਸੱਤਵੇਂ ਮਹੀਨੇ 'ਚ ਬੱਚਾ ਪੈਦਾ ਹੋਇਆ ਸੀ। ਸਮੇਂ ਤੋਂ ਪਹਿਲਾਂ ਜਨਮ ਹੋਣ ਕਾਰਨ ਬੱਚਾ ਕਾਫੀ ਕਮਜ਼ੋਰ ਸੀ, ਜਿਸ ਕਾਰਨ ਡਾਕਟਰਾਂ ਨੇ ਪਿਛਲੇ ਇਕ ਮਹੀਨੇ ਤੋਂ ਉਸ ਨੂੰ ਮਸ਼ੀਨ 'ਚ ਰੱਖਿਆ ਹੋਇਆ ਸੀ।

'ਲੈ ਭੈਣੇ ਇਹ ਤਾਂ ਮੇਰੀ ਵੀ ਮਾਂ ਨਿਕਲੀ, ਕੂੜੇ ਆਹ ਦੇਖ ਖਾਂ..। ਲੈ ਇਹਨੂੰ ਦੱਸੋ ਕੌਣ ਸਮਝਾਏ, ਫੋਟ, ਬੱਚੇ ਕੰਨੀਂ ਪਿੱਠ ਕਰੀ ਪਈ ਐ..।' ਮੈਂ ਧੌਣ ਘੁਮਾ ਕੇ ਉਧਰ ਦੇਖਿਆ ਤਾਂ ਉਹ ਤਿੰਨ ਨੰਬਰ ਬੈਡ 'ਤੇ ਪਈ ਇਕ ਕੁੜੀ ਨੂੰ ਝਿੜਕ ਰਹੀ ਸੀ। 'ਨੀ ਤੈਨੂੰ ਜਵਾਕ ਜੰਮੇ ਨੂੰ ਅਜੇ ਦਸ ਦਿਨ ਨ੍ਹੀਂ ਹੋਏ ਤੇ ਤੂੰ ਹੁਣੇ ਈ ਪਿੱਠ ਫੇਰ ਕੇ ਪੈਣ ਲੱਗਗੀ। ਹੈਅ! ਤੈਨੂੰ ਅਕਲ ਨ੍ਹੀਂ ਸਿਖਾਈ ਤੇਰੀ ਮਾਂ ਜਾਂ ਸੱਸ ਨੇ ਜੈ ਵੱਢੀਏ। ਮਾਵਾਂ ਤਾਂ ਸਾਰੀ ਉਮਰ ਨ੍ਹੀਂ ਆਪਣੀ ਔਲਾਦ ਕੰਨੀਂ ਪਿੱਠ ਫੇਰਦੀਆਂ।' ਉਹ ਬਿਨਾਂ ਦਮ ਲਏ ਬੋਲੀ ਜਾ ਰਹੀ ਸੀ।

ਮੈਂ ਦੇਖਿਆ ਬੈਡ 'ਤੇ ਲੇਟੀ ਕੁੜੀ ਨੇ ਦਬਾਦਬ ਪਾਸਾ ਪਰਤ ਲਿਆ ਤੇ ਨਵੇਂ ਜਨਮੇ ਬਾਲ ਨੂੰ ਢਿੱਡ ਨਾਲ ਲਾ ਲਿਆ।

'ਆਂਟੀ ਅੱਖ ਲੱਗ ਗਈ ਸੀ ਪਤਾ ਨ੍ਹੀਂ ਲੱਗਾ।' ਕੁੜੀ ਨੇ ਮੁਜਰਮਾਂ ਵਾਂਗ ਆਪਣਾ ਗੁਨਾਹ ਕਬੂਲ ਕਰ ਲਿਆ ਸੀ।

'ਆਉਣ ਦੇ ਤੇਰੀ ਮਾਂ ਨੂੰ ਮੈਂ ਖੜਕਾਊਂ ਕੰਨ ਉਹਦੇ..।' ਉਹ ਬੋਲਦੀ ਅੱਗੇ ਵਧ ਗਈ।

'ਦੇਖ ਲੈ ਪੁੱਤ, ਸਾਰਾ ਦਿਨ ਇਉਂ ਹੀ ਫਿਰਦੀ ਰਹਿੰਦੀ ਐ ਜਿਵੇਂ ਦਾਖਲ ਮਰੀਜ਼ ਤੇ ਉਨ੍ਹਾਂ ਦੇ ਨਾਲ ਦੇ ਇਹਦੇ ਸਕੇ ਸਬੰਧੀ ਹੀ ਹੋਈਏ। ਇੰਨਾ ਮੋਹ ਵੀ ਕੋਈ ਕਰ ਸਕਦੈ ਕਿਸੇ ਪਰਾਏ ਨੂੰ।' ਨਾਲ ਦੇ ਬੈਡ 'ਤੇ ਮਰੀਜ਼ ਕੋਲ ਬੈਠੀ ਇਕ ਬੁੱਢੀ ਔਰਤ ਮੈਨੂੰ ਕਹਿਣ ਲੱਗੀ। ਮੈਂ 'ਹਾਂ ਜੀ' ਕਿਹਾ ਤਾਂ ਉਹ ਦੱਸਣ ਲੱਗੀ, 'ਇਹਦੀ ਗੱਲ ਦਾ ਕੋਈ ਬੁਰਾ ਨਹੀਂ ਮਨਾਉਂਦਾ। ਜਦੋਂ ਨਵਾਂ ਮਰੀਜ਼ ਆਉਂਦੈ ਤਾਂ ਉਸ ਨੂੰ ਥੋੜ੍ਹਾ ਔਖਾ ਤਾਂ ਲੱਗਦੈ ਪਰ ਇਕ ਦੋ ਦਿਨਾਂ 'ਚ ਬੁਰਾ ਮਨਾਉਣੋਂ ਹਟ ਜਾਂਦੈ?'

'ਹਾਂ ਭੈਣੇ, ਜਦੋਂ ਮੈਂ ਨਵੀਂ ਆਈ ਸੀ ਇਥੋਂ ਤਾਂ ਮੈਨੂੰ ਵੀ ਇਹਦੇ ਬੋਲ ਰੁੱਖੇ ਲੱਗੇ। ਟੁੱਟ ਕੇ ਪੈ ਜਾਂਦੀ ਸੀ ਉਦੋਂ ਤਾਂ। ਹੁਣ ਮਿੱਠਾ ਬੋਲਦੀ ਹੈ। ਕਹੂ 'ਤੂੰ ਸਿਆਣੀ ਐ ਭੈਣੇ। ਸਾਰਾ ਕੁਝ ਸਾਫ ਰੱਖਦੀ ਐਂ। ਮੇਰੇ ਕੀ ਦਿਮਾਗ 'ਚ ਨੁਕਸ ਐ ਕਿ ਮੈਂ ਐਵੇਂ ਮਾੜਾ ਬੋਲੀ ਜਾਵਾਂ।'

'ਹਾਂ ਭਾਈ ਇਹਨੇ ਵਿਚਾਰੀ ਨੇ ਕੀ ਲੈਣੇ ਜੇ ਕੋਈ ਖੁਸ਼ੀ ਨਾਲ ਦਸ ਵੀਹ ਰੁਪਏ ਦੇ ਦਿੰਦੇ ਤਾਂ ਫੜ ਲੈਂਦੀ ਐ। ਨਾਲੇ ਫਾਇਦਾ ਵੀ ਤਾਂ ਕਿੰਨਾ ਕਰਦੀ ਐ।'

ਇੰਨੇ ਨੂੰ ਇਕ ਨਰਸ ਨੇ ਆ ਕੇ ਟੈਸਟ ਕਰਾ ਕੇ ਲਿਆਉਣ ਦੀ ਹਦਾਇਤ ਉਸ ਨੂੰ ਕੀਤੀ ਤਾਂ ਉਹ ਗੱਲਾਂ ਵਿਚਾਲੇ ਛੱਡ ਉਸ ਦੇ ਮਗਰ ਤੁਰ ਪਈ ਸੀ।

ਮੇਰੀ ਸੱਸ ਉਸ ਦੀਆਂ ਕਿੰਨਾ ਚਿਰ ਗੱਲਾਂ ਕਰਦੀ ਰਹੀ। ਅਖੇ ਅਜੇ ਸਾਨੂੰ ਇਥੇ ਆਇਆਂ ਤੀਜਾ ਦਿਨ ਹੋਇਆ ਸੀ ਜਦੋਂ ਰੋਟੀ ਖਾ ਰਹੇ ਸਨ ਤਾਂ ਉਤੋਂ ਆ ਗਈ ਇਹ। ਕਹਿੰਦੀ, 'ਭਾਈ, ਰੋਟੀ ਹੋਟਲ ਤੋਂ ਕਿਉਂ ਲਿਆਂਦੀ? ਇਥੇ ਦੋ ਟਾਈਮ ਗੁਰਦੁਆਰੇ ਦੇ ਲੰਗਰ ਵਾਲਾ ਕੈਂਟਰ ਆਉਂਦੈ। ਤਾਜ਼ੀ ਦਾਲ ਰੋਟੀ, ਚਾਹ ਪਾਣੀ ਸਭ ਕੁਝ ਹੁੰਦੈ। ਇਹ ਹੋਟਲ ਵਾਲੇ ਨੰਗ ਕਰ ਦੇਣਗੇ ਚਾਰ ਦਿਨਾਂ 'ਚ। ਜਾਣ ਲੱਗਿਆਂ ਥੋੜ੍ਹੀ ਬਹੁਤ ਲੰਗਰ ਲਈ ਦਾਨ ਦੀ ਸੇਵਾ ਕਰ ਜਾਣਾ, ਹੋਰ ਕੀ।'

ਇਉਂ ਉਹ ਨਵੇਂ ਆਏ ਮਰੀਜ਼ ਦੇ ਨਾਲਦਿਆਂ ਨੂੰ ਆਪੇ ਆ ਕੇ ਕਹੀ ਜਾਊ 'ਭਾਈ ਟੈਸਟ ਬਾਹਰੋਂ ਨਾ ਕਰਵਾਇਓ ਲੈਬਾਰਟਰੀ ਵਾਲਿਆਂ ਤੋਂ। ਅੰਦਰ ਪਿੱਛੇ ਸਰਕਾਰੀ ਲੈਬਾਰਟਰੀ ਐ, ਉਥੇ ਕਈ ਟੈਸਟ ਬਿਲਕੁਲ ਮੁਫਤ ਹੁੰਦੇ ਨੇ ਤੇ ਕਈ ਬਹੁਤ ਹੀ ਘੱਟ ਰੇਟਾਂ 'ਤੇ।' ਤੇ ਕਦੇ ਕਿਸੇ ਨੂੰ ਆਖਦੀ, 'ਦਵਾਈਆਂ ਆਹ ਅੰਦਰ ਸਰਕਾਰੀ ਦੁਕਾਨ ਐ ਜਨ ਐਸ਼ਧੀ ਵਾਲੀ, ਉਥੋਂ ਲਿਆਇਆ ਕਰੋ। ਮਿਲ ਜਾਂਦੀਆਂ ਸਾਰੀਆਂ ਦਵਾਈਆਂ ਉਥੋਂ ਵਾਜਬ ਰੇਟਾਂ 'ਤੇ।' ਬੱਚਿਆਂ ਦੇ ਨੈਪਕਿਨ, ਕੱਪੜੇ, ਤੌਲੀਏ ਆਦਿ ਦੀਆਂ ਦੁਕਾਨਾਂ ਬਾਰੇ ਵੀ ਉਹ ਦੱਸ ਦਿੰਦੀ ਕਿ ਫਲਾਣੀ ਦੁਕਾਨ 'ਤੇ ਘੱਟ ਮੁੱਲ ਲਾਉਂਦੇ ਐ, ਫਲਾਣਾ ਦੁਕਾਨ ਵਾਲਾ ਤਾਂ ਛਿੱਲ ਪੁੱਟ ਲੈਂਦਾ ਹੈ।

ਅਜਿਹੀ ਗੱਲਾਂ ਕਾਰਨ ਮੇਰੀ ਉਸ ਔਰਤ 'ਚ ਦਿਲਚਸਪੀ ਹੋਰ ਵਧ ਗਈ ਸੀ। ਮਨ 'ਚ ਉਸ ਬਾਰੇ ਅਨੇਕਾਂ ਸਵਾਲ ਤੈਰਦੇ, ਉਸ ਬਾਰੇ ਜਾਣਨ ਲਈ। ਤੇ ਇਸ ਵਾਰ ਮੈਂ ਵੀ ਪੱਕਾ ਮਨ ਬਣਾ ਲਿਆ ਕਿ ਉਸ ਬਾਰੇ ਸਾਰਾ ਕੁਝ ਜਾਣ ਕੇ ਹੀ ਰਹਾਂਗਾ। ਆਖਰ ਉਹ ਔਰਤ ਹੈ ਕੌਣ?

******

ਹਸਪਤਾਲ 'ਚ ਮੇਰਾ ਛੇਵਾਂ ਚੱਕਰ ਹੈ ਅੱਜ। ਇਕ ਖੁਸ਼ੀ ਹੈ ਸਾਰਿਆਂ ਨੂੰ। ਨਵੇਂ ਜਨਮੇ ਬੱਚੇ ਨੂੰ ਅੱਜ ਕਰੀਬ ਚਾਲੀ ਦਿਨਾਂ ਬਾਅਦ ਛੁੱਟੀ ਮਿਲਣੀ ਸੀ। ਮੇਰੇ ਮਨ 'ਚ ਇਕ ਹੋਰ ਚਾਅ ਕੁੱਦ ਰਿਹਾ ਸੀ ਉਸ ਔਰਤ ਬਾਰੇ। ਮੈਂ ਉਸ ਨੂੰ ਮਿਲਾਂਗਾ। ਉਸ ਬਾਰੇ ਉਸ ਨਾਲ ਗੱਲਾਂ ਕਰਾਂਗਾ ਤੇ ਸੁਣਾਂਗਾ ਕਿ ਆਖਰ ਉਹ ਹੈ ਕੌਣ।

ਹਸਪਤਾਲ 'ਚ ਕਾਗਜ਼ ਪੱਤਰਾਂ ਦੀ ਸਾਰੀ ਕਾਰਵਾਈ ਪੂਰੀ ਹੋ ਚੁੱਕੀ ਸੀ। ਨਿੱਕ ਸੁੱਕ ਸਾਂਭ ਜਾਣ ਦੀ ਤਿਆਰੀ 'ਚ ਸਾਂ। ਨਜ਼ਰਾਂ ਨੇ ਸਾਰਾ ਵਾਰਡ ਛਾਣ ਮਾਰਿਆ, ਪਰ ਉਹ ਕਿਤੇ ਵਿਖਾਈ ਨਹੀਂ ਸੀ ਦੇ ਰਹੀ। ਮੈਂ ਵਾਰਡ 'ਚੋਂ ਨਿਕਲ ਨਾਲ ਦੇ ਵਾਰਡਾਂ 'ਚ ਦੇਖ ਆਇਆ, ਪਰ ਉਸ ਦਾ ਕਿਤੇ ਨਾਮੋ ਨਿਸ਼ਾਨ ਨਹੀਂ ਸੀ। ਮੇਰਾ ਮਨ ਉਦਾਸ ਹੋ ਗਿਆ ਸੀ। ਉਦਾਸੀ ਦੇ ਵੇਗ 'ਚ ਉਸ ਬਾਰੇ ਸੋਚਦਾ ਬਾਹਰਲੇ ਗੇਟ ਕੋਲ ਆ ਗਿਆ ਸਾਂ। ਸਕਿਉਰਿਟੀ ਗਾਰਡ ਵੱਲ ਨਜ਼ਰ ਪੈਂਦੇ ਹੀ ਮੈਂ ਉਸ ਕੋਲ ਜਾ ਉਹਦੇ ਬਾਰੇ ਗੱਲ ਕਰੀ ਤਾਂ ਉਹ ਬੋਲਿਆ ਕਿ ਅਸੀਂ ਤਾਂ ਆਪ ਇਕ ਹਫਤੇ ਤੋਂ ਉਸ ਦੀ ਉਡੀਕ ਕਰ ਰਹੇ ਹਾਂ।

ਮੈਂ ਜਦੋਂ ਉਸ ਦੇ ਘਰ ਬਾਰੇ, ਉਸ ਦੇ ਪਰਵਾਰ ਬਾਰੇ ਪੁੱਛਿਆ ਤਾਂ ਉਸ ਕਿਹਾ, 'ਇੰਨਾ ਤਾਂ ਮੈਨੂੰ ਨਹੀਂ ਪਤਾ ਕਿ ਉਹ ਕੌਣ ਸੀ, ਪਰ ਜਿਸ ਦਿਨ ਦੀ ਉਹ ਨਹੀਂ ਆਈ ਹਸਪਤਾਲ ਸੁੰਨ ਸੁੰਨਾ ਲੱਗ ਰਿਹੈ।'

ਉਦਾਸ ਲਹਿਜੇ 'ਚ ਉਸ ਜਵਾਬ ਦਿੱਤਾ। ਵਾਪਸ ਪਰਤਦਿਆਂ ਜਿਵੇਂ ਮੇਰੇ ਕਦਮ ਵੀ ਭਾਰੀ-ਭਾਰੀ ਹੋ ਗਏ ਹੋਣ।

# ਹਲਕਾ ਫੁਲਕਾ

ਦੋ ਕੁੜਮ ਆਪਸ ਵਿੱਚ ਬੈਠ ਕੇ ਦਾਰੂ ਪੀ ਰਹੇ ਸਨ।

ਪਹਿਲਾ, "ਤੇਰਾ ਪੈੱਗ ਬਣਾ ਦੇਵਾਂ?"

ਦੂਜਾ, "ਬਣਾ ਦੇ, ਅੱਜ ਤਾਂ ਪੈੱਗ ਮਾਰ ਕੇ ਹੀ ਸੌਂਵਾਂਗਾ।"

ਪਹਿਲਾ, "ਪਾਣੀ ਕਿੰਨਾ ਪਾਵਾਂ?"

ਦੂਜਾ, "ਬਿਲਕੁਲ ਨਹੀਂ, ਅਸੀਂ ਧੀ ਦੇ ਘਰ ਦਾ ਪਾਣੀ ਨਹੀਂ ਪੀਂਦੇ।"

*********

ਕਮਲ, "ਡਾਕਟਰ ਸਾਹਿਬ, ਮੈਨੂੰ ਰਾਤ ਨੂੰ ਬਹੁਤ ਬੁਰੇ-ਬੁਰੇ ਸੁਫਨੇ ਆਉਂਦੇ ਹਨ।"

ਡਾਕਟਰ, "ਤੂੰ ਸੁਫਨੇ 'ਚ ਕੀ ਦੇਖਦਾ ਹੈਂ?"

ਕਮਲ, "ਇਹੀ ਕਿ ਮੈਂ ਘੋੜਾ ਬਣ ਗਿਆ ਹਾਂ ਅਤੇ ਘਾਹ ਖਾਣ ਲੱਗਾ ਹਾਂ।"

ਡਾਕਟਰ, "ਇਸ 'ਚ ਪ੍ਰੇਸ਼ਾਨੀ ਦੀ ਕਿਹੜੀ ਗੱਲ ਹੈ, ਸੁਫਨਾ ਹੀ ਤਾਂ ਹੈ।"

ਕਮਲ, "ਪ੍ਰੇਸ਼ਾਨੀ ਦੀ ਗੱਲ ਤਾਂ ਹੈ, ਕਿਉਂਕਿ ਸਵੇਰ ਦੇ ਸਮੇਂ ਜਦੋਂ ਮੈਂ ਉਠਦਾ ਹਾਂ ਤਾਂ ਕਦੇ ਚਾਦਰ ਖਾ ਚੁੱਕਾ ਹੁੰਦਾ ਹਾਂ, ਕਦੇ ਸਿਰਹਾਣਾ ਤਾਂ ਕਦੇ ਚਟਾਈ।"

*********

ਹਨੀ, "ਮੈਂ ਤੈਅ ਕੀਤਾ ਸੀ ਕਿ ਸਿੱਕਾ ਉਛਾਲਾਂਗਾ, ਜੇ ਟੇਲ ਆਈ ਤਾਂ ਸਕੂਲ ਜਾਵਾਂਗਾ ਅਤੇ ਹੈਡ ਆਇਆ ਤਾਂ ਸਿਨੇਮਾ ਦੇਖਣ ਜਾਵਾਂਗਾ।"

ਰੰਜਨ, "...ਤਾਂ ਫਿਰ ਕੀ 'ਹੈਡ' ਆਇਆ?"

ਹਨੀ, "ਹਾਂ, ਪਰ ਇਸ 'ਹੈੱਡ' ਲਈ ਸੱਤ ਵਾਰ ਸਿੱਕਾ ਉਛਾਲਣਾ ਪਿਆ।"


## Machine Operators Required

ਇਸ ਐਂਟਰੀ ਲੈਵਲ ਜੌਬ ਨਾਲ ਆਪਣੀ ਟੈਕਨੀਕਲ ਮੁਹਾਰਤ ਵਿੱਚ ਵਾਧਾ ਕਰੋ ਅਤੇ ਇਸ ਕੰਮ ਦਾ ਤਜ਼ਰਬਾ ਪ੍ਰਾਪਤ ਕਰੋ।

- ਕਿਸੇ ਕਿਸਮ ਦੇ ਪਹਿਲੇ ਤਜ਼ਰਬੇ ਦੀ ਲੋੜ ਨਹੀਂ
- ਅਸੀਂ ਤੁਹਾਨੂੰ ਪੂਰੀ ਟਰੇਨਿੰਗ ਦਿਆਂਗੇ
- ਪੱਕੇ ਘੰਟਿਆਂ ਵਾਲਾ ਪੱਕਾ ਕੰਮ

**Duties & Responsibilities**

- Assemble, load and unload production parts
- lifting up to 20 lbs
- Operate on 2-3 CNC machines at one time.
- Use mechanical attitude to troubleshoot and maintain different machine

Pay Rate: $15 - $16 per hour

To apply send resume to aisha@wemovepeople.co

ਕੈਨੇਡੀਅਨ ਪੰਜਾਬੀ ਪੋਸਟ

Award winning news paper | Canadian Punjabi Post

# CLASSIFIEDS

Starting at just $10

ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202

## IN HOME CAREGIVER

Required In-Home Caregiver For Elderly and Disabled Person. Must Be fluent in English and Punjabi. Great salary and flexible hours. Free of cost live in room and meals included.

Please send resume at: mandeep.karwal@gmail.com or Drop a Call: 647-649-8100

## ਨੈਨੀ ਦੀ ਜ਼ਰੂਰਤ

ਅਬਨੀਜ਼ਰ ਅਤੇ ਗੋਰ ਦੇ ਏਰੀਏ ਵਿਚ ਕੁਕਿੰਗ ਅਤੇ ਕਲੀਨਿੰਗ ਲਈ ਅਤੇ 2 ਬੱਚਿਆਂ ਦੀ ਸਾਂਭ ਸੰਭਾਲ ਲਈ ਜੋ ਕੇ 4 ਅਤੇ 5 ਸਾਲ ਦੇ ਹਨ, ਸਕੂਲ ਜਾਂਦੇ ਹਨ, ਲਈ ਨੈਨੀ ਦੀ ਜਰੂਰਤ ਹੈ। ਆਪਣਾ ਟਰਾਂਸਪੋਟੇਸ਼ਨ ਹੋਣਾ ਅਤੇ ਪੀ ਆਰ ਦਾ ਹੋਣਾ ਜ਼ਰੂਰੀ ਹੈ। ਕੰਮ ਸ਼ਾਮ ਨੂੰ 2:30 ਤੋਂ 7:30 ਤੱਕ ਸੋਮਵਾਰ ਤੋਂ ਸ਼ੁਕਰਵਾਰ ਤੱਕ ਹੋਵੇਗਾ। ਜ਼ਿਆਦਾ ਜਾਣਕਾਰੀ ਲਈ ਦਿੱਤੇ ਨੰ. 'ਤੇ ਸੰਪਰਕ ਕੀਤਾ ਜਾ ਸਕਦਾ ਹੈ।

416-648-2455

## AZ ਡਰਾਇਵਰਾਂ ਦੀ ਲੋੜ ਹੈ

"New Drivers are welcome"

- ਵਧੀਆ ਤਨਖਾਹ
- ਆਟੋਪਾਰਟਸ ਲਈ
- ਆਟੋਮੈਟਿਕ ਟੱਰਕ

ਸਿੰਗਲ ਡਰਾਇਵਰ ਦੀ U.S.A ਲਈ ਲੋੜ ਹੈ ਤੇ ਟੀਮ ਡਰਾਇਵਰਾਂ ਦੀ Texas ਲਈ ਡੇਡੀਕੇਟਡ ਰਨ ਲਈ ਲੋੜ ਹੈ

416.904.0715 | 647.456.8520

## City Translogistics Co.

ਨੂੰ ਡਰਾਈਵਰਾਂ ਦੀ ਲੋੜ ਹੈ

– City ਲਈ $20/hour

– USA ਵਿੱਚ Pennsylvania, Maryland ਲਈ ਵਧੀਆ ਤਨਖਾਹ, ਵਧੀਆ ਮਾਹੋਲ ।

ਜਿਆਦਾ ਜਾਣਕਾਰੀ ਲਈ: 647-632-1742

## RESIDENTIAL - COMMERCIAL PROPERTY - INDUSTRIAL

For all your Real Estate Need Call 416.262.2600

Email: karampunian@gmail.com

KARAM SINGH PUNIAN

Sales Representative

HomeLife Maple Leaf Realty Ltd. 80 Eastern Ave, Brampton, ON Tel: 905.456.9090

HOMELIFE SILVERCITY Realty Inc. Brokerage

Kulwinder Chhina

SALES REPRESENTATIVE

647.293.2327

www.Kulwinderchhina.com

## PESTAGON Ltd

PEST CONTROL SERVICES

* RESIDENTIAL * COMMERCIAL

LICENCED BY GOVERNMENT

INSURED & BONDED

EVERY SERVICE WITH WARRANTY

SERVING GTA

CALL: 905-463-2153

Ants, Wasp, Centepede, Fleas, Bed Bugs

## JOBS! JOBS! JOBS! JOBS!

ਜੇ ਤੁਸੀਂ ਨੌਕਰੀ ਦੀ ਭਾਲ ਕਰ ਰਹੇ ਹੋ ਸਾਡੇ ਨਾਲ ਸੰਪਰਕ ਕਰੋ

D&S Deol and Song Inc.

Available Positions for full time and part time

General Labour, Order Picking, Assembly Work, Drivers, Forklift & Raymond, Packaging, Reach Operators, Wood Workers, Quality Control, Machine Operators, Office Work, Helpers

Contact Us

P: 905-847-8821 Ext 152

E: customerservice@d-n-s.ca

W: www.d-n-s.ca

Good Hourly Salary

7290 Major Mackenzie Drive Kleinberg, Ont. L0J 1C0

## V4U LOGISTIC INC.

Delivering "Satisfaction"... On Time ...Every Time

# NOW HIRING

## A/Z Drivers Needed

For Canada To US Runs

- General Freight
- Yard to Yard Work
- Up to 3500 miles/wk
- 2 Yr. Exp
- Clear CVOR & Abstract

For Owner Operator upto $1.62/mile

USA Driver $0.60/mile | Canada wide $0.50/mile

- Disability Insurance
- Travel Insurance
- Medical Benefits
- Dental Benefits

ਪਰਗਟ ਸਿੰਘ ਨੂੰ ਫੋਨ ਕਰੋ: 416-625-3096

ਟਰੱਕ ਮਕੈਨਿਕ ਦੀ ਵੀ ਲੋੜ ਹੈ

## A/Z ਡਰਾਈਵਰ ਅਤੇ ਉਨਰ ਅਪਰੇਟਰਾਂ ਦੀ ਲੋੜ

CAN TRUCK ਨੂੰ ਟੋਰਾਂਟੋ ਤੋਂ ਮੋਨਟ੍ਰੀਅਲ, ਵਿਨੀਪੈਗ, ਕੈਲਗਰੀ, ਵੈਨਕੂਵਰ ਅਤੇ ਟੋਰਾਂਟੋ ਤੋਂ USA, Michigan ਲਈ A/Z ਡਰਾਈਵਰਾਂ ਅਤੇ ਉਨਰ ਅਪਰੇਟਰਾਂ ਦੀ ਲੋੜ ਹੈ।

ਸਿਟੀ ਡਰਾਈਵਰ ਦੀ ਵੀ ਤੁਰੰਤ ਲੋੜ ਹੈ

- Everyday dedicated run
- Single driver : 600-2000 miles
- Team driver : 5500miles/weel for USA
- Yard to Yard work
- Per miles : $1.45
- Driver Rate : 48 cents

Call Jagtar Raman : (647) 292-5757 (905) 595-0408

## MANN RENOVATION

ਘਰਾਂ ਦੀ ਰੈਨੋਵੇਸ਼ਨ ਜਿਵੇਂ ਬੇਸਮੈਂਟ ਬਨਾਉਣੀ, ਸਾਈਡ ਐਂਟਰੈਂਸ, ਵਾਸ਼ਰੂਮ ਬਨਾਉਣਾ, ਟਾਇਲਾਂ ਦਾ ਕੰਮ, ਕੰਕਰੀਟ ਆਦਿ । ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦਾ ਇਲੈਕਟ੍ਰੀਕਲ ਕੰਮ, ਪਲੰਬਿੰਗ ਦਾ ਕੰਮ ਕਰਵਾਉਣ ਲਈ ਕਾਲ ਕਰੋ :

416 839 0647, 905-598-4640

## GF1 Security Jobs - Security Guard Training - Licensing

Job Guaranteed after completion of the training

Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ

■ Ministry of Community Safety and Correctional Services approved. ■ We speak English, Hindi, Punjabi &Urdu. ■ Training by Professional Instructors. First Aid & CPR certification included. ■ Limited time offer:$199/-

We Also Provide All Level's of First Aid & CPR Training

- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers

H.O: 1332 Khalsa Dr.,Unit 3,2nd Floor,Mississauga, L5S1W5 (Near Dixie Gurdwara) 647-710-7760 Email: info@gf1security.com

1085 Bellamy Rd (N) Unit #210 Scarbrough (Toronto) 647-929-7736 Web: www.gf1security.com

REVIVE EMS · CANADIAN RED CROSS Training Partner

# ਸਲਮਾਨ ਨੇ ਸ਼ੂਟ ਕੀਤਾ ਜੋਖਿਮ ਵਾਲਾ ਦ੍ਰਿਸ਼

ਪਿਛਲੇ ਕੁਝ ਦਿਨਾਂ ਤੋਂ ਸਲਮਾਨ ਖਾਨ ਦਾ ਨਾਂਅ ਕੇਵਲ ਇੱਕ ਫਿਲਮ ਲਈ ਲਿਆ ਜਾ ਰਿਹਾ ਹੈ ਅਤੇ ਉਹ ਹੈ 'ਭਾਰਤ'। ਇਸ ਫਿਲਮ ਬਾਰੇ ਸਲਮਾਨ ਖੁਦ ਇੰਨੇ ਜ਼ਿਆਦਾ ਉਤਸੁਕ ਹਨ ਕਿ ਛੋਟੇ ਤੋਂ ਛੋਟਾ ਪਹਿਲੂ ਵੀ ਦੇਖਭਾਲ ਕਰ ਕੇ ਫਾਈਨਲ ਕਰ ਰਹੇ ਹਨ। ਇਹੀ ਨਹੀਂ, ਬਾਲੀਵੁੱਡ ਦਾ ਇਹ ਸਟਾਰ ਆਪਣੀ ਫਿਲਮ ਦੇ ਲਈ ਕੋਈ ਵੀ ਜੋਖਿਮ ਚੁੱਕਣ ਨੂੰ ਤਿਆਰ ਨਹੀਂ ਹੈ। ਇਸੇ ਤਹਿਤ ਸਲਮਾਨ ਨੇ ਪਿਛਲੇ ਦਿਨੀਂ ਮੌਤ ਦੇ ਖੂਹ ਦਾ ਦ੍ਰਿਸ਼ ਦੀ ਸ਼ੂਟਿੰਗ ਕੀਤੀ। ਡਾਇਰੈਕਟਰ ਅਲੀ ਅੱਬਾਸ ਇਸ ਸ਼ੂਟ ਦੇ ਫੋਟੋ ਜੰਪ ਸ਼ੋਸ਼ਲ ਮੀਡੀਆ ਅਕਾਊਂਟ 'ਤੇ ਜਾਰੀ ਕੀਤੇ ਹਨ। ਇਸ ਵਿੱਚ ਸਲਮਾਨ ਖਾਨ ਖੁਦ ਮੌਤ ਦੇ ਖੂਹ ਵਿੱਚ ਮੋਟਰ ਸਾਈਕਲ ਚਲਾਉਂਦੇ ਦਿਖਾਈ ਦੇ ਰਹੇ ਹਨ। ਫਿਲਮ ਵਿੱਚ ਦ੍ਰਿਸ਼ ਇੱਕ ... ਸਰਕਸ ਦਾ ਹੈ।



ਡਾਇਰੈਕਟਰ ਅਨੁਸਾਰ, 'ਇਹ ਮੇਰੇ ਜੀਵਨ ਦਾ ਸਭ ਤੋਂ ਮਹੱਤਵ ਪੂਰਨ ਦ੍ਰਿਸ਼ ਹੈ, ਜਿਸ ਨੂੰ ਮੁੰਬਈ ਵਿੱਚ ਸ਼ੂਟ ਕੀਤਾ ਗਿਆ। ਮੁੰਬਈ ਦੀ ਫਿਲਮ ਸਿਟੀ ਵਿੱਚ ਟੀਮ ਨੇ ਸਰਕਸ ਦਾ ਪੂਰਾ ਸੈੱਟ ਬਣਾਇਆ ਸੀ।' ਅਲੀ ਅੱਬਾਸ ਨੇ ਫੋਟੋ ਪੋਸਟ ਕਰ ਕੇ ਲਿਖਿਆ, "ਜੋਖਿਮ ਵਾਲੇ ਮੌਤ ਦਾ ਖੂਹ ਦ੍ਰਿਸ਼ ਦੀ ਸ਼ੂਟਿੰਗ ਪੂਰੀ ਹੋ ਗਈ, ਜੋ ਮੇਰੇ ਜੀਵਨ ਦਾ ਸਭ ਤੋਂ ਰੋਮਾਂਚਕ ਐਕਸ਼ਨ ਦ੍ਰਿਸ਼ ਹੈ। 'ਭਾਰਤ' ਦੇ ਲਈ ਉੱਤਰ ਪ੍ਰਦੇਸ਼ ਦੇ ਸਟੰਟ ਰਾਈਡਰਸ ਅਤੇ ਸਲਮਾਨ ਖਾਨ ਨੇ ਇਹ ਸ਼ੂਟ ਪੂਰਾ ਕੀਤਾ।" ਫਿਲਮ ਵਿੱਚ ਦਿਸ਼ਾ ਪਟਾਨੀ ਵੀ ਕੰਮ ਕਰ ਰਹੀ ਹੈ ਤੇ ਸਲਮਾਨ ਨਾਲ ਉਸ ਦੀ ਇਹ ਪਹਿਲੀ ਫਿਲਮ ਹੈ।

# 'ਮੀਰਾ' ਬਣ ਕੇ ਪਰਤੀ ਸਵਰਾ



ਪਿੱਛੇ ਜਿਹੇ ਸਵਰਾ ਭਾਸਕਰ ਆਪਣੀ ਵੈਬ ਸੀਰੀਜ਼ 'ਇਟਸ ਨੌਟ ਦੈਟ ਸਿੰਪਲ' ਦੇ ਦੂਜੇ ਸੀਜਨ ਨੂੰ ਲਾਂਚ ਦੌਰਾਨ ਪਹੁੰਚੀ। ਇਸ ਵਿੱਚ ਉਹ ਇੱਕ ਵਾਰ ਫਿਰ ਮੀਰਾ ਨਾਂਅ ਦੀ ਔਰਤ ਦੇ ਰੋਲ ਹੋਵੇਗੀ, ਜੋ ਵਿਆਹੁਤਾ ਜੀਵਨ ਤੋਂ ਨਾਖੁਸ਼ ਹੈ ਤੇ ਆਪਣੇ ਸਕੂਲ ਰੀਯੂਨੀਅਨ ਵਿੱਚ ਆਪਣੇ ਸਾਬਕਾ ਪ੍ਰੇਮੀ ਨਾਲ ਮਿਲਣ ਪਿੱਛੋਂ ਉਸ ਨਾਲ ਅਫੇਅਰ ਸ਼ੁਰੂ ਹੋ ਜਾਂਦਾ ਹੈ।

ਸਵਰਾ ਅਨੁਸਾਰ ਇਸ ਸ਼ੋਅ ਨੂੰ ਕਰਨ ਤੋਂ ਬਾਅਦ ਕਈ ਮੁੱਦਿਆਂ ਬਾਰੇ ਉਸ ਦੀ ਅੱਖ ਖੁੱਲ੍ਹੀ ਹੈ। ਉਹ ਕਹਿੰਦੀ ਹੈ, "ਮੈਂ ਅਣਜਾਣੇ 'ਚ ਕਿੰਨੇ ਹੀ ਰਵਾਇਤੀ ਵਿਚਾਰਾਂ 'ਤੇ ਯਕੀਨ ਕੀਤਾ ਹੈ। ਮੈਨੂੰ ਨਾਰੀ ਹੋਣ 'ਤੇ ਮਾਣ ਰਿਹਾ ਹੈ, ਪਰ ਜਦੋਂ ਮੈਂ ਮੀਰਾ ਦਾ ਰੋਲ ਪੜ੍ਹਿਆ ਤਾਂ ਮੈਂ ਇਹ ਸੋਚਿਆ ਸੀ ਕਿ ਉਹ ਕਿੰਨੀ ਕਰੈਕਟਰਲੈਸ ਹੈ, ਫਿਰ ਮੈਨੂੰ ਅਹਿਸਾਸ ਹੋਇਆ ਕਿ ਤੁਸੀਂ ਹਰ ਮੁੱਦੇ ਨੂੰ ਇੱਕੋ ਨਜ਼ਰੀਏ ਨਾਲ ਨਹੀਂ ਦੇਖ ਸਕਦੇ। ਹਰ ਸਿੱਕੇ ਦੇ ਦੋ ਪਹਿਲੂ ਹੁੰਦੇ ਹਨ, ਤੁਹਾਨੂੰ ਦੂਜੇ ਉੱਤੇ ਵੀ ਗੌਰ ਕਰਨਾ ਚਾਹੀਦਾ ਹੈ। ਇਸ ਸ਼ੋਅ ਨੂੰ ਕਰ ਕੇ ਮੈਨੂੰ ਇੱਕ ਐਕਟਰ ਤੇ ਇਨਸਾਨ ਦੇ ਰੂਪ ਵਿੱਚ ਵਿਕਾਸ ਕਰਨ ਦਾ ਮੌਕਾ ਮਿਲਿਆ ਹੈ।"

# ਪਿਆਰ ਦੀ ਕੋਈ ਹੱਦ ਨਹੀਂ : ਹੁਮਾ

ਹੁਮਾ ਕੁਰੈਸ਼ੀ ਸਮਲਿੰਗੀਆਂ ਦੇ ਹਿੱਤਾਂ ਦੇ ਪੱਖ 'ਚ ਖੁੱਲ੍ਹ ਕੇ ਬੋਲਣ ਵਾਲੀਆਂ ਕੁਝ ਕੁ ਬਾਲੀਵੁੱਡ ਅਭਿਨੇਤਰੀਆਂ 'ਚੋਂ ਇੱਕ ਹੈ। ਉਸ ਦਾ ਕਹਿਣਾ ਹੈ ਕਿ ਪਿਆਰ ਕਿਸੇ ਵੀ ਲਿੰਗ ਤੱਕ ਸੀਮਿਤ ਨਹੀਂ ਅਤੇ ਇਹ ਚੁਣਨਾ ਹਰ ਵਿਅਕਤੀ ਦਾ ਅਧਿਕਾਰ ਹੈ ਕਿ ਉਹ ਕਿਸ ਨਾਲ ਪਿਆਰ ਕਰਨਾ ਚਾਹੁੰਦਾ ਹੈ। ਹੁਮਾ ਨੇ ਕਿਹਾ, "ਮੈਂ ਹਮੇਸ਼ਾ ਆਜ਼ਾਦੀ ਵਿੱਚ ਵਿਸ਼ਵਾਸ ਕੀਤਾ ਹੈ ਅਤੇ ਇਸ ਵਿੱਚ ਕਿਸੇ ਵਿਅਕਤੀ ਦੇ ਸਾਥੀ ਨੂੰ ਚੁਣਨ ਦਾ ਅਧਿਕਾਰ ਵੀ ਸ਼ਾਮਲ ਹੈ ਕਿ ਉਹ ਕਿਸ ਨਾਲ ਪਿਆਰ ਕਰਨਾ ਚਾਹੁੰਦੀ ਹੈ। ਮੈਂ ਐੱਲ ਜੀ ਬੀ ਟੀ ਗਰੁੱਪ ਦਾ ਸਮਰਥਨ ਕਰਦੀ ਹਾਂ, ਕਿਉਂਕਿ ਪਿਆਰ ਸੁਤੰਤਰ ਹੈ ਅਤੇ ਕਿਸੇ ਵੀ ਲਿੰਗ ਤੱਕ ਹੀ ਸੀਮਿਤ ਨਹੀਂ ਹੈ।" ਉਸ ਨੇ ਕਿਹਾ, "ਮੈਂ ਅਕਸਰ ਨਾਗਰਿਕ ਆਜ਼ਾਦੀ ਅਤੇ ਬਰਾਬਰ ਅਧਿਕਾਰਾਂ ਬਾਰੇ ਬਹੁਤ ਦ੍ਰਿੜ੍ਹਤਾ ਨਾਲ ਗੱਲ ਕੀਤੀ ਹੈ।"

ਪਿਛਲੇ ਦਿਨੀਂ ਉਸ ਨੇ ਦਿੱਲੀ 'ਚ ਹੋਏ ਲੋਟਸ ਮੇਕਅਪ ਇੰਡੀਆ ਫੈਸ਼ਨ ਵੀਕ 'ਚ ਐੱਲ ਜੀ ਬੀ ਟੀ ਫਿਰਕੇ ਦੇ ਸਮਰਥਨ ਵਿੱਚ ਰੈਂਪ ਵਾਕ ਕੀਤਾ ਸੀ। ਕੁਝ ਛੋਟੀਆਂ ਫਿਲਮਾਂ ਤੋਂ ਬਾਅਦ ਹੁਮਾ ਨੂੰ 2012 ਵਿੱਚ ਅਨੁਰਾਗ ਕਸ਼ਯਪ ਦੀ ਥ੍ਰਿਲਰ ਫਿਲਮ 'ਗੈਂਗਸ ਆਫ ਵਾਸੇਪੁਰ 2' ਨਾਲ ਲੋਕਪ੍ਰਿਅਤਾ ਮਿਲੀ ਸੀ। ਇਸ ਪਿੱਛੋਂ 'ਲਵ ਸ਼ਵ ਤੇ ਚਿਕਨ ਖੁਰਾਣਾ', 'ਏਕ ਥੀ ਡਾਇਣ', 'ਡੇਢ ਇਸ਼ਕੀਆ' ਅਤੇ 'ਜੌਲੀ ਐੱਲ ਐੱਲ ਬੀ 2' ਵਰਗੀਆਂ ਫਿਲਮਾਂ ਵਿੱਚ ਨਜ਼ਰ ਆ ਚੁੱਕੀ ਹੈ।



# ਹਰ ਰੋਲ ਦੀ ਤਿਆਰੀ ਅਲੱਗ : ਰਾਧਿਕਾ ਆਪਟੇ

ਹਾਲ ਹੀ ਆਏ ਮੀ ਟੂ ਦੇ ਸੈਲਾਬ ਨੇ ਫਿਲਮ ਇੰਡਸਟਰੀ ਸਮੇਤ ਪੂਰੇ ਦੇਸ਼ ਨੂੰ ਚੌਂਕਾ ਦਿੱਤਾ। ਫਿਲਮ ਜਗਤ ਦੀਆਂ ਕਈ ਮਹਿਲਾਵਾਂ ਆਪਣੇ ਨਾਲ ਹੋਏ ਯੌਨ ਸ਼ੋਸ਼ਣ ਨੂੰ ਲੈ ਕੇ ਸਾਹਮਣੇ ਆਈਆਂ। ਕੁਝ ਸੈਲੀਬ੍ਰਿਟੀਜ਼ ਨੇ ਇਸ ਨੂੰ ਸਪੋਰਟ ਵੀ ਕੀਤਾ, ਉਥੇ ਕੁਝ 'ਤੇ ਦੋਸ਼ ਵੀ ਲੱਗੇ। ਅਭਿਨੇਤਰੀ ਰਾਧਿਕਾ ਆਪਟੇ ਇਸ ਮੀ ਟੂ ਮੂਵਮੈਂਟ ਤੋਂ ਕਾਫੀ ਖੁਸ਼ ਹੈ ਅਤੇ ਹਾਲ ਹੀ ਵਿੱਚ ਉਸ ਨੇ ਇਸ 'ਤੇ ਖੁੱਲ੍ਹ ਗੱਲਬਾਤ ਕੀਤੀ। ਪੇਸ਼ ਹਨ ਉਸੇ ਗੱਲਬਾਤ ਦੇ ਕੁਝ ਅੰਸ਼ :

* ਮੀ ਟੂ ਮੂਵਮੈਂਟ ਵਿੱਚ ਅੱਜਕੱਲ੍ਹ ਕੁਝ ਠਹਿਰਾਅ ਆ ਗਿਆ ਹੈ। ਇੰਡੀਆ ਵਿੱਚ ਤੁਸੀਂ ਇਸ ਮੂਵਮੈਂਟ ਨੂੰ ਕਿੱਥੇ ਤੋਂ ਕਿੱਥੇ ਤੱਕ ਜਾਂਦੇ ਹੋਏ ਦੇਖਣਾ ਚਾਹੁੰਦੇ ਹੋ?

– ਮੇਰੀ ਇੱਛਾ ਹੈ ਕਿ ਇਸ ਵਿੱਚ ਕੁਝ ਅਜਿਹਾ ਸਿਸਟੇਮੈਟਿਕ ਤਰੀਕਾ ਨਿਕਲੇ, ਜੋ ਦੂਰ ਤੱਕ ਆਪਣਾ ਪ੍ਰਭਾਵ ਛੱਡੇ। ਇਹ ਬਹੁਤ ਵਧੀਆ ਗੱਲ ਹੈ ਕਿ ਅੱਜ ਲੋਕ ਇਸ ਦੇ ਬਾਰੇ ਗੱਲ ਕਰ ਰਹੇ ਹਨ, ਇਹ ਬਹੁਤ ਜ਼ਰੂਰੀ ਚੀਜ਼ ਹੈ। ਮੈਨੂੰ ਇਸ ਗੱਲ ਦੀ ਬਹੁਤ ਖੁਸ਼ੀ ਹੈ ਕਿ ਇਸ ਦੇ ਨਾਲ ਇੰਨੇ ਸਮੇਂ ਤੋਂ ਦੱਬੀਆਂ ਚੀਜ਼ਾਂ ਨਿਕਲ ਕੇ ਸਾਰਿਆਂ ਦੇ ਸਾਹਮਣੇ ਆ ਰਹੀਆਂ ਹਨ। ਇਸੇ ਤਰ੍ਹਾਂ ਨਾਲ ਸਮਾਜ ਵਿੱਚ ਜਾਗਰੂਕਤਾ ਲਿਆਉਣ ਵਿੱਚ ਮਦਦ ਮਿਲੇਗੀ।

* ਤੁਸੀਂ ਇੰਨੀਆਂ ਫਿਲਮਾਂ ਕਰ ਲਈਆਂ ਹਨ, ਤਾਂ ਅਜੇ ਕਿਸ ਤਰ੍ਹਾਂ ਦਾ ਕਰੈਕਟਰ ਪਲੇਅ ਕਰਨਾ ਬਾਕੀ ਹੈ?

– ਬਹੁਤ ਸਾਰੇ ਕਿਰਦਾਰ ਬਾਕੀ ਹਨ। ਤੁਸੀਂ ਜਿੰਨਾ ਸੋਚਦੇ ਹੋ, ਉਸ ਤੋਂ ਕਈ ਲੱਖ ਗੁਣਾ ਵੱਧ ਸੰਭਾਵਨਾਵਾਂ ਹੁੰਦੀਆਂ ਹਨ। ਮੈਂ ਉਸੇ ਤਰ੍ਹਾਂ ਸੋਚਦੀ ਹਾਂ, ਪਰ ਦੇਖਦੀ ਹਾਂ ਕਿ ਕੀ ਆਉਂਦਾ ਹੈ। ਮੇਰੇ ਕੋਲ ਕੋਈ ਇੱਕ ਡ੍ਰੀਮ ਕਰੈਕਟਰ ਨਹੀਂ ਹੈ, ਪਰ ਜੋ ਆਉਂਦਾ ਹੈ, ਉਹ ਮੈਂ ਕਰਦੀ ਜਾਂਦੀ ਹਾਂ।

* ਤੁਹਾਡੀਆਂ ਫਿਲਮਾਂ ਵਿੱਚ ਹਮੇਸ਼ਾ ਕੁਝ-ਨਾ-ਕੁਝ ਲੀਕ ਤੋਂ ਹਟ ਕੇ ਹੁੰਦਾ ਹੈ। ਸਕ੍ਰਿਪਟ ਪੜ੍ਹਦੇ ਸਮੇਂ ਤੁਹਾਡੇ ਦਿਮਾਗ ਵਿੱਚ ਕੀ ਚੱਲ ਰਿਹਾ ਹੁੰਦਾ ਹੈ?

–ਅਜਿਹਾ ਕੁਝ ਵੀ ਨਹੀਂ ਕਿ ਮੈਂ ਫਿਲਮ ਸਾਈਨ ਕਰਨ ਤੋਂ ਪਹਿਲਾਂ ਮੂਡ ਬਣਾ ਕੇ ਜਾਂਦੀ ਹਾਂ। ਕੋਈ ਵੀ ਪ੍ਰੋਜੈਕਟ ਮੇਰੇ ਲਈ ਆਕਰਸ਼ਕ ਅਤੇ ਥੋੜ੍ਹਾ ਚੁਣੌਤੀ ਪੂਰਨ ਹੋਣਾ ਚਾਹੀਦਾ ਹੈ। ਬਾਕੀ ਮੈਂ ਕੋਈ ਕ੍ਰਾਈਟੇਰੀਆ ਨਹੀਂ ਬਣਾ ਕੇ ਨਹੀਂ ਜਾਂਦੀ ਕਿ ਇਸ ਤਰ੍ਹਾਂ ਦੀ ਫਿਲਮ ਕਰਨੀ ਹੈ। ਫਿਲਮ ਵਿੱਚ ਮੇਰੇ ਰੋਲ ਦੀ ਲੰਬਾਈ, ਲੈਂਗਵੇਜ ਤੇ ਪਲੇਟਫਾਰਮ ਮੇਰੇ ਲਈ ਖਾਸ ਮਾਇਨੇ ਨਹੀਂ ਰੱਖਦੇ। ਮੈਂ ਇਨ੍ਹਾਂ ਚੀਜ਼ਾਂ ਦੇ ਬਾਰੇ ਜ਼ਿਆਦਾ ਸੋਚਦੀ ਨਹੀਂ। ਕਿਸੇ ਫਿਲਮ ਦੀ ਸ਼ਰਤ ਵੀ ਨਹੀਂ ਰੱਖਦੀ ਹਾਂ।

* ਅਲੱਗ ਪਲੇਟਫਾਰਮ ਦੀ ਗੱਲ ਕਰੀਏ ਤਾਂ ਤੁਸੀਂ ਨੈਟਫਲਿਕਸ 'ਤੇ ਵੀ ਲਗਾਤਾਰ ਨਜ਼ਰ ਆਉਂਦੇ ਰਹਿੰਦੇ ਹੋ। ਕੀ ਫਰਕ ਮਹਿਸੂਸ ਕਰਦੇ ਹੋ ਫੀਚਰ ਫਿਲਮ ਅਤੇ ਵੈਬ ਸੀਰੀਜ਼ ਵਿੱਚ?

– ਇੱਕ ਐਕਟਰ ਦੇ ਰੂਪ ਵਿੱਚ ਤਾਂ ਮੈਨੂੰ ਕੁਝ ਵੀ ਅਲੱਗ ਨਹੀਂ ਲੱਗਦਾ। ਉਂਝ ਇਹ ਸਵਾਲ ਤੁਹਾਨੂੰ ਸੈਫ ਜਾਂ ਨਵਾਜ਼ ਨੂੰ ਕਰਨਾ ਚਾਹੀਦਾ ਹੈ ਕਿਉਂਕਿ ਉਨ੍ਹਾਂ ਨੇ ਅੱਠ ਘੰਟੇ ਦਾ ਪੂਰਾ ਰੋਲ ਕੀਤਾ ਹੈ ਅਤੇ ਮੇਰਾ ਰੋਲ ਬਹੁਤ ਛੋਟਾ ਜਿਹਾ ਸੀ। ਜੇ ਮੈਨੂੰ ਉਸ ਤਰ੍ਹਾਂ ਦਾ ਰੋਲ ਮਿਲਦਾ ਹੈ ਤਾਂ ਉਹ ਅਲੱਗ ਤਰ੍ਹਾਂ ਦਾ ਤਜਰਬਾ ਹੋਵੇਗਾ। ਅਜੇ ਤੁਸੀਂ 'ਤੇ ਜਾਂਦੇ ਹੋ ਅਤੇ ਸ਼ੂਟ ਕਰਦੇ ਹੋ। ਫਿਰ ਭਾਵੇਂ ਉਹ ਨੈਟਫਲਿਕਸ 'ਤੇ ਆਏ ਜਾਂ ਫਿਰ ਥੀਏਟਰ ਵਿੱਚ ਆਏ, ਇਸ ਨਾਲ ਕੋਈ ਫਰਕ ਨਹੀਂ ਪੈਂਦਾ।

* ਇਸ ਮਹੀਨੇ ਤੁਹਾਡੀਆਂ ਦੋ-ਦੋ ਫਿਲਮਾਂ ਰਿਲੀਜ਼ ਹੋਈਆਂ ਹਨ। ਲਗਾਤਾਰ ਫਿਲਮਾਂ ਆਉਂਦੀਆਂ ਹਨ, ਤਾਂ ਕਿਹੋ ਜਿਹਾ ਲੱਗਦਾ ਹੈ?

– ਬੇਸ਼ੱਕ, ਜਦ ਤੁਹਾਡੀਆਂ ਫਿਲਮਾਂ ਬੈਕ ਟੂ ਬੈਕ ਰਿਲੀਜ਼ ਹੁੰਦੀਆਂ ਹਨ ਤਾਂ ਕਾਫੀ ਚੰਗਾ ਲੱਗਦਾ ਹੈ। ਜੇ ਤੁਹਾਡੀਆਂ ਦੋ ਅਲੱਗ-ਅਲੱਗ ਟਾਈਪ ਦੀਆਂ ਫਿਲਮਾਂ ਇੱਕੋ ਮਹੀਨੇ ਆਉਂਦੀਆਂ ਹਨ ਤਾਂ ਉਸ ਦਾ ਫਾਇਦਾ ਵੀ ਮਿਲਦਾ ਹੈ, ਪਰੰਤੂ ਮੇਰਾ ਮੰਨਣਾ ਇਹ ਹੈ ਕਿ ਦੋ ਫਿਲਮਾਂ ਦੇ ਵਿੱਚ ਬ੍ਰੇਕ ਵੀ ਮਿਲਣਾ ਚਾਹੀਦਾ ਹੈ, ਤਾਂ ਕਿਸੇ ਵੀ ਚੀਜ਼ ਦੀ ਅਤਿ ਵੀ ਨਾ ਹੋ ਜਾਏ।


* ਆਪਣੇ ਅੰਦਰ ਕੀ ਅਲੱਗ ਦੇਖਦੇ ਹੋ, ਜੋ ਦੂਸਰਿਆਂ ਦੇ ਮੁਕਾਬਲੇ ਤੁਹਾਨੂੰ ਲੀਕ ਤੋਂ ਹਟ ਕੇ ਰੋਲ ਦਿਵਾਉਂਦਾ ਹੈ?

– ਅਜਿਹਾ ਕੁਝ ਨਹੀਂ ਹੈ। ਮੇਰੀਆਂ ਕਈ ਦੋਸਤ ਹਨ, ਜੋ ਨੈਟਫਲਿਕਸ ਦੀ ਨਵੀਂ ਸੀਰੀਜ਼ ਵਿੱਚ ਨਜ਼ਰ ਆ ਰਹੀਆਂ ਹਨ। ਉਹ ਅਮੇਜਨ ਅਤੇ ਦੂਸਰੇ ਪਲੇਟਫਾਰਮ 'ਤੇ ਨਜ਼ਰ ਆ ਰਹੀਆਂ ਹਨ ਕਿਉਂਕਿ ਮੈਂ ਪਹਿਲੀ ਸੀਰੀਜ਼ ਵਿੱਚ ਸੀ, ਇਸ ਲਈ ਮੇਰੇ ਬਾਰੇ ਵਿੱਚ ਇਸ ਤਰ੍ਹਾਂ ਦੀਆਂ ਗੱਲਾਂ ਹੋ ਰਹੀਆਂ ਹਨ। ਬਾਕੀ ਅਜਿਹਾ ਕੁਝ ਵੀ ਨਹੀਂ ਹੈ।



Action Kitchen & Bath Inc
MANUFACTURE OF FINE CUSTOM KITCHEN AND BATH VANITIES
BUY DIRECT FROM THE FACTORY AND SAVE
ਬਹੁਤ ਹੀ ਘੱਟ ਰੇਟ ਤੇ ਆਪਣੀ ਕਿਚਨ ਬਣਵਾਉ
SPECIAL DISCOUNT FOR CONTRACTORS
Custom Kitchen & Vanities • Granite Countertops
Complete Kitchen & Bathroom Renovations
3D Computer Design
We will beat any written quote by 10%
Call for FREE In-Home Estimate
905-799-7277 or 1-800-536-2480
Mon - Fri : 9am to 6pm Sat: 11am - 4pm
Sun: APPOINTMENT ONLY
actionkitchen@live.ca
www.actionkitchen.ca
8 Starthern Ave, Unit 1 & 2, Brampton (South of Steeles facing Dixie)







BEST CANADIAN TRUCK & FORKLIFT TRAINING CENTRE
Registered as a Private Career College Under the Private Career Colleges Act. 2005
* AZ Tractor Trailer Program
* Manual Transmission & Backup Training Everyday
* We Welcome Welfare & Workers Compensation Clients
**SPECIAL** Forklift Re-Certification Only $69
Cell: 416-670-3173
Tell: 905-799-7333
Open 7 Days
27-B Edvac Drive, Brampton, ON L6S 5X8





Karnail Singh



# ਖੇਡ ਤੇ ਖਿਡਾਰੀ

## ਕੋਹਲੀ ਤੇ ਬੁੰਮਰਾਹ ਇਕ ਦਿਨਾਂ ਰੈਂਕਿੰਗ 'ਚ ਚੋਟੀ 'ਤੇ



ਨਵੀਂ ਦਿੱਲੀ, 13 ਨਵੰਬਰ (ਪੋਸਟ ਬਿਊਰੋ): ਭਾਰਤੀ ਕਪਤਾਨ ਵਿਰਾਟ ਕੋਹਲੀ ਅਤੇ ਤੇਜ਼ ਗੇਂਦਬਾਜ਼ ਜਸਪ੍ਰੀਤ ਬੁਮਰਾਹ ਨੇ ਮੰਗਲਵਾਰ ਨੂੰ ਇੱਥੇ ਜਾਰੀ ਆਈ.ਸੀ.ਸੀ. ਰੈਂਕਿੰਗ 'ਚ ਕ੍ਰਮਵਾਰ ਬੱਲੇਬਾਜ਼ਾਂ ਅਤੇ ਗੇਂਦਬਾਜ਼ਾਂ ਦੀ ਸੂਚੀ 'ਚ ਆਪਣਾ ਚੋਟੀ ਦਾ ਸਥਾਨ ਬਰਕਰਾਰ ਰਖਿਆ ਹੈ। ਕੋਹਲੀ 899 ਅੰਕਾਂ ਦੇ ਨਾਲ ਚੋਟੀ 'ਤੇ ਬਰਕਰਾਰ ਹਨ ਜਦਕਿ ਸੀਮਿਤ ਓਵਰਾਂ ਦੇ ਭਾਰਤੀ ਉਪ ਕਪਤਾਨ ਰੋਹਿਤ ਸ਼ਰਮਾ ਦੂਜੇ ਸਥਾਨ 'ਤੇ ਕਾਇਮ ਹਨ। ਰੋਹਿਤ ਦੇ ਸਲਾਮੀ ਜੋੜੀਦਾਰ ਸ਼ਿਖਰ ਧਵਨ ਬੱਲੇਬਾਜ਼ਾਂ ਦੀ ਸੂਚੀ 'ਚ ਚੋਟੀ ਦੇ 10 'ਚ ਸ਼ਾਮਲ ਇਕ ਹੋਰ ਭਾਰਤੀ ਹਨ। ਉਹ ਅੱਠਵੇਂ ਸਥਾਨ 'ਤੇ ਹਨ। ਉਨ੍ਹਾਂ ਨੂੰ ਇਕ ਸਥਾਨ ਦਾ ਫਾਇਦਾ ਹੋਇਆ ਹੈ।

ਸਾਬਕਾ ਭਾਰਤੀ ਕਪਤਾਨ ਮਹਿੰਦਰ ਸਿੰਘ ਧੋਨੀ 20ਵੇਂ ਸਥਾਨ 'ਤੇ ਹਨ। ਗੇਂਦਬਾਜ਼ਾਂ ਦੀ ਸੂਚੀ 'ਚ ਬੁਮਰਾਹ 841 ਅੰਕਾਂ ਦੇ ਨਾਲ ਪਹਿਲੇ ਸਥਾਨ 'ਤੇ ਹਨ। ਕੁਲਦੀਪ ਯਾਦਵ ਅਤੇ ਯੁਜਵੇਂਦਰ ਚਾਹਲ ਨੂੰ ਵੀ 10 'ਚ ਜਗ੍ਹਾ ਮਿਲੀ ਹੈ। ਕੁਲਦੀਪ ਜਿੱਥੇ ਤੀਜੇ ਸਥਾਨ 'ਤੇ ਕਾਇਮ ਹਨ ਜਦਕਿ ਚਾਹਲ ਤਿੰਨ ਸਥਾਨ ਦੇ ਫਾਇਦੇ ਨਾਲ ਪੰਜਵੇਂ ਸਥਾਨ 'ਤੇ ਪਹੁੰਚ ਗਏ ਹਨ। ਅਫਗਾਨਿਸਤਾਨ ਦੇ ਰਾਸ਼ਿਦ ਖਾਨ 353 ਅੰਕਾਂ ਦੇ ਨਾਲ ਫਿਲਹਾਲ ਦੁਨੀਆ ਦੇ ਚੋਟੀ ਦੇ ਆਲਰਾਊਂਡਰ ਹਨ। ਟੀਮ ਰੈਂਕਿੰਗ 'ਚ ਭਾਰਤ 121 ਅੰਕ ਦੇ ਨਾਲ ਇੰਗਲੈਂਡ (126 ਅੰਕ) ਦੇ ਬਾਅਦ ਦੂਜੇ ਸਥਾਨ 'ਤੇ ਬਣਿਆ ਹੋਇਆ ਹੈ।

## ਮਹਿਲਾ ਵਿਸ਼ਵ ਕੱਪ ਟੀ20: ਪਾਕਿ ਨੇ ਆਇਰਲੈਂਡ ਨੂੰ ਹਰਾਇਆ



ਗਯਾਨਾ, 13 ਨਵੰਬਰ (ਪੋਸਟ ਬਿਊਰੋ): ਪਾਕਿਸਤਾਨ ਤੇ ਆਇਰਲੈਂਡ ਵਿਚਾਲੇ ਆਈ. ਸੀ. ਸੀ. ਮਹਿਲਾ ਟੀ-20 ਵਿਸ਼ਵ ਕੱਪ ਕ੍ਰਿਕਟ ਟੂਰਨਾਮੈਂਟ ਦਾ ਮੁਕਾਬਲਾ ਮੰਗਲਵਾਰ ਨੂੰ ਗਯਾਨਾ 'ਚ ਖੇਡਿਆ ਗਿਆ। ਪਾਕਿਸਤਾਨ ਨੇ ਟਾਸ ਜਿੱਤ ਕੇ ਪਹਿਲਾਂ ਬੱਲੇਬਾਜ਼ੀ ਕਰਨ ਦਾ ਫੈਸਲਾ ਕੀਤਾ ਸੀ। ਪਹਿਲਾਂ ਬੱਲੇਬਾਜ਼ੀ ਕਰਦੇ ਹੋਏ ਪਾਕਿਸਤਾਨ ਦੀ ਟੀਮ ਨੇ 140 ਦੌੜਾਂ ਦਾ ਟੀਚਾ ਦਿੱਤਾ। ਜਵਾਬ 'ਚ ਟੀਚੇ ਦਾ ਪਿੱਛਾ ਕਰਨ ਉਤਰੀ ਆਇਰਲੈਂਡ ਦੀ ਟੀਮ 20 ਓਵਰਾਂ 'ਚ 101 ਦੌੜਾਂ ਹੀ ਬਣਾ ਸਕੀ ਤੇ ਪਾਕਿਸਤਾਨ ਨੇ ਇਹ ਮੈਚ 38 ਦੌੜਾਂ ਨਾਲ ਜਿੱਤ ਲਿਆ।




ਪਾਕਿਸਤਾਨ ਦੀ ਕਪਤਾਨ ਜਾਵੇਰੀਆ ਖਾਨ ਨੇ ਸ਼ਾਨਦਾਰ ਪਾਰੀ ਖੇਡਦਿਆ ਹੋਇਆ ਜੇਤੂ 74 ਦੌੜਾਂ ਦਾ ਯੋਗਦਾਨ ਦਿੱਤਾ, ਜਿਸ 'ਚ 11 ਚੌਕੇ ਸ਼ਾਮਲ ਹਨ।

## ਕਸ਼ਿਅਪ ਨੇ ਕੀਤੀ ਹਾਂਗਕਾਂਗ ਓਪਨ 'ਚ ਜੇਤੂ ਸ਼ੁਰੂਆਤ

ਕੋਵਲੂਨ, 13 ਨਵੰਬਰ (ਪੋਸਟ ਬਿਊਰੋ): ਰਾਸ਼ਟਰਮੰਡਲ ਖੇਡਾਂ ਦੇ ਸਾਬਕਾ ਚੈਂਪੀਅਨ ਪਾਰੂਪੱਲੀ ਕਸ਼ਿਅਪ ਨੇ ਹਾਂਗਕਾਂਗ ਵਿਸ਼ਵ ਟੂਰ ਸੁਪਰ-500 ਟੂਰਨਾਮੈਂਟ ਵਿੱਚ ਅੱਜ ਇੱਥੇ ਆਪਣੀ ਮੁਹਿੰਮ ਦੀ ਚੰਗੀ ਸ਼ੁਰੂਆਤ ਕਰਦਿਆਂ ਕੁਆਲੀਫਾਈਂਗ ਰਾਊਂਡ ਵਿੱਚ ਚੀਨੀ ਤਾਇਪੈ ਦੇ ਸੂ ਜੇਨ ਹਾਓ ਨੂੰ ਹਰਾਇਆ। ਪਿਛਲੇ ਕੁੱਝ ਸਾਲਾਂ ਵਿੱਚ ਸੱਟਾਂ ਤੋਂ ਪ੍ਰੇਸ਼ਾਨ ਰਹੇ ਕਸ਼ਿਅਪ ਨੇ ਹਾਓ ਨੂੰ ਇੱਕ ਘੰਟੇ ਅਤੇ ਤਿੰਨ ਮਿੰਟ ਚੱਲੇ ਮੁਕਾਬਲੇ ਵਿੱਚ 21-7, 12-21, 21-18 ਨਾਲ ਹਰਾਇਆ। ਮੁੱਖ ਡਰਾਅ ਵਿੱਚ ਥਾਂ ਬਣਾਉਣ ਲਈ ਹੁਣ ਕਸ਼ਿਅਪ ਦਾ ਸਾਹਮਣਾ ਸੱਤਵਾਂ ਦਰਜਾ ਪ੍ਰਾਪਤ ਇੰਡੋਨੇਸ਼ੀਆ ਦੇ ਐਂਥਨੀ ਸਿਨਿਸੁਕਾ ਨਾਲ ਹੋਵੇਗਾ।

ਇਸੇ ਤਰ੍ਹਾਂ ਸਾਤਵਿਕਸਾਈਰਾਜ ਰੰਕੀਰੈਡੀ ਅਤੇ ਅਸ਼ਵਿਨੀ ਪੋਨੱਪਾ ਦੀ ਮਿਕਸਡ ਡਬਲਜ਼ ਜੋੜੀ ਨੇ ਮੁੱਖ ਡਰਾਅ ਵਿੱਚ ਪਹਿਲੇ ਗੇੜ ਦੇ ਸਖ਼ਤ ਮੁਕਾਬਲੇ ਵਿੱਚ ਵੈਂਗ ਚੀ ਲਿਨ ਅਤੇ ਲੀ ਚਿਆ ਸਿਨ ਦੀ ਚੀਨੀ ਤਾਇਪੈ ਦੀ ਜੋੜੀ ਨੂੰ 21-16, 19-21, 21-14 ਨਾਲ ਹਰਾਇਆ। ਸਾਤਵਿਕ ਅਤੇ ਅਸ਼ਵਿਨੀ ਅਗਲੇ ਗੇੜ ਵਿੱਚ ਵੀ ਲੀ ਯਾਂਗ ਅਤੇ ਸੂ ਯਾ ਚਿੰਗ ਦੀ ਚੀਨੀ ਤਾਇਪੈ ਦੀ ਜੋੜੀ ਨਾਲ ਭਿੜਨਗੇ। ਦੁਨੀਆਂ ਦੇ ਛੇਵੇਂ ਨੰਬਰ ਦਾ ਖਿਡਾਰੀ ਰਹਿ ਚੁੱਕਿਆ



ਕਸ਼ਿਅਪ ਗੋਡੇ ਦੀ ਸੱਟ ਕਾਰਨ ਰੀਓ ਓਲੰਪਿਕ 2016 ਦਾ ਸੁਪਨਾ ਟੁੱਟਣ ਮਗਰੋਂ ਤੋਂ ਹੀ ਆਪਣੀਆਂ ਸੱਟਾਂ ਨੂੰ ਲੈ ਕੇ ਕਾਫੀ ਪ੍ਰੇਸ਼ਾਨ ਹੈ ਅਤੇ ਲੈਅ ਹਾਸਲ ਕਰਨ ਲਈ ਜੂਝ ਰਿਹਾ ਹੈ। ਕਸ਼ਿਅਪ ਨੇ ਆਸਟਰੀਆ ਚੈਲੰਜਰ ਜਿੱਤ ਕੇ ਸੈਸ਼ਨ ਦੀ ਚੰਗੀ ਸ਼ੁਰੂਆਤ ਕੀਤੀ, ਪਰ ਉਸ ਨੂੰ ਫਿਰ ਸੱਟਾਂ ਦਾ ਸਾਹਮਣਾ ਕਰਨਾ ਪਿਆ।

ਉਸ ਨੇ ਕਿਹਾ, ''ਸੱਟਾਂ ਕਾਰਨ ਪਿਛਲੇ ਕੁੱਝ ਸਾਲ ਮੁਸ਼ਕਲ ਰਹੇ ਹਨ। ਇਸ ਸਾਲ ਆਸਟਰੀਆ ਓਪਨ ਮਗਰੋਂ ਪੈਰ 'ਤੇ ਸੱਟ ਲੱਗ ਗਈ ਸੀ, ਜਿਸ ਨੂੰ ਠੀਕ ਹੋਣ ਵਿੱਚ ਦੋ ਮਹੀਨੇ ਲੱਗੇ। ਇਸ ਦੌਰਾਨ ਮੈਂ ਲਗਪਗ ਚਾਰ ਟੂਰਨਾਮੈਂਟ ਨਹੀਂ ਖੇਡ ਸਕਿਆ।'' ਸੱਟ ਠੀਕ ਹੋਣ ਮਗਰੋਂ ਕਸ਼ਿਅਪ ਥਾਈਲੈਂਡ ਓਪਨ ਵਿੱਚ ਖੇਡਿਆ, ਪਰ ਫਿਰ ਉਸ ਨੂੰ ਇੱਕ ਹੋਰ ਸੱਟ ਲੱਗਣ ਕਾਰਨ ਤਿੰਨ ਮਹੀਨੇ ਲਈ ਆਰਾਮ ਕਰਨਾ ਪਿਆ।

## ਇੰਗਲੈਂਡ ਦੀਆਂ ਕੁੜੀਆਂ ਨੇ ਬੰਗਲਾਦੇਸ਼ ਨੂੰ 7 ਵਿਕਟਾਂ ਨਾਲ ਹਰਾਇਆ

ਗ੍ਰਾਸ ਆਈਲੇਟ, 13 ਨਵੰਬਰ (ਪੋਸਟ ਬਿਊਰੋ): ਕ੍ਰਿਸਟੀ ਗਾਰਡਨ (16 ਦੌੜਾਂ 'ਤੇ 3 ਵਿਕਟਾਂ) ਦੀ ਗੇਂਦਬਾਜ਼ੀ ਦੀ ਬਦੌਲਤ ਇੰਗਲੈਂਡ ਨੇ ਇੱਥੇ ਆਈ. ਸੀ. ਸੀ. ਮਹਿਲਾ ਟੀ-20 ਵਿਸ਼ਵ ਕੱਪ ਵਿਚ ਬੰਗਲਾਦੇਸ਼ ਨੂੰ ਡਕਵਰਥ ਲੂਈਸ ਨਿਯਮ ਤਹਿਤ 7 ਵਿਕਟਾਂ ਨਾਲ ਹਰਾਇਆ।

ਬੰਗਲਾਦੇਸ਼ ਨੇ ਪਹਿਲਾਂ ਬੱਲੇਬਾਜ਼ੀ ਕਰਦਿਆਂ ਨਿਰਧਾਰਤ ਓਵਰਾਂ ਵਿਚ 9 ਵਿਕਟਾਂ 'ਤੇ 79 ਦੌੜਾਂ ਬਣਾਈਆਂ। ਟੀਮ ਵਲੋਂ ਤਿੰਨ ਬੱਲੇਬਾਜ਼ਾਂ ਹੀ



ਸਿਰਫ ਦਹਾਈ ਦੇ ਅੰਕੜੇ ਤੱਕ ਪਹੁੰਚ ਸਕੀਆਂ। ਇੰਗਲੈਂਡ ਮਹਿਲਾ ਕ੍ਰਿਕਟ ਟੀਮ ਨੂੰ ਖਰਾਬ ਮੌਸਮ ਕਾਰਨ 16 ਓਵਰਾਂ ਵਿਚ 64 ਦੌੜਾਂ ਦਾ ਟੀਚਾ ਮਿ-ਲਆ, ਜਿਸ ਨੂੰ ਉਸ ਨੇ 9.3 ਓਵਰਾਂ ਵਿਚ 3 ਵਿਕਟਾਂ ਗੁਆ ਕੇ ਹਾਸਲ ਕਰ ਲਿਆ।

NEED A LAWYER ??
Red Seal NOTARY
KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization



BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

ਮੂੰਹੋ ਬੋਲਦੀ ਦੀ Kitchen and Washroom ਬਣਵਾਓ

Pearson
Kitchen & Cabinet

Free Estimate
We Specialize in granite, quartz & marble countertops






We Specialize In:
100% Satisfaction On Time
- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor

ਬਹੁਤ ਘੱਟ ਰੇਟ ਤੇ ਸਮੇਂ ਸਿਰ ਕੰਮ
Call Vikramjit Sangha: 416-200-0931
Special Discount for Contractors | Buy Direct From The Factory
271 - Glidden Rd. Unit#5, Brampton (Kennedy&Glidden)

Dr. Randhawa Dentistry




Your own dentist who really cares for you

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist
New Patients welcome
Deal Directly with all Insurance Companies

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111




INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!



FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

SimConnect
FREIGHT MANAGEMENT
HIRING OWNER OPERATORS FOR LAREDO TX & MIDWEST LANES
ਡਰਾਈਵਰਾਂ ਤੇ ਓਨਰ ਅਪਰੇਟਰਾਂ ਦੀ ਲੋੜ
Owner Operator up to 1.65 Per miles
Company Drivers :
Solo/Team : upto .65 Cents Per Mile



Sim Connect Freight Management
24 Hrs Dispatch
Ph: (905)915-1805/(905)799-8822
3380 Airway Dr Mississauga Ontario L4T1V3

